@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज़्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 6 September 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 6 ਸਤੰਬਰ 2024, 21 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 301, qpatrika@gmail.com ਫੋਨ : 9971359517 www.qaumipatrika.org

## ਇੰਜੀਨੀਅਰ ਰਾਸ਼ਿਦ ਦੀ ਜਮਾਨਤ ਪਟੀਸ਼ਨ 'ਤੇ ਹੁਣ 11 ਸਤੰਬਰ ਨੂੰ ਫੈਸਲਾ ਸੁਣਾਏਗੀ ਅਦਾਲਤ

ਨਵੀਂ ਦਿੱਲੀ 5 ਸਤੰਬਰ। ਦਿੱਲੀ ਦੀ ਇਕ ਅਦਾਲਤ ਨੇ ਅੱਤਵਾਦ ਵਿੱਤ ਪੋਸ਼ਣ ਮਾਮਲੇ 'ਚ ਜੇਲ੍ਹ 'ਚ ਬੰਦ ਲੋਕ ਸਭਾ ਮੈਂਬਰ ਇੰਜੀਨੀਅਰ ਰਾਸ਼ਿਦ ਦੀ ਨਿਯਮਿਤ ਜਮਾਨਤ ਪਟੀਸ਼ਨ 'ਤੇ ਆਪਣਾ ਆਦੇਸ਼ ਬੁੱਧਵਾਰ ਨੂੰ 11 ਸਤੰਬਰ ਤੱਕ ਟਾਲ ਦਿੱਤਾ। ਸ਼ੇਖ ਅਬਦੁੱਲ ਰਾਸ਼ਿਦ ਨੂੰ ਇੰਜੀਨੀਅਰ ਰਾਸ਼ਿਦ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਇਸ ਸਾਲ ਦੀ ਸ਼ੁਰੂਆਤ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਉਮਰ ਅਬਦੁੱਲਾ ਨੂੰ ਬਾਰਾਮੂਲਾ ਸੀਟ 'ਤੇ ਹਰਾ ਦਿੱਤਾ ਸੀ। ਐਡੀਸ਼ਨਲ ਸੈਸ਼ਨ ਜੱਜ ਚੰਦਰਜੀਤ ਸਿੰਘ ਨੂੰ ਬੁੱਧਵਾਰ ਨੂੰ ਰਾਸ਼ਿਦ ਦੀ ਜਮਾਨਤ ਪਟੀਸ਼ਨ 'ਤੇ ਆਦੇਸ਼ ਪਾਸ ਕਰਨਾ ਸੀ। ਜੱਜ ਸਿੰਘ ਨੇ ਮਾਮਲੇ ਨੂੰ ਅਗਲੀ ਤਾਰੀਖ ਲਈ ਮੁਲਤਵੀ ਕਰ ਦਿੱਤਾ ਅਤੇ ਕਿਹਾ ਕਿ ਆਦੇਸ਼ ਤਿਆਰ ਨਹੀਂ ਹੈ। ਅਦਾਲਤ ਨੇ 28 ਅਗਸਤ ਨੂੰ ਬੰਦ ਕਮਰੇ 'ਚ ਹੋਈ ਸੁਣਵਾਈ ਦੌਰਾਨ ਪਟੀਸ਼ਨ 'ਤੇ ਦਲੀਲਾਂ ਸੁਣੀਆਂ ਸਨ ਅਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਜੱਜ ਨੇ 20 ਅਗਸਤ ਨੂੰ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੂੰ ਇਕ ਨੋਟਿਸ ਜਾਰੀ ਕੀਤਾ ਸੀ ਅਤੇ ਉਸ ਨੂੰ ਪਟੀਸ਼ਨ 'ਤੇ 28 ਅਗਸਤ ਤੱਕ ਆਪਣਾ ਜਵਾਬ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਅਦਾਲਤ ਨੇ ਤਿਹਾੜ ਜੇਲ੍ਹ 'ਚ ਬੰਦ ਰਾਸ਼ਿਦ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ 5 ਜੁਲਾਈ ਨੂੰ ਪੈਰੋਲ ਦਿੱਤੀ ਸੀ। ਰਾਸ਼ਿਦ ਨੇ ਜੰਮੂ ਕਸ਼ਮੀਰ 'ਚ ਬਾਰਾਮੂਲਾ ਚੋਣ ਖੇਤਰ ਤੋਂ ਲੋਕ ਸਭਾ ਚੋਣ ਜਿੱਤੀ ਸੀ। ਰਾਸ਼ਿਦ 2017 'ਚ ਅੱਤਵਾਦ ਦੇ ਵਿੱਤ ਪੋਸ਼ਣ ਮਾਮਲੇ 'ਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ ਦੇ ਅਧੀਨ ਐੱਨ.ਆਈ.ਏ. ਵਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ 2019 ਤੋਂ ਜੇਲ੍ਹ 'ਚ ਹੈ। ਰਾਸ਼ਿਦ ਦਾ ਨਾਂ ਕਸ਼ਮੀਰੀ ਵਪਾਰੀ ਜਹੂਰ ਵਟਾਲੀ ਖ਼?ਲਾਫ ਜਾਂਚ ਦੌਰਾਨ ਸਾਹਮਣੇ ਆਇਆ ਸੀ। ਵਟਾਲੀ ਨੂੰ ਐੱਨ.ਆਈ.ਏ. ਨੇ ਕਸ਼ਮੀਰ ਘਾਟੀ 'ਚ ਅੱਤਵਾਦੀ ਸੰਗਠਨਾਂ ਅਤੇ ਵੱਖਵਾਦੀਆਂ ਦਾ ਵਿੱਤ ਪੋਸ਼ਣ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਐੱਨ.ਆਈ.ਏ. ਨੇ ਇਸ ਮਾਮਲੇ 'ਚ ਕਸ਼ਮੀਰੀ ਵੱਖਵਾਦੀ ਨੇਤਾ ਯਾਸੀਨ ਮਲਿਕ, ਲਸ਼ਕਰ-ਏ-ਤੋਇਬਾ ਦੇ ਸੰਸਥਾਪਕ ਹਾਫਿਜ ਸਈਅਦ ਅਤੇ ਹਿਜਬੁਲ ਮੁਜਾਹੀਦੀਨ ਦੇ ਸਰਗਨਾ ਸਈਅਦ ਸਲਾਹੁਦੀਨ ਸਮੇਤ ਕਈ ਲੋਕਾਂ ਖ਼?ਲਾਫ ਦੋਸ਼ ਪੱਤਰ ਦਾਖਲ ਕੀਤਾ ਸੀ। ਇਕ ਅਦਾਲਤ ਨੇ ਮਲਿਕ ਨੂੰ 2022 'ਚ ਉਮਰ ਕੈਦ ਦੀ ਸਜਾ ਸੁਣਾਈ ਸੀ।

# ਕੇਜਰੀਵਾਲ ਦੀ ਜਮਾਨਤ 'ਤੇ ਫੈਸਲਾ ਸੁਰੱਖਿਅਤ, ਕੋਈ ਸਬੂਤ ਨਹੀਂ, ਸਿਰਫ ਬਿਆਨ ਹਨ: ਸੁਪਰੀਮ ਕੋਰਟ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 5 ਸਤੰਬਰ। ਦਿੱਲੀ ਸਰਾਬ ਨੀਤੀ ਘਪਲੇ ਮਾਮਲੇ 'ਚ ਗ੍ਰਿਫਤਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜਮਾਨਤ ਪਟੀਸਨ 'ਤੇ ਵੀਰਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਇਸ ਦੌਰਾਨ ਸੀਬੀਆਈ ਅਤੇ ਕੇਜਰੀਵਾਲ ਨੇ ਆਪੋ-ਆਪਣੀਆਂ ਦਲੀਲਾਂ ਪੇਸ ਕੀਤੀਆਂ। ਦੋਵਾਂ ਪੱਖਾਂ ਨੂੰ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਜਮਾਨਤ ਪਟੀਸਨ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਸੁਪਰੀਮ ਕੋਰਟ ਨੇ ਸੰਕੇਤ ਦਿੱਤਾ ਹੈ ਕਿ ਉਹ ਮੰਗਲਵਾਰ ਨੂੰ ਕੇਜਰੀਵਾਲ ਦੀ ਪਟੀਸਨ 'ਤੇ ਜਮਾਨਤ ਅਤੇ ਗ੍ਰਿਫਤਾਰੀ 'ਤੇ ਆਪਣਾ ਫੈਸਲਾ ਦੇਵੇਗੀ। ਪਟੀਸਨ ਵਿੱਚ ਕੇਜਰੀਵਾਲ ਨੇ ਦਿੱਲੀ ਆਬਕਾਰੀ ਨੀਤੀ ਘੁਟਾਲੇ ਵਿੱਚ ਸੀਬੀਆਈ ਵੱਲੋਂ ਆਪਣੀ ਗ੍ਰਿਫਤਾਰੀ ਨੂੰ ਚੁਣੌਤੀ ਦਿੱਤੀ ਹੈ। ਦੱਸ ਦੇਈਏ ਕਿ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਲ ਭੂਈਆ ਦੀ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ। ਇਸ ਦੌਰਾਨ ਕੇਜਰੀਵਾਲ ਦੀ ਤਰਫੋਂ ਸੀਨੀਅਰ ਵਕੀਲ ਅਭਿਸੇਕ ਮਨੂ ਸਿੰਘਵੀ ਪੇਸ ਹੋਏ, ਜਦਕਿ ਸੀਬੀਆਈ ਦੀ ਤਰਫੋਂ ਵਧੀਕ ਸਾਲਿਸਟਰ ਜਨਰਲ ਐੱਸ.ਵੀ. ਰਾਜੂ ਹਾਜਰ ਸਨ। ਸੀਬੀਆਈ ਨੇ ਕੇਜਰੀਵਾਲ ਦੀ ਜਮਾਨਤ ਦਾ ਵਿਰੋਧ



ਕੀਤਾ। ਜਾਂਚ ਏਜੰਸੀ ਨੇ ਕੇਜਰੀਵਾਲ ਦੀ ਜਮਾਨਤ ਖ਼?ਲਾਫ ਅਦਾਲਤ ਵਿੱਚ ਜਵਾਬ ਦਾਖਲ ਕੀਤਾ ਹੈ। ਸੀਬੀਆਈ ਨੇ ਕਿਹਾ ਹੈ ਕਿ ਕੇਜਰੀਵਾਲ ਦੀ ਪਟੀਸਨ ਦਾ ਕੋਈ ਦੱਮ ਨਹੀਂ ਹੈ। ਜਮਾਨਤ ਲਈ ਦੋ ਪਟੀਸਨਾਂ ਦਾਇਰ ਕੀਤੀਆਂ ਗਈਆਂ ਹਨ। ਕੇਜਰੀਵਾਲ ਦੇ ਵਕੀਲ ਸਿੰਘਵੀ ਦਾ ਕਹਿਣਾ ਹੈ ਕਿ ਸਾਡੀ ਪਹਿਲੀ ਪਟੀਸਨ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਦੀ ਹੈ ਜਦਕਿ ਦੂਜੀ ਪਟੀਸਨ ਜਮਾਨਤ ਲਈ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਖ਼?ਲਾਫ ਕੋਈ ਸਬੂਤ ਨਹੀਂ ਹੈ, ਸਿਰਫ ਬਿਆਨ ਹਨ। ਇਸ ਤੋਂ ਪਹਿਲਾਂ ਕੇਜਰੀਵਾਲ ਦੀ ਜਮਾਨਤ ਪਟੀਸਨ ਅਤੇ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸਨਾਂ 'ਤੇ ਸਵਾਲ ਉਠਾਉਂਦੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਉਸ ਨੂੰ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਭ੍ਰਿਸਟਾਚਾਰ ਦੇ ਮਾਮਲੇ ਵਿੱਚ ਜਮਾਨਤ ਲਈ ਪਹਿਲਾਂ ਹੇਠਲੀ ਅਦਾਲਤ ਤੱਕ ਪਹੁੰਚ ਕਰਨੀ ਚਾਹੀਦੀ ਹੈ। ਕੇਜਰੀਵਾਲ ਨੂੰ ਪਹਿਲਾਂ ਈਡੀ ਨੇ ਗ੍ਰਿਫਤਾਰ ਕੀਤਾ ਸੀ ਪਰ ਉਸ ਮਾਮਲੇ ਵਿੱਚ ਜਮਾਨਤ ਮਿਲਣ ਤੋਂ ਬਾਅਦ ਸੀਬੀਆਈ ਨੇ ਉਨ੍ਹਾਂ ਨੂੰ ਜੇਲ੍ਹ ਵਿੱਚੋਂ ਹੀ ਗ੍ਰਿਫਤਾਰ ਕਰ ਲਿਆ ਸੀ।

# ਮਹਾਰਾਸ਼ਟਰ ਦੇ ਹਰੇਕ ਨਾਗਰਿਕ ਤੋਂ ਮੁਆਫੀ ਮੰਗਣ ਮੋਦੀ : ਰਾਹੁਲ

**ਨਵਦੀਪ ਸਿੰਘ ਸਾਹਨੀ**

ਸਾਂਗਲੀ (ਮਹਾਰਾਸਟਰ), 5 ਸਤੰਬਰ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੰਧੂਦੁਰਗ ਜ਼?ਲੇ ਵਿਚ ਛਤਰਪਤੀ ਸ਼?ਵਾਜੀ ਮਹਾਰਾਜ ਦੇ ਬੁੱਤ ਡਿੱਗਣ ਦੀ ਘਟਨਾ ਲਈ ਹੀ ਨਹੀਂ ਸਗੋਂ ਨੋਟਬੰਦੀ, ਕਿਸਾਨ ਵਿਰੋਧੀ ਬਿੱਲਾਂ ਅਤੇ ਜੀ. ਐੱਸ. ਟੀ. ਲਈ ਵੀ ਮੁਆਫੀ ਮੰਗਣੀ ਚਾਹੀਦੀ ਹੈ। ਗਾਂਧੀ ਨੇ ਕਿਹਾ ਕਿ ਮੋਦੀ ਨੂੰ 17ਵੀਂ ਸਦੀ ਦੇ ਮਹਾਨ ਯੋਧਾ ਰਾਜਾ ਛਤਰਪਤੀ ਸ਼?ਵਾਜੀ ਮਹਾਰਾਜ ਦੇ ਉਸ ਅਪਮਾਨ ਲਈ ਮਹਾਰਾਸ਼ਟਰ ਦੇ ਹਰੇਕ ਨਾਗਰਿਕ ਤੋਂ ਮੁਆਫੀ ਮੰਗਣੀ ਚਾਹੀਦੀ ਹੈ, ਜਦੋਂ 26 ਅਗਸਤ ਨੂੰ ਰਾਜਕੋਟ ਦੇ ਕਿਲੇ 'ਚ ਉਨ੍ਹਾਂ ਦਾ ਬੁੱਤ ਢਹਿ ਗਿਆ ਸੀ। ਕਾਂਗਰਸ ਨੇਤਾ ਗਾਂਧੀ ਪਾਰਟੀ ਦੇ ਮਰਹੂਮ ਨੇਤਾ ਪਤੰਗਰਾਓ ਕਦਮ ਦੇ ਆਦਮਕੱਦ ਬੁੱਤ ਦੀ ਘੁੰਡ-ਚੁਕਾਈ ਕਰਨ ਤੋਂ ਬਾਅਦ ਇਥੇ ਇਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਮਹਾਰਾਸਟਰ ਵਿਚ ਸ਼?ਵਾਜੀ ਮਹਾਰਾਜ ਦੇ ਬੁੱਤ ਡਿੱਗਣ ਦੀ ਘਟਨਾ ਨੂੰ ਲੈ ਕੇ ਸੂਬੇ ਦੀ ਭਾਜਪਾ-ਸ਼?ਵ ਸੈਨਾ-ਰਾਕਾਂਪਾ ਸਰਕਾਰ ਦੀ ਆਲੋਚਨਾ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਸੂਬੇ ਦੇ ਆਪਣੇ ਦੌਰੇ ਦੌਰਾਨ ਕਿਹਾ ਸੀ ਕਿ ਉਹ ਮਹਾਨ ਰਾਜਾ, ਆਪਣੇ 'ਦੇਵਤਾ' ਅਤੇ ਉਨ੍ਹਾਂ ਲੋਕਾਂ ਤੋਂ ਮੁਆਫੀ ਮੰਗਦੇ ਹਨ, ਜਿਨ੍ਹਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ



ਹੈ। ਗਾਂਧੀ ਨੇ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਕਿਸ ਗੱਲ ਲਈ ਮੁਆਫੀ ਮੰਗੀ ਹੈ, ਕੀ ਇਸ ਲਈ ਕਿ ਸ਼?ਵਾਜੀ ਦਾ ਬੁੱਤ ਬਣਾਉਣ ਦਾ ਠੇਕਾ ਆਰ. ਐੱਸ. ਐੱਸ. ਦੇ ਇਕ ਅਜਿਹੇ ਵਿਅਕਤੀ ਨੂੰ ਦਿੱਤਾ ਗਿਆ ਸੀ, ਜਿਸ ਕੋਲ ਕੋਈ ਤਜਰਬਾ ਨਹੀਂ ਸੀ ਜਾਂ ਇਸ ਪ੍ਰਕਿਰਿਆ ਵਿਚ ਭ੍ਰਿਸਟਾਚਾਰ ਲਈ। ਕਾਂਗਰਸ ਨੇਤਾ ਗਾਂਧੀ ਨੇ ਕਿਹਾ ਕਿ ਮੋਦੀ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਸਾਰੇ ਠੇਕੇ ਸਿਰਫ 'ਅਡਾਨੀ ਅਤੇ ਅੰਬਾਨੀ' ਨੂੰ ਹੀ ਕਿਉਂ ਦਿੱਤੇ ਜਾਂਦੇ ਹਨ ਅਤੇ ਉਹ ਸਿਰਫ '2 ਵਿਅਕਤੀਆਂ' ਲਈ ਹੀ ਸਰਕਾਰ ਕਿਉਂ ਚਲਾ ਰਹੇ ਹਨ? ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ 'ਕਿਸਾਨ ਵਿਰੋਧੀ ਕਾਨੂੰਨਾਂ' ਲਈ ਮੁਆਫੀ ਨਹੀਂ ਮੰਗੀ ਹੈ, ਜੋ ਬਾਅਦ ਵਿਚ ਵਿਰੋਧ ਪ੍ਰਦਰਸਨਾਂ ਕਾਰਨ ਵਾਪਸ ਲੈ ਲਏ ਗਏ ਸਨ। ਉਨ੍ਹਾਂ ਮੰਗ ਕੀਤੀ ਕਿ ਮੋਦੀ ਨੋਟਬੰਦੀ ਅਤੇ 'ਗਲਤ' ਜੀ. ਐੱਸ. ਟੀ. ਲਈ ਮੁਆਫੀ ਮੰਗਣ। ਗਾਂਧੀ ਨੇ ਦੋਸ ਲਾਇਆ ਕਿ ਮੋਦੀ ਮਣੀਪੁਰ ਨਹੀਂ ਗਏ, ਜੋ ਘਰੇਲੂ ਜੰਗ ਵਰਗੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ ਕਿਉਂਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਖੁਦ ਉੱਤਰ-ਪੂਰਬੀ ਰਾਜ ਨੂੰ ਅੱਗ ਵਿਚ ਝੋਂਕਿਆ ਹੈ। ਉਨ੍ਹਾਂ ਦੋਸ ਲਾਇਆ ਕਿ '2 ਵਿਅਕਤੀਆਂ' ਦੇ ਲਾਭ ਲਈ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ। ਅਡਾਨੀ ਅਤੇ ਅੰਬਾਨੀ ਗਰੁੱਪ ਰੋਜਗਾਰ ਪੈਦਾ ਨਹੀਂ ਕਰ ਸਕਦੇ।

## ਮਣੀਪੁਰ ਦੀ ਹਿੰਸਾ ਨੂੰ ਲੈ ਕੇ ਭਾਜਪਾ ਵਿਧਾਇਕ ਵੱਲੋਂ ਲਿਖੀ ਚਿੱਠੀ ਨੇ ਮਚਾਈ ਖਲਬਲੀ

ਜਲੰਧਰ, 5 ਸਤੰਬਰ। ਮਣੀਪੁਰ ਵਿਚ ਹਿੰਸਾ ਨੂੰ ਲੈ ਕੇ ਭਾਜਪਾ ਦੇ ਇਕ ਵਿਧਾਇਕ ਦੀ ਚਿੱਠੀ ਨੇ ਭਾਜਪਾ ਅੰਦਰ ਖਲਬਲੀ ਮਚਾ ਦਿੱਤੀ ਹੈ। ਕਾਰਨ ਇਹ ਹੈ ਕਿ ਮਣੀਪੁਰ ਦੀ ਹਿੰਸਾ ਨੂੰ ਲੈ ਕੇ ਹੁਣ ਤੱਕ ਸਿਰਫ ਵਿਰੋਧੀ ਧਿਰ ਹੀ ਭਾਜਪਾ ਸਰਕਾਰ 'ਤੇ ਸਵਾਲ ਉਠਾ ਰਹੀ ਸੀ ਪਰ ਹੁਣ ਭਾਜਪਾ ਵਿਧਾਇਕ ਦੀ ਚਿੱਠੀ ਨੇ ਅੱਗ 'ਚ ਘਿਓ ਦਾ ਕੰਮ ਕੀਤਾ ਹੈ। ਮਣੀਪੁਰ ਤੋਂ ਭਾਜਪਾ ਦੇ ਵਿਧਾਇਕ ਰਾਜ ਕੁਮਾਰ ਇਮੋ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਮਣੀਪੁਰ 'ਚ ਕੇਂਦਰੀ ਫੋਰਸਾਂ ਦੇ 60 ਹਜਾਰ ਜਵਾਨਾਂ ਦੀ ਮੌਜੂਦਗੀ ਦੇ ਬਾਵਜੂਦ ਸਾਂਤੀ ਨਹੀਂ ਹੋ ਰਹੀ, ਜੋ ਇਕ ਗੰਭੀਰ ਮੁੱਦਾ ਹੈ। ਉਨ੍ਹਾਂ ਚਿੱਠੀ 'ਚ ਇਹ ਵੀ ਕਿਹਾ ਹੈ ਕਿ ਮਣੀਪੁਰ 'ਚ ਰੋਹਿੰਗਿਆ ਘੁਸਪੈਠੀਆਂ ਦੀ ਗਿਣਤੀ ਵੀ ਵਧ ਰਹੀ ਹੈ। ਇਹ ਘੁਸਪੈਠੀਏ ਲਗਾਤਾਰ ਭਾਰਤ 'ਚ ਦਾਖਲ ਹੋ ਰਹੇ ਹਨ, ਜੋ ਦੇਸ ਲਈ ਖਤਰਾ ਹੈ। ਚਿੱਠੀ 'ਚ ਭਾਜਪਾ ਵਿਧਾਇਕ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਤੋਂ ਮੰਗ ਕੀਤੀ ਹੈ ਕਿ ਜੇ ਕੇਂਦਰੀ ਫੋਰਸਾਂ ਦੀ ਮੌਜੂਦਗੀ ਦੇ ਬਾਵਜੂਦ ਹਿੰਸਾ ਨਹੀਂ ਰੁਕ ਸਕਦੀ ਤਾਂ ਜਵਾਨਾਂ ਨੂੰ ਉਥੋਂ ਵਾਪਸ ਹੀ ਸੱਦ ਲੈਣਾ ਚਾਹੀਦਾ ਹੈ। ਚਿੱਠੀ 'ਚ ਵਿਧਾਇਕ ਨੇ ਇਹ ਵੀ ਲਿਖਿਆ ਹੈ ਕਿ ਵਧੇਰੇ ਜਵਾਨਾਂ ਦੇ ਮੂਕ ਦਰਸਕ ਬਣ ਕੇ ਹਾਜਰ ਰਹਿਣ ਦਾ ਕੋਈ ਫਾਇਦਾ ਨਹੀਂ। ਉਨ੍ਹਾਂ ਇਹ ਵੀ ਮੰਨਿਆ ਕਿ ਸੂਬਾ ਸਰਕਾਰ ਤੇ ਲੋਕਾਂ ਦੇ ਸਹਿਯੋਗ ਦੀ ਘਾਟ ਕਾਰਨ ਆਸਾਮ ਰਾਈਫਲਜ ਦੀਆਂ ਕੁਝ ਯੂਨਿਟਾਂ ਨੂੰ ਕੁਝ ਦਿਨ ਪਹਿਲਾਂ ਹੀ ਵਾਪਸ ਬੁਲਾਇਆ ਗਿਆ ਹੈ। ਇੰਫਾਲ ਪੱਛਮੀ ਦੇ ਸਗੋਲਬੰਦ ਖੇਤਰ ਤੋਂ ਭਾਜਪਾ ਵਿਧਾਇਕ ਇਮੋ ਸਿੰਘ ਨੇ ਚਿੱਠੀ 'ਚ ਲਿਖਿਆ ਹੈ ਕਿ 16 ਮਹੀਨੇ ਬੀਤ ਚੁੱਕੇ ਹਨ । ਲੋਕ ਉਮੀਦ ਕਰ ਰਹੇ ਸਨ ਕਿ ਹਿੰਸਾ ਖਤਮ ਹੋ ਜਾਵੇਗੀ, ਪਰ ਅਜਿਹਾ ਨਹੀਂ ਹੋਇਆ। ਹੁਣ ਹਮਲਾਵਰਾਂ ਵੱਲੋਂ ਡਰੋਨ ਦੀ ਮਦਦ ਵੀ ਲਈ ਜਾ ਰਹੀ ਹੈ । ਇਸੇ ਲਈ ਉਹ ਇਹ ਚਿੱਠੀ ਲਿਖਣ ਲਈ ਮਜਬੂਰ ਹੋਏ ਹਨ।

## ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਭੂੰਦੜ ਨੇ ਹਰਸਿਮਰਤ ਕੌਰ ਬਾਦਲ ਨੂੰ ਸੌਂਪੀ ਅਹਿਮ ਜਿੰਮੇਵਾਰੀ

ਚੰਡੀਗੜ੍ਹ 5 ਸਤੰਬਰ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀਆਂ 4 ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀਆਂ ਜ਼?ਮਨੀ ਚੋਣਾਂ ਲਈ ਕਮਰ ਕੱਸ ਲਈ ਹੈ।



ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਜ਼?ਮਨੀ ਚੋਣਾਂ ਤੋਂ ਪਹਿਲਾਂ ਸੀਨੀਅਰ ਲੀਡਰਾਂ ਨੂੰ ਅਹਿਮ ਜ਼?ਮੇਵਾਰੀ ਸੌਂਪੀ ਹੈ। ਇਸ ਤਹਿਤ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਹਲਕੇ ਤੋਂ ਕੈਂਪੇਨ ਇੰਚਾਰਜ ਨਿਯੁਕਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਆਉਣ ਵਾਲੀਆਂ ਜ਼?ਮਨੀ ਚੋਣਾਂ ਵਿਚ ਪਾਰਟੀ ਸਰਗਰਮੀਆਂ ਨੂੰ ਤੇਜ ਕਰਨ ਲਈ ਸੀਨੀਅਰ ਲੀਡਰਾਂ ਨੂੰ ਜ਼?ਮੇਵਾਰੀ ਸੌਂਪੀ ਹੈ। ਇਸ ਤਹਿਤ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਹਲਕੇ ਲਈ ਕੈਂਪੇਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਹ ਹਲਕੇ ਵਿਚ ਚੋਣ ਮੁਹਿੰਮ ਦੀ ਅਗਵਾਈ ਕਰਨਗੇ। ਇੱਥੇ ਦੱਸ ਦਈਏ ਕਿ ਇਸ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਚੋਣ ਲੜਣ ਦੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸੀਨੀਅਰ ਆਗੂ ਹੀਰਾ ਸਿੰਘ ਨੂੰ ਬਰਨਾਲਾ ਸ਼ਹਿਰੀ ਅਤੇ ਇਕਬਾਲ ਸਿੰਘ ਝੂੰਦਾ ਨੂੰ ਬਰਨਾਲਾ ਦਿਹਾਤੀ ਦਾ ਕੈਂਪੇਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ।

## ਸੁਰੱਖਿਆ ਫੋਰਸਾਂ ਨਾਲ ਮੁਕਾਬਲੇ 'ਚ 9 ਨਕਸਲੀ ਢੇਰ

ਦੰਤੇਵਾੜਾ 5 ਸਤੰਬਰ। ਛੱਤੀਸਗੜ੍ਹ ਦੇ ਬਸਤਰ ਖੇਤਰ 'ਚ ਮੰਗਲਵਾਰ ਨੂੰ ਸੁਰੱਖਿਆ ਕਰਮੀਆਂ ਨੇ ਮੁਕਾਬਲੇ 'ਚ 9 ਨਕਸਲੀਆਂ ਨੂੰ ਮਾਰ ਸੁੱਟਿਆ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਬਸਤਰ ਰੇਂਜ ਦੇ ਪੁਲਸ ਜਨਰਲ ਇੰਸਪੈਕਟਰ (ਆਈ.ਜੀ.ਪੀ.) ਸੁੰਦਰਰਾਜ ਪੀ ਨੇ ਦੱਸਿਆ ਕਿ ਦੰਤੇਵਾੜਾ ਅਤੇ ਬੀਜਾਪੁਰ ਜ਼?ਲ੍ਹੇ ਦੀ ਸਰਹੱਦ 'ਤੇ ਜੰਗਲ 'ਚ ਸੁਰੱਖਿਆ ਫੋਰਸਾਂ ਨੇ ਇਕ ਸੰਯੁਕਤ ਦਲ ਨੂੰ ਨਕਸਲ ਵਿਰੋਧੀ ਮੁਹਿੰਮ ਲਈ ਰਵਾਨਾ ਕੀਤਾ ਸੀ। ਇਸੇ ਦੌਰਾਨ ਕਰੀਬ ਸਵੇਰੇ 10.30 ਵਜੇ ਦਲ ਦਾ ਨਕਸਲੀਆਂ ਨਾਲ ਸਾਹਮਣਾ ਹੋਇਆ, ਜਿਸ ਤੋਂ ਬਾਅਦ ਮੁਕਾਬਲਾ ਸ਼ੁਰੂ ਹੋ ਗਿਆ। ਉਨ੍ਹਾਂ ਦੱਸਿਆ ਕਿ ਖੇਤਰ 'ਚ ਪੱਛਮੀ ਬਸਤਰ ਮੰਡਲ ਇਕਾਈ ਨਾਲ ਸੰਬੰਧਤ ਨਕਸਲੀਆਂ ਦੀ ਮੌਜੂਦਗੀ ਬਾਰੇ ਗੁਪਤ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਜ਼?ਲ੍ਹਾ ਰਿਜਰਵ ਗਾਰਡ (ਡੀ.ਆਰ.ਜੀ.) ਅਤੇ ਕੇਂਦਰੀ ਰਿਜਰਵ ਪੁਲਸ ਫੋਰਸ (ਸੀ.ਆਰ.ਪੀ.ਐੱਫ.) ਦੇ ਜਵਾਨਾਂ ਨੂੰ ਨਕਸਲ ਵਿਰੋਧੀ ਮੁਹਿੰਮ ਲਈ ਭੇਜਿਆ ਗਿਆ। ਉਨ੍ਹਾਂ ਦੱਸਿਆ ਕਿ ਕਾਫੀ ਦੇਰ ਤੱਕ ਰੁਕ-ਰੁਕ ਕੇ ਗੋਲੀਬਾਰੀ ਹੁੰਦੀ ਰਹੀ, ਜਿਸ ਤੋਂ ਬਾਅਦ ਤਲਾਸ਼ੀ ਮੁਹਿੰਮ 'ਚ 9 ਨਕਸਲੀਆਂ ਦੀਆਂ ਲਾਸ਼ਾਂ ਮੌਕੇ 'ਤੇ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਾਲੀ ਜਗ੍ਹਾ ਤੋਂ ਭਾਰੀ ਮਾਤਰਾ 'ਚ ਹਥਿਆਰ ਵੀ ਬਰਾਮਦ ਕੀਤੇ ਗਏ ਹਨ।

# ਦਿੱਲੀ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਪਰਮਜੀਤ ਸਰਨਾ ਨੇ ਸਾਬਕਾ ਜਥੇਦਾਰ ਤੋਂ ਕੀਤੇ ਤਿੱਖੇ ਸਵਾਲ

**ਤੇਜਿੰਦਰ ਕੌਰ ਬੱਬਰ**

ਅੰਮ੍ਰਿਤਸਰ 5 ਸਤੰਬਰ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਭਾਈ ਜਸਵੀਰ ਸਿੰਘ ਰੋਡੇ ਨੂੰ ਤਿੱਖੇ ਸਵਾਲ ਕੀਤੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ, ਜੋ ਕਿ ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਤੀਜੇ ਵੀ ਹਨ ਤੇ ਇਸੇ ਕਾਰਨ ਪੰਥ ਵਿੱਚ ਸਦਾ ਉਨ੍ਹਾਂ ਨੂੰ ਮਾਣ ਮਿਲਦਾ ਰਿਹਾ ਹੈ। ਉਨ੍ਹਾਂ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਕਥਾ ਕਰਦਿਆਂ ਤਖਤਾਂ ਦੇ ਸਿੰਘ ਸਾਹਿਬਾਨਾਂ ਅਤੇ ਪੰਥ ਦੀਆਂ ਹੋਰ ਸਤਿਕਾਰਤ ਸੰਸਥਾਵਾਂ 'ਤੇ ਕਈ ਤਰ੍ਹਾਂ ਦੇ ਤੰਜ ਕੱਸਦਿਆਂ ਸਵਾਲ ਉਠਾਏ ਗਏ ਹਨ। ਇਸ 'ਤੇ ਸਰਨਾ ਨੇ ਕਿਹਾ ਕਿ ਜੋ ਖੁਦ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਰਹਿ ਚੁੱਕਿਆ ਹੋਵੇ ਉਹ ਹੁਣ ਆਪ ਹੀ ਤਖਤ ਸਾਹਿਬ ਦੇ ਜਥੇਦਾਰ ਦੀ ਭੂਮਿਕਾ 'ਤੇ ਸਵਾਲ ਕਰੇ ਤਾਂ ਕੌਮ ਸੇਧ ਕਿੱਥੋਂ ਲਵੇਗੀ ? ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਥ ਦੀਆਂ ਸਿਰਮੌਰ ਸੰਸਥਾਵਾਂ ਨੂੰ ਕਟਿਹਰੇ 'ਚ ਖੜ੍ਹਾ ਕਰਨ ਵੇਲੇ ਭਾਈ ਰੋਡੇ ਕੋਲੋਂ ਦਿੱਲੀ ਕਮੇਟੀ ਨੂੰ ਕੋਈ ਨਸੀਹਤ ਕਿਉਂ ਨਾ ਦਿੱਤੀ ਗਈ, ਜੋ ਨਿੱਤ ਦਿਨ ਸਿੱਖ ਰਹਿਤ ਤੇ ਸ੍ਰੀ ਅਕਾਲ ਤਖਤ ਸਾਹਿਬ



ਦਾ ਨਿਰਾਦਰ ਕਰ ਰਹੀ ਹੈ। ਭਾਈ ਰੋਡੇ ਨੇ ਦਿੱਲੀ ਕਮੇਟੀ ਨੂੰ ਇਸ ਜ਼?ਮੇਵਾਰੀ ਦਾ ਅਹਿਸਾਸ ਕਿਉਂ ਨਾ ਕਰਵਾਇਆ ਕਿ ਦਿੱਲੀ ਵਿੱਚ ਸ੍ਰੀ ਸਾਹਿਬ ਪਹਿਨੇ ਹੋਣ ਕਾਰਨ ਕਿਸਾਨ ਆਗੂਆਂ ਨੂੰ ਰੋਕਣ ਵੇਲੇ ਉਨ੍ਹਾਂ ਕੋਲ ਪਹੁੰਚਣਾ ਦਿੱਲੀ ਕਮੇਟੀ ਦਾ ਇਖਲਾਕੀ ਫਰਜ ਸੀ। ਸਰਨਾ ਨੇ ਅੱਗੇ ਕਿਹਾ ਕਿ ਭਾਈ ਰੋਡੇ ਉਹ ਇਹ ਸਵਾਲ ਕਿਉਂ ਨਾ ਕਰ ਸਕੇ ਕਿ ਦਿੱਲੀ ਕਮੇਟੀ ਦਿੱਲੀ ਅੰਦਰ ਪੰਥਕ ਸੰਸਥਾਵਾਂ ਨੂੰ ਬਰਬਾਦ ਕਿਉਂ ਕਰ ਰਹੀ ਹੈ ? ਕੀ ਭਾਈ ਰੋਡੇ ਸਿਰਫ ਹੋਰਾਂ ਨੂੰ ਹੀ ਨੈਤਿਕਤਾ ਦਾ ਪਾਠ ਪੜ੍ਹਾਉਣਾ ਚਾਹੁੰਦੇ ਹਨ ਜਾਂ ਫੇਰ ਉਨ੍ਹਾਂ ਵਿੱਚ ਜੁਰਅਤ ਨਹੀ ਕਿ ਉਹ ਭਾਜਪਾ ਦੀ ਖੁੱਲੀ ਸਹਿ 'ਤੇ ਚੱਲ ਰਹੀ ਦਿੱਲੀ ਕਮੇਟੀ ਬਾਰੇ ਵੀ ਕੁਝ ਬੋਲ ਸਕਣ। ਭਾਈ ਜਸਵੀਰ ਸਿੰਘ ਰੋਡੇ ਦੀ ਕਾਰਗੁਜਾਰੀ ਬਾਰੇ ਸੂਹੀਆ ਏਜੰਸੀਆਂ ਦੇ ਅਫਸਰ ਐੱਮ.ਕੇ. ਧਰ ਨੇ ਆਪਣੀ ਬਹੁ-ਚਰਤਿਤ ਕਿਤਾਬ 'ਖੁੱਲ੍ਹੇ ਭੇਦ' ਅੰਦਰ ਬਹੁਤ ਹੀ ਹੈਰਾਨੀਜਨਕ ਖੁਲਾਸੇ ਕਰਦਿਆਂ ਅਹਿਮ ਸਵਾਲ ਅੱਜ ਤੋਂ ਕਿੰਨੇ ਹੀ ਸਾਲ ਪਹਿਲਾਂ ਉਠਾਏ ਸਨ। ਉਨ੍ਹਾਂ ਸਵਾਲਾਂ ਦੇ ਜਵਾਬ ਜਾਂ ਇਤਿਹਾਸ ਵਿੱਚ ਆਪਣੀ ਭੂਮਿਕਾ ਬਾਰੇ ਅੱਜ ਤੱਕ ਸਪੱਸਟ ਨਹੀ ਕੀਤਾ। ਪਰ ਉਹ ਉਪਦੇਸ ਸਿੰਘ ਸਾਹਿਬਾਨਾਂ ਨੂੰ ਇਤਿਹਾਸ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਦੇ ਰਹੇ ਹਨ। ਭਾਈ ਜਸਵੀਰ ਸਿੰਘ ਰੋਡੇ ਦੱਸਣ ਕਿ ਉਸ ਕਿਤਾਬ 'ਚ ਉਨ੍ਹਾਂ ਦੀ ਭੂਮਿਕਾ ਬਾਰੇ ਜੋ ਲਿਖਿਆ ਹੈ ਉਸ ਵਿਸੇ ਉੱਪਰ ਕਿਸੇ ਪੰਥਕ ਸਟੇਜ ਤੋਂ ਕਦੋਂ ਬੋਲਣਗੇ ਜਾਂ ਫੇਰ ਉਹ ਜਿੰਮੇਵਾਰੀ ਕਿਸੇ ਹੋਰ ਨੂੰ ਨਿਭਾਉਣੀ ਪਵੇਗੀ ?



# ਕਣਕ ਦੀ ਫਸਲ ਲਈ ਨੁਕਸਾਨਦੇਹ ਹੋ ਸਕਦੀ ਹੈ ਪੀਲੀ ਕੁੰਗੀ, ਕਿਸਾਨ ਡਰਨ ਦੀ ਬਜਾਏ ਰਹਿਣ ਸਾਵਧਾਨ

ਗੁਰਦਾਸਪੁਰ 5 ਸਤੰਬਰ। ਪੰਜਾਬ ਅੰਦਰ ਪੀਲੀ ਕੁੰਗੀ ਦੀ ਬੀਮਾਰੀ ਦੇ ਲੱਛਣਾਂ ਤੇ ਬਚਾਅ ਦੇ ਢੰਗ ਤਰੀਕਿਆਂ ਤੋਂ ਜਾਣੂ ਕਰਵਾਉਂਦਿਆਂ ਖੇਤੀਬਾੜੀ ਵਿਭਾਗ ਦੇ ਜਿ਼ਲ੍ਹਾ ਸਿਖਲਾਈ ਅਫਸਰ ਡਾ. ਅਮਰੀਕ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਪੀਲੀ ਕੁੰਗੀ ਤੋਂ ਡਰਨ ਦੀ ਲੋੜ ਨਹੀਂ ਹੈ ਪਰ ਇਸ ਬੀਮਾਰੀ ਤੋਂ ਫਸਲ ਨੂੰ ਬਚਾਉਣ ਲਈ ਥੋੜ੍ਹੀ ਸਾਵਧਾਨੀ ਜਰੂਰੀ ਵਰਤਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਣਕ ਪੰਜਾਬ 'ਚ ਅਨਾਜ ਦੀ ਮੁੱਖ ਫਸਲ ਹੈ। ਹਾੜੀ 2020-21 ਦੌਰਾਨ ਪੰਜਾਬ 'ਚ ਕੁੱਲ 35.30 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਕਾਸ਼ਤ ਕੀਤੀ ਗਈ, ਜਿਸ ਤੋਂ ਕੁੱਲ 171.85 ਮੀਟ੍ਰਿਕ ਟਨ ਪੈਦਾਵਾਰ ਹੋਈ ਅਤੇ ਪ੍ਰਤੀ ਹੈਕਟੇਅਰ ਝਾੜ 48.68 ਕੁਇੰਟਲ ਰਿਹਾ। ਪਿਛਲੇ ਕੁਝ ਸਮੇਂ ਤੋਂ ਮੌਸਮੀ ਤਬਦੀਲੀਆਂ ਅਤੇ ਗੈਰ-ਸਿਫਾਰਿਸਸੁਦਾ ਕਿਸਮਾਂ ਹੇਠ ਰਕਬਾ ਵਧਣ ਕਾਰਨ ਕਣਕ ਦੀ ਫਸਲ ਉਪਰ ਕੁਝ ਅਜਿਹੀਆਂ ਬੀਮਾਰੀਆਂ ਦਾ ਹਮਲਾ ਵੇਖਣ ਨੂੰ ਮਿਲਿਆ, ਜਿਨ੍ਹਾਂ ਦਾ ਕੋਈ ਬਹੁਤਾ ਮਹੱਤਵ ਨਹੀਂ ਸੀ ਸਮਝਿਆ ਜਾਂਦਾ।ਇਨ੍ਹਾਂ 'ਚੋਂ ਪੀਲੀ ਕੁੰਗੀ ਅਜਿਹੀ ਬੀਮਾਰੀ ਹੈ, ਜੋ ਕਣਕ ਦੀ ਖੇਤੀ ਲਈ ਖਤਰਾ ਸਾਬਤ ਹੋ ਰਹੀ ਹੈ। ਜੇਕਰ ਪੀਲੀ ਕੁੰਗੀ ਦਾ ਸਮੇਂ ਸਿਰ ਸਹੀ ਇਲਾਜ ਨਾ ਕੀਤਾ ਜਾਵੇ ਤਾਂ ਕਣਕ ਦੀ ਫਸਲ ਦਾ 70 ਫੀਸਦੀ ਤੱਕ ਝਾੜ ਘਟ ਸਕਦਾ ਹੈ। ਸਾਲ 2010-11 ਦੌਰਾਨ ਉੱਤਰੀ ਭਾਰਤ 'ਚ ਮੌਸਮ ਜਿ਼ਆਦਾ ਠੰਡਾ ਰਹਿਣ ਨਾਲ ਪੰਜਾਬ 'ਚ ਪੀਲੀ ਕੁੰਗੀ ਨੇ ਕਣਕ ਦੀ ਪੀ. ਬੀ. ਡਬਲਯੂ. 343 ਕਿਸਮ ਦਾ ਬਹੁਤ ਨੁਕਸਾਨ ਕੀਤਾ ਸੀ। ਕਣਕ ਦੀ ਇਹ ਕਿਸਮ, ਪੀਲੀ ਕੁੰਗੀ ਦੀ ਨਵੀਂ ਕਿਸਮ 78 ਐੱਸ 84 ਦਾ ਟਾਕਰਾ ਨਹੀਂ ਸੀ ਕਰ ਸਕੀ ਪਰ ਸਮੇਂ ਸਿਰ ਖੇਤੀਬਾੜੀ ਵਿਭਾਗ ਵੱਲੋਂ ਇਸ ਬੀਮਾਰੀ ਦੀ ਰੋਕਥਾਮ ਲਈ ਸਿਫਾਰਿਸਸੁਦਾ ਦਵਾਈ ਪ੍ਰੋਪੀਕੋਨਾਜੋਲ ਕਿਸਾਨਾਂ ਤੱਕ ਪਹੁੰਚਾ ਕੇ ਹੋਣ ਵਾਲੇ ਨੁਕਸਾਨ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ਸੀ। ਪਿਛਲੇ ਸਾਲ ਇਸ ਬੀਮਾਰੀ ਦੇ ਲੱਛਣ ਸਭ ਤੋਂ ਪਹਿਲਾਂ ਰੋਪੜ ਜਿ਼ਲ੍ਹੇ ਦੇ ਆਨੰਦਪੁਰ ਸਾਹਿਬ ਬਲਾਕ 'ਚ 18 ਦਸੰਬਰ ਨੂੰ ਦਿਖਾਈ ਦਿੱਤੇ ਸਨ ਪਰ ਚਾਲੂ ਹਾੜੀ ਦੌਰਾਨ ਪੀਲੀ ਕੁੰਗੀ ਦਾ ਕੋਈ ਵੀ ਕੇਸ ਪੰਜਾਬ 'ਚ ਦੇਖਣ ਨੂੰ ਨਹੀਂ ਮਿਲਿਆ। ਪਿਛਲੇ ਸਮੇਂ ਦੌਰਾਨ ਇਹ ਵੀ ਦੇਖਣ 'ਚ ਆਇਆ ਸੀ ਕਿ ਜਿਹੜੀ ਫਸਲ ਪਾਪੁਲਰ, ਸਫੈਦਾ ਅਤੇ ਹੋਰ ਦਰੱਖਤਾਂ ਹੇਠ ਸੀ, ਉਸ ਉੱਪਰ ਪੀਲੀ ਕੁੰਗੀ ਦਾ ਹਮਲਾ ਸਭ ਤੋਂ ਪਹਿਲਾਂ ਆਇਆ। ਪੀਲੀ ਕੁੰਗੀ ਦਾ ਹਮਲਾ ਆਮ ਕਰ ਕੇ ਸਭ ਤੋਂ ਪਹਿਲਾਂ ਨੀਮ ਪਹਾੜੀ ਜਿ਼ਲ੍ਹਿਆਂ ਹੁਸਿ਼ਆਰਪੁਰ, ਗੁਰਦਾਸਪੁਰ, ਰੋਪੜ, ਸਾਹਿਬਜਾਦਾ ਅਜੀਤ ਸਿੰਘ ਨਗਰ, ਸਹੀਦ ਭਗਤ ਸਿੰਘ ਨਗਰ ਦੇ ਪਿੰਡਾਂ 'ਚ ਨਜਰ ਆਉਂਦਾ ਹੈ। ਪੀਲੀ ਕੁੰਗੀ ਦੇ ਹਮਲੇ ਅਤੇ ਵਾਧੇ ਲਈ ਰਾਤ ਦਾ ਘੱਟੋ-ਘੱਟ ਤਾਪਮਾਨ 7-13 ਡਿਗਰੀ ਸੈਲਸੀਅਸ, ਦਿਨ ਦਾ 15-24 ਡਿਗਰੀ ਸੈਲਸੀਅਸ ਅਤੇ ਹਵਾ 'ਚ ਨਮੀ ਦੀ ਮਾਤਰਾ 85-100 ਫੀਸਦੀ ਅਨੁਕੂਲ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਫਰਵਰੀ-ਮਾਰਚ ਮਹੀਨੇ ਦੌਰਾਨ ਬਾਰਿਸਾਂ ਇਸ ਬੀਮਾਰੀ ਦੇ ਵਾਧੇ ਲਈ ਸਹਾਈ ਹੁੰਦੀਆਂ ਹਨ। ਪੰਜਾਬ 'ਚ ਪੀਲੀ ਕੁੰਗੀ ਬੀਮਾਰੀ ਦੇ ਵਧਣ ਦਾ ਇਹ ਵੀ ਕਾਰਨ ਹੈ ਕਿ ਕਿਸਾਨਾਂ ਵੱਲੋਂ ਨੀਮ ਪਹਾੜੀ ਜਿ਼ਲ੍ਹਿਆਂ 'ਚ ਕੁਝ ਗੈਰ-ਸਿਫਾਰਿਸਸੁਦਾ ਕਿਸਮਾਂ ਜਿਵੇਂ ਪੀ. ਬੀ. ਡਬਲਯੂ. 2967, ਡੀ. ਬੀ. ਡਬਲਯੂ. ਅਤੇ



222 ਐੱਚ. ਡੀ. 2386 ਕਿਸਮਾਂ ਦੀ ਕਾਸ਼ਤ ਕੀਤੀ ਜਾਂਦੀ ਰਹੀ ਹੈ। ਸਾਲ 2014-15 ਦੌਰਾਨ ਪੰਜਾਬ 'ਚ ਬਹੁਤ ਸਾਰੇ ਰਕਬੇ 'ਚ ਐੱਚ. ਡੀ. 2967 ਕਿਸਮ ਦੀ ਬਿਜਾਈ ਕੀਤੀ ਗਈ ਸੀ। ਇਹ ਕਿਸਮ ਪੀਲੀ ਕੁੰਗੀ ਦੀ ਨਵੀਂ ਕਿਸਮ 78 ਐੱਸ 84 ਦਾ ਟਾਕਰਾ ਕਰ ਸਕਦੀ ਸੀ ਪਰ ਇਸ ਦੇ ਬਾਵਜੂਦ ਪੀਲੀ ਕੁੰਗੀ ਦੇ ਹਮਲੇ ਤੋਂ ਇਹ ਕਿਸਮ ਵੀ ਨਹੀਂ ਸੀ ਬਚ ਸਕੀ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੇਤੀ ਮਾਹਿਰਾਂ ਦੁਆਰਾ ਸਮੇਂ ਸਿਰ ਕਿਸਾਨਾਂ ਨੂੰ ਪਸਾਰ ਸਾਧਨਾਂ ਦੇ ਵੱਖ-ਵੱਖ ਤਰੀਕਿਆਂ ਰਾਹੀਂ ਜਾਗਰੂਕ ਕਰਨ ਅਤੇ ਦਵਾਈ ਮੁਹੱਈਆ ਕਰਵਾਉਣ ਕਾਰਨ ਨੁਕਸਾਨ ਹੋਣੋਂ ਬਚ ਗਿਆ ਸੀ। ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਪੀਲੀ ਕੁੰਗੀ ਨੂੰ ਧਾਰੀਆਂ ਵਾਲੀ ਕੁੰਗੀ ਵੀ ਕਿਹਾ ਜਾਂਦਾ ਹੈ। ਪੀਲੀ ਕੁੰਗੀ ਸਭ ਤੋਂ ਪਹਿਲਾਂ ਹੇਠਲੇ ਪੱਤਿਆਂ ਉੱਪਰ ਆਉਂਦੀ ਹੈ, ਜੋ ਪੀਲੇ ਰੰਗ ਦੇ ਪਾਊਡਰੀ ਲੰਮੀਆਂ ਧਾਰੀਆਂ ਦੇ ਰੂਪ 'ਚ ਧੱਬਿਆਂ ਦੇ ਰੂਪ 'ਚ ਦਿਖਾਈ ਦਿੰਦੀ ਹੈ, ਜੇਕਰ ਪ੍ਰਭਾਵਿਤ ਪੱਤੇ ਨੂੰ 2 ਉਂਗਲਾਂ 'ਚ ਫੜਿਆ ਜਾਵੇ ਤਾਂ ਉਂਗਲਾਂ 'ਤੇ ਪੀਲਾ ਪਾਊਡਰ ਲੱਗ ਜਾਂਦਾ ਹੈ। ਜਦੋਂ ਬੀਮਾਰੀ ਵਧ ਜਾਂਦੀ ਹੈ ਤਾਂ ਬੀਮਾਰੀ ਸਿੱਟਿਆਂ 'ਤੇ ਵੀ ਦਿਖਾਈ ਦਿੰਦੀ ਹੈ, ਜਿਸ ਨਾਲ ਦਾਣੇ ਪਤਲੇ ਪੈ ਜਾਂਦੇ ਹਨ ਅਤੇ ਝਾੜ ਬਹੁਤ ਘੱਟ ਜਾਂਦਾ ਹੈ। ਪੀਲੀ ਕੁੰਗੀ ਦੇ ਪੀਲੇ ਕਣ, ਹਲਦੀ ਦੇ ਪਾਊਡਰ ਵਾਂਗ ਹੱਥਾਂ ਅਤੇ ਕੱਪੜਿਆਂ 'ਤੇ ਵੀ ਲੱਗ ਜਾਂਦੇ ਹਨ, ਜੋ ਬੀਮਾਰੀ ਦੇ ਅਗਾਂਹ ਫੈਲਣ 'ਚ ਸਹਾਈ ਹੁੰਦੇ ਹਨ। ਇਸ ਬੀਮਾਰੀ ਦੇ ਕਣ ਗਰਮੀਆਂ ਦੌਰਾਨ ਪਹਾੜਾਂ 'ਚ ਬੀਜੀ ਕਣਕ ਦੀ ਫਸਲ 'ਤੇ ਵਧਦੇ ਰਹਿੰਦੇ ਹਨ ਅਤੇ ਬਾਅਦ 'ਚ ਦਸੰਬਰ-ਜਨਵਰੀ ਮਹੀਨੇ ਦੌਰਾਨ ਪੰਜਾਬ 'ਚ ਨੀਮ ਪਹਾੜੀ ਜਿ਼ਲ੍ਹਿਆਂ 'ਚ ਹਮਲਾ ਕਰ ਦਿੰਦੇ ਹਨ, ਜਿਥੋਂ ਇਹ ਕਣ ਹੋਰਨਾਂ ਇਲਾਕਿਆਂ 'ਚ ਫੈਲ ਜਾਂਦੇ ਹਨ। ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਪੀਲੀ ਕੁੰਗੀ ਤੋਂ ਬਚਾਅ ਲਈ ਜਰੂਰੀ ਹੈ ਕਿ ਕਿਸਾਨ ਸਿਰਫ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਿਫਾਰਿਸਸੁਦਾ ਰੋਗ ਰਹਿਤ ਕਿਸਮਾਂ ਜਿਵੇਂ ਪੀ. ਬੀ. ਡਬਲਯੂ. 824, 826, 869, 803, ਡੀ. ਬੀ. ਡਬਲਯੂ. 222, 187, ਪੀ. ਬੀ. ਡਬਲਯੂ. 725, ਪੀ. ਬੀ. ਡਬਲਯੂ. 677, ਪੀ. ਬੀ. ਡਬਲਯੂ. 660, ਦੀ ਹੀ ਕਾਸ਼ਤ ਕਰਿਆ ਕਰਨ ਕਿਉਂਕਿ ਇਹ ਕਿਸਮਾਂ ਪੀਲੀ ਕੁੰਗੀ ਦੀ ਜਾਤੀ 78 ਐੱਸ 84 ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀਆਂ ਹਨ। ਨੀਮ ਪਹਾੜੀ ਜਿ਼ਲ੍ਹਿਆਂ 'ਚ ਅਕਤੂਬਰ ਮਹੀਨੇ ਦੌਰਾਨ ਕਣਕ ਦੀ ਬਿਜਾਈ ਨਾ ਕੀਤੀ ਜਾਵੇ। ਕਿਸਾਨਾਂ ਨੂੰ ਚਾਹੀਦਾ ਹੈ ਕਿ ਦਸੰਬਰ ਮਹੀਨੇ ਤੋਂ ਬਾਅਦ ਪਾਣੀ ਲਾਉਣ ਜਾਂ ਬਾਰਿਸ ਹੋਣ ਤੋਂ ਬਾਅਦ ਆਪਣੇ ਖੇਤਾਂ ਦਾ ਨਿਰੰਤਰ ਨਿਰੀਖਣ ਕਰਦੇ ਰਹਿਣ ਅਤੇ ਜਦੋਂ ਵੀ ਪੀਲੀ ਕੁੰਗੀ ਦੇ ਹਮਲੇ ਦੇ ਸੁਰੂਆਤੀ ਲੱਛਣ ਦਿਖਾਈ ਦੇਣ ਤਾਂ ਤੁਰੰਤ 200 ਗ੍ਰਾਮ ਟੈਬੂਕੋਨਾਜੋਲ ਜਾਂ 200 ਮਿ. ਲਿ. ਪ੍ਰੋਪੀਕੋਨਾਜੋਲ ਜਾਂ 200 ਮਿਲੀ ਲਿਟਰ ਪਾਈਰੈਕਲੋਸਟ੍ਰੋਬਿਨ+ਇਪੋਕਸੀਕਪਨਾਜੋਲ 18.3 ਈ. ਸੀ. ਜਾਂ 200 ਮਿਲੀ ਲਿਟਰ ਐਜੋਕਸੀਸਟ੍ਰੋਬਿਨ +ਟੈਬੂਕੋਨਾਜੋਲ ਜਾਂ 120 ਗ੍ਰਾਮ ਟਰਾਈਫਲੋਕਸੀਸਟਰੋਬਿਨ+ਟੈਬੂਕੋਨਾਜੋਲ 75 ਡਬਲਯੂ. ਜੀ. ਪ੍ਰਤੀ ਏਕੜ ਨੂੰ 200 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰ ਦੇਣਾ ਚਾਹੀਦਾ ਹੈ। ਜੇਕਰ ਪੀਲੀ ਕੁੰਗੀ ਦਾ ਹਮਲਾ ਸੁਰੂਆਤੀ ਦੌਰ 'ਚ ਹੈ ਤਾਂ ਉੱਲੀਨਾਸਕ ਦਾ ਛਿੜਕਾਅ ਧੌੜੀਆਂ 'ਚ ਹੀ ਕੀਤਾ ਜਾ ਸਕਦਾ ਹੈ ਤਾਂ ਜੋ ਸੁਰੂਆਤੀ ਦੌਰ 'ਚ ਹੀ ਪੀਲੀ ਕੁੰਗੀ ਦੇ ਅਗਾਂਹੂ ਫੈਲਾਅ ਨੂੰ ਰੋਕਿਆ ਜਾ ਸਕੇ।

## ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ 17 ਹਜਾਰ ਤੋਂ ਵੱਧ ਕਿਸਾਨਾਂ ਨੂੰ ਪੰਜਾਬ ਸਰਕਾਰ ਵਲੋਂ ਵੱਡਾ ਤੋਹਫਾ

ਚੰਡੀਗੜ੍ਹ 5 ਸਤੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਉਣੀ ਦੇ ਸੀਜਨ 2023 ਦੌਰਾਨ ਝੋਨੇ ਦੀ ਸਿੱਧੀ ਬਿਜਾਈ (ਡੀ. ਐੱਸ. ਆਰ.) ਕਰਨ ਵਾਲੇ 17007 ਕਿਸਾਨਾਂ ਦੇ ਬੈਂਕ ਖਾਤਿਆਂ 'ਚ 19.83 ਕਰੋੜ ਰੁਪਏ ਟਰਾਂਸਫਰ ਕਰ ਦਿੱਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸਾਲ 2023-24 ਦੌਰਾਨ ਕੁੱਲ 19,114 ਕਿਸਾਨਾਂ ਨੇ ਡੀ. ਐੱਸ. ਆਰ. ਪੋਰਟਲ 'ਤੇ 1,72,049 ਏਕੜ ਰਕਬਾ ਰਜਿਸਟਰਡ ਕੀਤਾ ਸੀ। ਸਬੰਧਤ ਜਿ਼ਲ੍ਹਾ ਅਧਿਕਾਰੀਆਂ ਵੱਲੋਂ ਪੜਤਾਲ ਕਰਨ ਉਪਰੰਤ ਕੁੱਲ 18,931 ਕਿਸਾਨਾਂ ਅਤੇ ਡੀ. ਐੱਸ. ਆਰ. ਅਧੀਨ 1,33,745.67 ਏਕੜ ਰਕਬੇ ਦੀ ਤਸਦੀਕ ਕੀਤੀ ਗਈ



ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਡੀ. ਐੱਸ. ਆਰ. ਵਿਧੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਸੂਬਾ ਸਰਕਾਰ ਵੱਲੋਂ ਮੌਜੂਦਾ ਵਰ੍ਹੇ (2023-24) ਦੌਰਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸੀ ਦੇਣ ਦਾ ਐਲਾਨ ਕੀਤਾ ਸੀ। ਹੁਣ ਇਹ ਰਕਮ ਸਿੱਧੀ ਲਾਭਪਾਤਰੀ ਕਿਸਾਨਾਂ ਦੇ ਖਾਤਿਆਂ 'ਚ ਟਰਾਂਸਫਰ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੜਤਾਲ ਉਪਰੰਤ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਕੁੱਲ 19.83 ਕਰੋੜ ਰੁਪਏ ਦੀ ਸਫ਼ਲਤਾਪੂਰਵਕ ਅਦਾਇਗੀ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਕਿਸਾਨਾਂ ਨੂੰ 98.8 ਫ਼ੀਸਦੀ ਰਕਮ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਬਾਕੀ ਰਕਮ ਵੀ ਜਲਦੀ ਟਰਾਂਸਫਰ ਕਰ ਦਿੱਤੀ ਜਾਵੇਗੀ।

## ਪੰਜਾਬ ਦੇ 15 ਜਿਲ੍ਹਿਆਂ 'ਚ ਮੌਸਮ ਨੂੰ ਲੈ ਕੇ ਅਲਰਟ ਜਾਰੀ, ਸੋਚ-ਸਮਝ ਕੇ ਨਿਕਲੋ ਘਰੋਂ ਬਾਹਰ

ਚੰਡੀਗੜ੍ਹ 5 ਸਤੰਬਰ। ਮੌਸਮ ਵਿਭਾਗ ਨੇ ਅਗਲੇ 2 ਦਿਨਾਂ ਲਈ 'ਸੰਘਣੀ ਤੋਂ ਸੰਘਣੀ' ਧੁੰਦ ਦੀ ਚਿਤਾਵਨੀ ਜਾਰੀ ਕਰਦਿਆਂ ਸਾਵਧਾਨ ਰਹਿਣ ਦੀ ਐਡਵਾਈਜਰੀ ਕੀਤੀ ਹੈ ਕਿਉਂਕਿ ਮੌਸਮ ਦੇ ਅਗਾਊਂ ਅਨੁਮਾਨ ਮੁਤਾਬਕ ਠੰਡ 'ਚ ਅਜੇ ਹੋਰ ਵਾਧਾ ਹੋਵੇਗਾ। ਇਸੇ ਲੜੀ 'ਚ ਤਾਪਮਾਨ 'ਚ ਹੋਰ ਗਿਰਾਵਟ ਹੋਣੀ ਤੈਅ ਮੰਨੀ ਜਾ ਰਹੀ ਹੈ, ਜਿਸ ਨਾਲ ਆਮ ਜਨ-ਜੀਵਨ ਪ੍ਰਭਾਵਿਤ ਹੋਵੇਗਾ। ਦੂਜੇ ਪਾਸੇ ਬੀਤੇ ਦਿਨ ਫਿਰ ਤੋਂ ਸੂਰਜ ਦੇਵਤਾ ਦੇ ਦਰਸ਼ਨ ਨਾ ਹੋਣ ਕਰ ਕੇ ਸਾਰਾ ਦਿਨ ਕੰਬਣੀ ਵਾਲੀ ਠੰਡ ਮਹਿਸੂਸ ਹੋਈ। ਮੌਸਮ ਵਿਭਾਗ ਵੱਲੋਂ 15 ਜਿ਼ਲ੍ਹਿਆਂ 'ਚ ਆਰੇਂਜ ਅਲਰਟ, ਜਦੋਂ ਕਿ ਹੋਰ ਜਿ਼ਲ੍ਹਿਆਂ 'ਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਜਿ਼ਲ੍ਹਾ ਸੰਗਰੂਰ, ਪਟਿਆਲਾ, ਲੁਧਿਆਣਾ, ਮੋਹਾਲੀ, ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ, ਮੋਗਾ, ਫਿਰੋਜਪੁਰ, ਜਲੰਧਰ, ਤਰਨਤਾਰਨ, ਕਪੂਰਥਲਾ, ਹੁਸ਼ਿਆਰਪੁਰ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ 'ਚ ਆਰੇਂਜ ਅਲਰਟ ਜਾਰੀ ਕੀਤਾ ਗਿਆ। ਇਸ ਦੇ ਨਾਲ ਹੀ 9 ਜਨਵਰੀ ਨੂੰ ਮੀਂਹ ਪੈਣ ਦੀ ਸੰਭਾਵਨਾ ਜਾਹਰ ਕੀਤੀ ਗਈ ਹੈ। ਇਸੇ ਵਿਚਕਾਰ ਘੱਟ ਤੋਂ ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਤੱਕ ਰਿਕਾਰਡ ਕੀਤਾ ਗਿਆ। ਵੱਧ ਤੋਂ ਵੱਧ ਤਾਪਮਾਨ 11-12 ਡਿਗਰੀ ਦੇ ਲਗਭਗ ਰਿਹਾ। ਅੰਕੜਿਆਂ ਮੁਤਾਬਕ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਤਾਪਮਾਨ ਵਿਚ 5 ਡਿਗਰੀ ਤੱਕ ਅੰਤਰ ਹੋਣਾ ਖਰਾਬ ਮੌਸਮ ਵੱਲ ਇਸ਼ਾਰਾ ਕਰ ਰਿਹਾ ਹੈ। ਇਸ ਤਰ੍ਹਾਂ ਨਾਲ ਦਿਨ ਅਤੇ ਰਾਤ ਦੇ ਤਾਪਮਾਨ 'ਚ ਅੰਤਰ ਹੋਣ ਕਾਰਨ ਬੇਹੱਦ ਸਾਵਧਾਨੀ ਅਪਣਾਉਣ ਦੀ ਲੋੜ ਹੈ ਕਿਉਂਕਿ ਹੱਡ ਜਮਾਉਣ ਵਾਲੀ ਠੰਡ 'ਚ ਜਰਾ ਜਿੰਨੀ ਲਾਪਰਵਾਹੀ ਭਾਰੀ ਪੈ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੇ ਮੌਸਮ 'ਚ ਘਰਾਂ ਵਿਚੋਂ ਬਾਹਰ ਜਾਣ ਸਮੇਂ ਖਾਸ ਤੌਰ 'ਤੇ ਪੈਰਾਂ, ਸਿਰ ਅਤੇ ਕੰਨਾਂ ਨੂੰ ਕਵਰ ਕਰ ਕੇ ਰੱਖਣਾ ਚਾਹੀਦਾ ਹੈ ਕਿਉਂਕਿ ਸੜਕਾਂ ਇੰਝ ਗਿੱਲੀਆਂ ਹੋ ਚੁੱਕੀਆਂ ਸਨ, ਜਿਵੇਂ ਹਲਕੀ ਬੂੰਦਾਬਾਂਦੀ ਤੋਂ ਬਾਅਦ ਗਿੱਲੀਆਂ ਹੁੰਦੀਆਂ ਹਨ। ਅਜਿਹੇ ਵਿਚ ਵਿੰਡ-ਸ਼ੀਟਰ ਪਹਿਨਣ ਦੀ ਲੋੜ ਹੁੰਦੀ ਹੈ। ਦੂਜੇ ਪਾਸੇ ਨੱਕ ਅਤੇ ਮੂੰਹ ਨੂੰ ਢੱਕ ਕੇ ਦੋਪਹੀਆ ਵਾਹਨ ਚਲਾਉਣਾ ਚਾਹੀਦਾ ਹੈ।



ਪੈਰਾਂ ਅਤੇ ਸਿਰ ਤੋਂ ਲੱਗਣ ਵਾਲੀ ਠੰਡ ਸਿਹਤ 'ਤੇ ਸਿੱਧਾ ਪ੍ਰਭਾਵ ਪਾਉਂਦੀ ਹੈ, ਜਿਸ ਨੂੰ ਬੁਖਾਰ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਦੂਜੇ ਪਾਸੇ ਸੀਤ ਲਹਿਰ ਦੇ ਨਾਲ-ਨਾਲ ਤਰੇਲ ਪੈਣ ਕਰ ਕੇ ਠੰਡ 'ਚ ਵਾਧਾ ਹੋ ਰਿਹਾ ਹੈ। ਬੁੱਧਵਾਰ ਨੂੰ ਧੁੱਪ ਨਿਕਲਣ ਤੋਂ ਬਾਅਦ ਰਾਤ ਸਮੇਂ ਪਈ ਭਾਰੀ ਤਰੇਲ ਕਾਰਨ ਸਵੇਰੇ 6-7 ਵਜੇ ਸੜਕਾਂ ਗਿੱਲੀਆਂ ਨਜਰ ਆਈਆਂ। ਮਾਹਿਰ ਡਾਕਟਰਾਂ ਦਾ ਕਹਿਣਾ ਹੈ ਕਿ ਧੁੰਦ ਦੀ ਤਰੇਲ ਨਾਲ ਗਲਾ ਖਰਾਬ ਹੋਣ ਅਤੇ ਛਾਤੀ ਜਾਮ ਹੋਣ ਦਾ ਡਰ ਸਭ ਤੋਂ ਜਿ਼ਆਦਾ ਰਹਿੰਦਾ ਹੈ। ਇਸੇ ਕਾਰਨ ਦੋਪਹੀਆ ਵਾਹਨ ਚਲਾਉਣ ਵਾਲੇ ਹੈਲਮੇਟ ਦੀ ਵਰਤੋਂ ਕਰਨ। ਗਰਮ ਟੋਪੀ ਤੇ ਮਾਸਕ ਨਾਲ ਨੱਕ-ਮੂੰਹ ਨੂੰ ਕਵਰ ਕਰ ਕੇ ਰੱਖਣ ਨਾਲ ਬਚਾਅ ਹੋਵੇਗਾ।

## ਜੋੜੇ ਬੱਚਿਆਂ ਦੀ ਦੇਖਭਾਲ ਕਰਨ ਵਾਲੀ ਕੁੜੀ ਨੇ ਘਰ 'ਚੋਂ ਕੀਤੇ ਸਾਢੇ 11 ਹਜ਼ਾਰ ਰੁਪਏ ਚੋਰੀ

ਫਿਰੋਜ਼ਪੁਰ 10 ਜਨਵਰੀ। ਮੱਲਵਾਲ ਰੋਡ ਵਿਖੇ ਇਕ ਵਿਅਕਤੀ ਦੇ ਘਰ ਵਿਚ ਜੋੜੇ ਬੱਚਿਆਂ ਦੀ ਦੇਖਭਾਲ ਕਰਨ ਵਾਲੀ ਇਕ ਕੁੜੀ ਵਲੋਂ ਘਰ ਵਿਚੋਂ ਸਾਢੇ 11 ਹਜ਼ਾਰ ਰੁਪਏ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਉਕਤ ਕੁੜੀ ਨੂੰ ਪੈਸਿਆਂ ਸਮੇਤ ਗ੍ਰਿਫਤਾਰ ਕਰਕੇ ਉਸ ਖਿ਼ਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ 381 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸ਼ਾਮ ਸੁੰਦਰ ਮੋਗਾ ਪੁੱਤਰ ਦੇਸ ਰਾਜ ਮੋਗਾ ਵਾਸੀ ਸਾਹਮਣੇ ਸੰਦੀਪ




ਹੋਟਲ ਮੱਲਵਾਲ ਰੋਡ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦੇ ਦੋ ਜੋੜਾ ਪੋਤਰੇ ਹਨ, ਜਿਨ੍ਹਾਂ ਦੀ ਉਮਰ 14/14 ਮਹੀਨੇ ਹਨ, ਜਿਨ੍ਹਾਂ ਦੀ ਦੇਖਭਾਲ ਲਈ ਉਸ ਨੇ ਡੋਮੈਸਿਟਕ ਕੰਪਨੀ ਸਰਵਿਸ ਪਾਸੋਂ ਇਕ ਮੇਡ ਜਿਸ ਦਾ ਨਾਮ ਰੇਵਿਕਾ ਕਟਵਾਲ ਪੁੱਤਰੀ ਕਾਜੀਵਾਲ ਕਟਵਾਲ ਵਾਸੀ ਉਦੇਪੁਰ (ਨੇਪਾਲ) ਮੰਗਵਾਈ ਸੀ। ਜਿਸ ਸਬੰਧੀ ਉਸ ਨੇ ਕੰਪਨੀ ਦੇ ਮਾਲਕ ਰਵਿੰਦਰਾ ਦੁਲਾਈ ਦੇ ਖਾਤੇ ਵਿਚ 29 ਹਜਾਰ ਰੁਪਏ ਪਾਏ ਸੀ ਤੇ ਉਕਤ ਮੇਡ ਦੀ ਤਨਖਾਹ 10 ਹਜ਼ਾਰ ਰੁਪਏ ਮਹੀਨਾ ਤੈਅ ਹੋਈ ਸੀ, ਉਕਤ ਮੇਡ ਮਿਤੀ 3 ਜਨਵਰੀ 2024 ਨੂੰ ਆਪਣੇ ਭਰਾ ਨਾਲ ਉਨ੍ਹਾਂ ਦੇ ਘਰ ਆਈ ਤੇ ਜਦ ਉਸ ਦਾ ਭਰਾ ਉਸ ਨੂੰ ਛੱਡ ਕੇ ਚਲਾ ਗਿਆ ਤਾਂ ਅਗਲੇ ਦਿਨ ਉਕਤ ਮੇਡ ਮਿਤੀ 4 ਜਨਵਰੀ 2024 ਨੂੰ ਕਰੀਬ ਸਾਢੇ 6 ਵਜੇ ਸ਼ਾਮ ਉਨ੍ਹਾਂ ਦੇ ਘਰੋਂ 11500 ਰੁਪਏ ਚੋਰੀ ਕਰ ਲਏ ਤੇ ਬਿਨਾਂ ਦੱਸੇ ਚਲੀ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜੰਗ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਹਿਤਕਰਤਾ ਦੇ ਬਿਆਨਾਂ 'ਤੇ ਉਕਤ ਕੁੜੀ ਖਿ਼ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਵਿਜੀਲੈਂਸ ਬਿਊਰੋ ਨੇ ਇੰਪਰੂਵਮੈਂਟ ਟਰੱਸਟ ਦੇ ਲੇਖਾਕਾਰ ਨੂੰ 8 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ 'ਚ ਕੀਤਾ ਗ੍ਰਿਫਤਾਰ

ਚੰਡੀਗੜ੍ਹ 5 ਸਤੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸ਼ਨੀਵਾਰ ਨੂੰ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ (ਏ.ਆਈ.ਟੀ.) 'ਚ ਲੇਖਾਕਾਰ ਵਜੋਂ ਤਾਇਨਾਤ ਵਿਸ਼ਾਲ ਸ਼ਰਮਾ ਵਾਸੀ ਅੰਮ੍ਰਿਤਸਰ , ਨੂੰ 8 ਲੱਖ ਰੁਪਏ ਰਿਸ਼ਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਹੈ। ਇਸ ਕੇਸ 'ਚ ਏ. ਆਈ. ਟੀ. ਦੇ ਮੁਲਜਮ ਕਾਨੂੰਨ ਅਧਿਕਾਰੀ ਗੌਤਮ ਮਜੀਠੀਆ, ਵਾਸੀ ਗਰੀਨ ਫੀਲਡ, ਮਜੀਠਾ ਰੋਡ, ਅੰਮ੍ਰਿਤਸਰ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਲੇਖਾਕਾਰ ਅਤੇ ਏ. ਆਈ. ਟੀ. ਦੇ ਲਾਅ ਅਫਸਰ ਨੂੰ ਜਤਿੰਦਰ ਸਿੰਘ ਵਾਸੀ ਪ੍ਰਤਾਪ ਐਵੀਨਿਊ, ਅੰਮ੍ਰਿਤਸਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਨੇ ਇਸ ਸਬੰਧੀ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ ਸੀ। ਹੋਰ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਆਨਲਾਈਨ ਸ਼ਿਕਾਇਤ 'ਚ ਦੋਸ਼ ਲਾਇਆ



ਹੈ ਕਿ ਉਕਤ ਕਾਨੂੰਨ ਅਧਿਕਾਰੀ ਅਤੇ ਲੇਖਾਕਾਰ ਨੇ ਜ਼ਿਲ੍ਹਾ ਅਦਾਲਤ ਦੇ ਨਿਰਦੇਸ਼ਾਂ 'ਤੇ ਉਸ ਦੀ ਜ਼ਮੀਨ ਐਕਵਾਇਰ ਕਰਨ ਬਦਲੇ 20 ਫੀਸਦੀ ਹੋਰ (ਵਾਧੂ) ਮੁਆਵਜ਼ਟ ਵਜੋਂ 20 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਦੇ ਇਵਜ਼ 'ਚ 8 ਲੱਖ ਰੁਪਏ ਵਸੂਲੇ ਹਨ। ਸ਼ਿਕਾਇਤਕਰਤਾ ਨੇ ਉਕਤ ਵਕੀਲ ਨਾਲ ਰਿਸ਼ਵਤ ਦੀ ਰਕਮ ਦੀ ਅਦਾਇਗੀ ਸਬੰਧੀ ਗੱਲਬਾਤ ਰਿਕਾਰਡ ਕਰ ਲਈ ਸੀ, ਜੋ ਕਿ ਸਬੂਤ ਵਜੋਂ ਉਸਨੇ ਵਿਜੀਲੈਂਸ ਬਿਊਰੋ ਨੂੰ ਸੌਂਪੀ ਦਿੱਤੀ ਸੀ। ਬੁਲਾਰੇ ਨੇ ਦੱਸਿਆ ਕਿ ਕੇਸ ਦੀ ਜਾਂਚ ਦੌਰਾਨ ਉਕਤ ਕਾਨੂੰਨ ਅਧਿਕਾਰੀ ਨੇ ਖੁਲਾਸਾ ਕੀਤਾ ਕਿ ਉਸ ਨੇ ਲੇਖਾਕਾਰ ਵਿਸ਼ਾਲ ਸ਼ਰਮਾ ਨੂੰ 8 ਲੱਖ ਰੁਪਏ ਦੇ ਚੈੱਕ ਸੌਂਪੇ ਸਨ, ਜੋ ਕਿ ਸ਼ਿਕਾਇਤਕਰਤਾ ਨਾਲ ਹੋਈ ਗੱਲਬਾਤ ਦੀ ਆਡੀਓ-ਵੀਡੀਓ ਰਿਕਾਰਡਿੰਗ 'ਚ ਸੱਚ ਸਾਬਤ ਹੋਇਆ ਹੈ। ਇਸ ਤੋਂ ਇਲਾਵਾ, ਲੇਖਾਕਾਰ ਨੇ ਸ਼ਿਕਾਇਤਕਰਤਾ ਨੂੰ ਵਧਿਆ ਹੋਇਆ ਮੁਆਵਜ਼ਾ ਦੇਣ ਲਈ ਐਸਟੀਮੇਟ 'ਤੇ ਦਸਤਖਤ ਕੀਤੇ ਹਨ, ਜੋ ਕਿ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੇ ਪੈਸੇ ਲੈਣ ਲਈ ਦੋਵਾਂ ਦੋਸ਼ੀਆਂ ਦੀ ਮਿਲੀਭੁਗਤ ਨੂੰ ਜਾਇਜ਼ ਠਹਿਰਾਉਂਦਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੇ ਅਧਾਰ 'ਤੇ ਵਿਜੀਲੈਂਸ ਬਿਓਰੋ ਰੇਂਜ ਅੰਮ੍ਰਿਤਸਰ ਨੇ ਉਕਤ ਸਹਿ-ਮੁਲਜ਼ਮ ਲੇਖਾਕਾਰ ਨੂੰ ਸ਼ਿਕਾਇਤਕਰਤਾ ਤੋਂ 8 ਲੱਖ ਰੁਪਏ ਰਿਸ਼ਵਤ ਲੈਣ 'ਚ ਦੋਸ਼ੀ ਪਾਏ ਜਾਣ 'ਤੇ ਗ੍ਰਿਫਤਾਰ ਕਰ ਲਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਫੂਡ ਸਟ੍ਰੀਟ ਬਣਾਉਣ ਦੇ ਪ੍ਰਾਜੈਕਟ ਨੂੰ ਲੱਗ ਸਕਦੈ ਗ੍ਰਹਿਣ !

ਲੁਧਿਆਣਾ 5 ਸਤੰਬਰ। ਨਗਰ ਨਿਗਮ ਵੱਲੋਂ ਫੂਡ ਸਟ੍ਰੀਟ ਬਣਾਉਣ ਦੇ ਪ੍ਰਾਜੈਕਟ ਨੂੰ ਗ੍ਰਹਿਣ ਲੱਗ ਸਕਦਾ ਹੈ, ਜਿਸ ਦੇ ਅਧੀਨ ਪਹਿਲਾਂ ਸਿੰਚਾਈ ਵਿਭਾਗ ਵੱਲੋਂ ਐੱਨ. ਓ. ਸੀ. ਨਹੀਂ ਦਿੱਤੀ ਗਈ ਅਤੇ ਹੁਣ ਮਾਡਲ ਟਾਊਨ ਐਕਸਟੈਂਸ਼ਨ ਦੇ ਲੋਕ ਲਾਮਬੰਦ ਹੋ ਗਏ ਹਨ। ਇੱਥੇ ਜਿ਼ਕਰਯੋਗ ਹੋਵੇਗਾ ਕਿ ਨਗਰ ਨਿਗਮ ਵੱਲੋਂ ਸਰਾਭਾ ਨਗਰ ਜ਼ੋਨ-ਡੀ ਦੇ ਆਫਿਸ ਦੇ ਬੈਕ ਸਾਈਡ 'ਤੇ ਸਿੱਧਵਾਂ ਨਹਿਰ ਦੇ ਕਿਨਾਰੇ ਫੂਡ ਸਟ੍ਰੀਟ ਬਣਾਉਣ ਲਈ ਜਗ੍ਹਾ ਮਾਰਕ ਕੀਤੀ ਗਈ ਸੀ ਪਰ ਸਿੰਚਾਈ ਵਿਭਾਗ ਅਤੇ ਪੀ. ਡਬਲਯੂ. ਡੀ. ਵੱਲੋਂ ਐੱਨ. ਓ. ਸੀ. ਨਾ ਮਿਲਣ ਕਾਰਨ ਹੁਣ ਮਾਡਲ ਟਾਊਨ ਐਕਸਟੈਂਸ਼ਨ 'ਚ ਫੂਡ ਸਟ੍ਰੀਟ ਬਣਾਉਣਾ ਦਾ ਫੈਸਲਾ ਕੀਤਾ ਗਿਆ ਹੈ। ਇਸ ਯੋਜਨਾ 'ਤੇ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਨੇੜੇ ਰਹਿ ਵਾਲੇ ਲੋਕ ਲਾਮਬੰਦ ਹੋ ਗਏ ਹਨ, ਜਿਨ੍ਹਾਂ ਲੋਕਾਂ ਵੱਲੋਂ ਗ੍ਰੀਨ ਬੈਲਟ ਦੀ ਜਗ੍ਹਾ 'ਚ ਫੂਡ ਸਟ੍ਰੀਟ ਬਣਾਉਣ ਦੀ ਯੋਜਨਾ ਦਾ ਵਿਰੋਧ ਕੀਤਾ ਜਾ ਰਿਹਾ ਹੈ। ਲੋਕਾਂ ਮੁਤਾਬਕ ਉਹ ਪਹਿਲਾਂ ਹੀ ਸੜਕਾਂ ਕਿਨਾਰੇ ਖੜ੍ਹੀਆਂ ਰੇਹੜੀਆਂ ਤੋਂ ਪ੍ਰੇਸ਼ਾਨ ਹਨ ਅਤੇ ਫੂਡ ਸਟ੍ਰੀਟ ਬਣਾਉਣ ਨਾਲ ਗੰਦਗੀ ਅਤੇ ਟ੍ਰੈਫਿਕ ਜਾਮ ਦੀ ਸਮੱਸਿਆ ਵਧ ਜਾਵੇਗੀ, ਜਿਸ ਦੇ



ਮੱਦੇਨਜ਼ਰ ਮਾਡਲ ਟਾਊਨ ਐਕਸਟੈਂਸ਼ਨ 'ਚ ਗ੍ਰੀਨ ਬੈਲਟ ਦੀ ਜਗ੍ਹਾ 'ਤੇ ਫੂਡ ਸਟ੍ਰੀਟ ਬਣਾਉਣ ਦਾ ਪ੍ਰਾਜੈਕਟ ਰੱਦ ਕਰਨ ਜਾਂ ਕਿਸੇ ਸ਼ਿਫਟ ਕਰਨ ਦੀ ਮੰਗ ਨੂੰ ਲੈ ਕੇ ਡੀ. ਸੀ. ਅਤੇ ਨਗਰ ਨਿਗਮ ਕਮਿਸ਼ਨਰ ਨੂੰ ਮੰਗ-ਪੱਤਰ ਸੌਂਪਿਆ ਗਿਆ ਹੈ। ਮਹਾਨਗਰ ਦੇ ਵੱਖ-ਵੱਖ ਹਿੱਸਿਆਂ 'ਚ ਸਥਿਤ ਗ੍ਰੀਨ ਬੈਲਟ ਦੀ ਜਗ੍ਹਾ 'ਤੇ ਕਬਜ਼ੇ ਅਤੇ ਕਮਰਸ਼ੀਅਲ ਗਤੀਵਿਧੀਆਂ ਨੂੰ ਲੈ ਕੇ ਐੱਨ. ਜੀ. ਟੀ. ਵਿਚ ਕੇਸ ਚੱਲ ਰਿਹਾ ਹੈ, ਜਿਸ ਵਿਚ ਐੱਨ. ਜੀ. ਓ. ਦੇ ਮੈਂਬਰਾਂ ਵੱਲੋਂ ਖਾਸ ਕਰ ਕੇ ਮਾਡਲ ਟਾਊਨ ਐਕਸਟੈਂਸ਼ਨ 'ਚ ਸ਼ਮਸ਼ਾਨਘਾਟ ਰੋਡ 'ਤੇ ਗ੍ਰੀਨ ਬੈਲਟ ਦੀ ਜਗ੍ਹਾ ਵਿਚ ਫੂਡ ਜੁਆਇੰਟ ਅਤੇ ਸ਼ਰਾਬ ਦੇ ਠੇਕੇ ਵੱਲੋਂ ਰਸਤਾ ਕੱਢਣ ਦਾ ਮੁੱਦਾ ਚੁੱਕਿਆ ਗਿਆ ਹੈ

## ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਲੈ ਕੇ ਸਰਕਾਰ ਦਾ ਵਿਸ਼ੇਸ਼ ਉਪਰਾਲਾ, ਚੁੱਕਿਆ ਇਹ ਕਦਮ

ਲੁਧਿਆਣਾ 5 ਸਤੰਬਰ। ਪੰਜਾਬ ਦੇ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਦੇ ਨਾਲ ਸਕੂਲ ਇੰਫਰਾਸਟਰੱਚਰ 'ਤੇ ਤੀਜੀ ਅੱਖ ਦੀ ਨਜ਼ਰ ਰਹੇਗੀ। ਇਸੇ ਲੜੀ ਤਹਿਤ ਸਕੂਲ ਸਿੱਖਿਆ ਵਿਭਾਗ ਨੇ ਸੂਬੇ ਦੇ 23 ਜ਼ਿਲ੍ਹਿਆਂ ਦੇ 18897 ਸਰਕਾਰੀ ਸਕੂਲਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਉਣ ਦੇ ਨਿਰਦੇਸ਼ ਜਾਰੀ ਕੀਤੇ




ਹਨ। ਇਨ੍ਹਾਂ ਵਿਚ 15327 ਸਕੂਲ ਐਲੀਮੈਂਟਰੀ ਅਤੇ 3570 ਸੈਕੰਡਰੀ ਪੱਧਰ ਦੇ ਸਕੂਲ ਹਨ। ਖਾਸ ਗੱਲ ਇਹ ਹੈ ਕਿ ਸਕੂਲਾਂ 'ਚ ਕੈਮਰੇ ਲਗਾਉਣ ਲਈ ਬਾਕਾਇਦਾ ਵਿਭਾਗ ਨੇ ਸਪੈਸੀਫਿਕੇਸ਼ਨ ਫਾਈਨਲ ਕੀਤੀ ਹੈ, ਜਿਸ ਤਹਿਤ ਹੀ ਸਕੂਲਾਂ ਨੂੰ ਕੈਮਰੇ ਇੰਸਟਾਲ ਕਰਵਾਉਣਗੇ ਹੋਣਗੇ। ਵਿਭਾਗ ਵੱਲੋਂ ਜਾਰੀ ਪੱਤਰ ਮੁਤਾਬਕ ਸੂਬੇ ਭਰ ਦੇ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ, ਸਟਾਫ ਅਤੇ ਸਕੂਲ ਦੇ ਕੀਮਤੀ ਸਾਮਾਨ ਦੀ ਸੁਰੱਖਿਆ ਦੇ ਮੱਦੇਨਜ਼ਰ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਮੱਗਰ ਸਿੱਖਿਆ ਦੇ ਅਧੀਨ ਸੇਫਟੀ ਅਤੇ ਸਕਿਓਰਿਟੀ ਕੰਪੋਨੈਂਟ ਅਧੀਨ ਸਕੂਲਾਂ ਵਿਚ ਸੀ. ਸੀ. ਟੀ. ਵੀ. ਕੈਮਰੇ ਲਗਵਾਏ ਜਾਣੇ ਹਨ। ਇਸ ਉਦੇਸ਼ ਦੀ ਪੂਰਤੀ ਲਈ ਸੂਬੇ ਭਰ ਦੇ ਉਕਤ ਐਲੀਮੈਂਟਰੀ ਸਕੂਲਾਂ ਨੂੰ 3.06 ਕਰੋੜ ਅਤੇ ਸੈਕੰਡਰੀ ਸਕੂਲਾਂ ਨੂੰ ਲਗਭਗ 71 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

## ਕਿਡਨੈਪਰ ਨੂੰ ਜੱਫੀ ਪਾ ਕੇ ਜੋਰ-ਜੋਰ ਨਾਲ ਰੌਣ ਲੱਗਾ ਮਾਸੂਮ

ਜੈਪੁਰ 5 ਸਤੰਬਰ। ਰਾਜਸਥਾਨ ਦੀ ਰਾਜਧਾਨੀ ਜੈਪੁਰ 'ਚ ਇਕ ਅਨੋਖਾ ਨਜਾਰਾ ਦੇਖਣ ਮਿਲਿਆ। ਇੱਥੇ ਪੁਲਸ ਨੇ ਕਰੀਬ 14 ਮਹੀਨੇ ਪਹਿਲਾਂ ਅਗਵਾ ਕੀਤੇ ਹੋਏ ਬੱਚੇ ਨੂੰ ਬਰਾਮਦ ਕਰ ਲਿਆ। ਮਾਸੂਮ ਕਿਡਨੈਪਰ ਨੂੰ ਜੱਫੀ ਪਾ ਕੇ ਜੋਰ-ਜੋਰ ਨਾਲ ਰੌਣ ਲੱਗਾ, ਜਿਸ ਤੋਂ ਬਾਅਦ ਦੋਸ਼ੀ ਦੇ ਵੀ ਅੱਖਾਂ 'ਚੋਂ ਹੰਝੂ ਨਿਕਲ ਆਏ। ਦਰਅਸਲ ਜੈਪੁਰ ਦੇ ਪੁਲਸ ਥਾਣੇ ਤੋਂ ਭਾਵੁਕ ਕਰ ਦੇਣ ਵਾਲਾ ਵੀਡੀਓ ਸਾਹਮਣੇ ਆਇਆ ਹੈ, ਜਿਸ 'ਚ ਇਕ ਮਾਸੂਮ ਕਿਡਨੈਪਿੰਗ ਦੇ ਦੋਸ਼ੀ ਨਾਲ ਲਿਪਟ ਕੇ ਜੋਰ-ਜੋਰ ਨਾਲ ਰੋ ਰਿਹਾ ਹੈ, ਬੱਚਾ ਉਸ ਨੂੰ ਛੱਡਣ ਲਈ ਤਿਆਰ ਨਹੀਂ ਹੈ। ਬੱਚੇ ਨੂੰ ਰੌਂਦੇ ਦੇਖ ਦੋਸ਼ੀ ਦੀਆਂ ਅੱਖਾਂ 'ਚੋਂ ਵੀ ਹੰਝੂ ਆ ਗਏ। ਇਹ ਦੇਖ ਕੇ ਪੁਲਸ ਦੇ ਜਵਾਨ ਨੇ ਜਬਰਦਸਤੀ ਦੋਸ਼ੀ ਨਾਲ ਲਿਪਟੇ ਬੱਚੇ ਨੂੰ ਛੁਡਾ ਕੇ ਉਸ ਦੀ ਮਾਂ ਨੂੰ ਸੌਂਪ ਦਿੱਤਾ ਪਰ ਫਿਰ ਵੀ ਬੱਚਾ ਰੌਂਦਾ ਰਿਹਾ। ਦੱਸਣਯੋਗ ਹੈ ਕਿ ਦੋਸ਼ੀ ਨੇ ਇਸ ਬੱਚੇ ਨੂੰ 14 ਮਹੀਨਿਆਂ ਤੱਕ ਆਪਣੀ ਕੈਦ 'ਚ ਰੱਖਿਆ ਸੀ। ਰਿਪੋਰਟ ਅਨੁਸਾਰ ਬੱਚੇ ਨੂੰ ਅਗਵਾ ਕਰਨ ਵਾਲੇ ਦੋਸ਼ੀ ਦਾ ਨਾਂ ਤਨੁਜ ਚਾਹਰ ਹੈ, ਜੋ ਉੱਤਰ ਪ੍ਰਦੇਸ਼ ਪੁਲਸ ਦਾ ਮੁਅੱਤਲ ਹੈੱਡ ਕਾਂਸਟੇਬਲ ਹੈ। ਉਸ ਨੂੰ ਬੀਤੇ ਦਿਨ ਜੈਪੁਰ ਪੁਲਸ ਨੇ ਅਲੀਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਸੀ। ਜਦੋਂ ਪੁਲਸ ਨੇ ਉਸ ਨੂੰ ਫੜਿਆ ਉਦੋਂ ਉਸ ਨੇ ਦਾੜ੍ਹੀ-ਮੁੱਛ ਵਧਾ ਕੇ ਅਤੇ ਭਗਵਾ ਚੋਲਾ ਪਾ ਕੇ ਸਾਧੂ ਦਾ ਭੇਸ ਬਣਾ ਲਿਆ ਸੀ। ਇਸੇ ਮੁਲਜਮ ਨੇ ਪਿਛਲੇ ਸਾਲ 14 ਜੂਨ ਨੂੰ ਜੈਪੁਰ ਦੇ ਸੰਗਾਨੇਰ ਤੋਂ ਪ੍ਰਿਥਵੀ ਉਰਫ ਕੁੱਕੂ ਨੂੰ ਅਗਵਾ ਕੀਤਾ ਸੀ। ਉਸ ਸਮੇਂ ਉਹ ਸਿਰਫ 11 ਮਹੀਨੇ ਦਾ ਸੀ। ਹੁਣ ਜਦੋਂ ਪੁਲਸ ਨੇ ਅਗਵਾਕਾਰ ਨੂੰ ਗ੍ਰਿਫਤਾਰ ਕਰ ਕੇ ਬੱਚੇ ਨੂੰ ਉਸ ਦੀ ਹਿਰਾਸਤ 'ਚੋਂ ਸੁਰੱਖਿਅਤ ਬਰਾਮਦ ਕਰ ਲਿਆ ਤਾਂ ਬੱਚਾ ਉਸ ਨੂੰ ਛੱਡਣ



ਲਈ ਤਿਆਰ ਨਹੀਂ ਸੀ। ਥਾਣੇ 'ਚ ਅਗਵਾਕਾਰ ਤੋਂ ਵੱਖ ਹੋਣ ਤੋਂ ਬਾਅਦ ਬੱਚਾ ਉੱਚੀ-ਉੱਚੀ ਰੋਣ ਲੱਗਾ ਅਤੇ ਵਾਰ-ਵਾਰ ਦੋਸੀ ਨੂੰ ਜੱਫੀ ਪਾ ਰਿਹਾ ਸੀ। ਇਹ ਦੇਖ ਕੇ ਅਗਵਾਕਾਰ ਤੋਂ ਇਲਾਵਾ ਪੁਲਸ ਵਾਲਿਆਂ ਦੀਆਂ ਵੀ ਅੱਖਾਂ ਨਮ ਹੋ ਗਈਆਂ। ਪੁਲਸ ਮੁਲਾਜਮਾਂ ਨੇ ਥਾਣੇ ਦੇ ਬਾਹਰ ਖੜ੍ਹੀ ਮਾਂ ਦੀ ਗੋਦ 'ਚ ਰੋਂਦੇ ਬੱਚੇ ਨੂੰ ਸੌਂਪ ਦਿੱਤਾ ਪਰ ਬੱਚਾ ਅਗਵਾਕਾਰ ਕੋਲ ਜਾਣ ਲਈ ਰੋਂਦਾ ਰਿਹਾ। ਇਸ ਦੌਰਾਨ ਪੁਲਸ ਨੇ ਬੱਚੇ ਦੇ ਮਾਪਿਆਂ ਤੋਂ ਕਈ ਵਾਰ ਪੁੱਛ-ਗਿੱਛ ਕੀਤੀ ਅਤੇ ਫਿਰ ਉਸ ਨੂੰ 14 ਮਹੀਨਿਆਂ ਤੱਕ ਬੰਦੀ ਬਣਾ ਕੇ ਰੱਖਣ ਦੇ ਬਾਵਜੂਦ ਬੱਚੇ ਨੂੰ ਕੋਈ ਸੱਟ ਨਹੀਂ ਪਹੁੰਚਾਈ। ਦਰਅਸਲ ਨਵੇਂ ਕੱਪੜਿਆਂ ਅਤੇ ਖਿਡੌਣਿਆਂ ਤੋਂ ਲੈ ਕੇ ਹਰ ਇੱਛਾ ਪੂਰੀ ਕੀਤੀ। ਇਹੀ ਨਹੀਂ ਪੁਲਸ ਹਿਰਾਸਤ 'ਚ ਦੋਸ਼ੀ 2 ਸਾਲ ਦੇ ਬੱਚੇ ਨੂੰ ਖੁਦ ਦਾ ਬੱਚਾ ਦੱਸ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਇਹ ਬੱਚਾ ਉਸ ਦਾ ਹੈ। ਇਹੀ ਨਹੀਂ ਬੱਚੇ ਨੂੰ ਅਗਵਾ ਕਰਨ ਤੋਂ ਬਾਅਦ ਤਨੁਜ ਚਾਹਰ ਬੱਚੇ ਦੀ ਮਾਂ ਤੋਂ ਆਪਣੀ ਗੱਲ ਮਨਵਾਉਣ ਲਈ ਵਾਰ-ਵਾਰ ਫੋਨ ਕਰਦਾ ਸੀ ਅਤੇ ਬੱਚੇ ਦੀ ਮਾਂ ਨੂੰ ਵੀ ਉਹ ਆਪਣੇ ਕੋਲ ਰੱਖਣਾ ਚਾਹੁੰਦਾ ਸੀ, ਇਸ ਤੋਂ ਪੁਲਸ ਨੂੰ ਪ੍ਰੇਮ ਪ੍ਰਸੰਗ ਦਾ ਵੀ ਖਦਸ਼ਾ ਹੈ। ਉੱਥੇ ਹੀ ਇਸ ਮਾਮਲੇ ਬਾਰੇ ਜੈਪੁਰ ਦੱਖਣ ਦੇ ਪੁਲਸ ਕਮਿਸਨਰ ਦਿਗੰਤ ਆਨੰਦ ਨੇ ਦੱਸਿਆ ਕਿ 14 ਜੂਨ 2023 ਨੂੰ ਸੰਗਾਨੇਰ ਸਦਰ ਇਲਾਕੇ 'ਚ 11 ਮਹੀਨੇ ਦੇ ਬੱਚੇ ਕੁੱਕੂ ਉਰਫ ਪ੍ਰਿਥਵੀ ਨੂੰ ਅਗਵਾ ਕਰਨ ਦੀ ਸੂਚਨਾ ਮਿਲੀ ਸੀ। ਦੋਸੀ ਤਨੁਜ ਨੇ ਹੀ ਆਪਣੇ ਚਾਰ-ਪੰਜ ਸਾਥੀਆਂ ਨਾਲ ਮਿਲ ਕੇ ਬੱਚੇ ਨੂੰ ਉਸ ਦੇ ਘਰੋਂ ਅਗਵਾ ਕੀਤਾ ਸੀ। ਪੁਲਸ ਨੇ ਅਗਵਾ ਹੋਏ ਬੱਚੇ ਨੂੰ ਬਰਾਮਦ ਕਰਨ ਲਈ ਕਈ ਰਾਜਾਂ 'ਚ ਛਾਪੇਮਾਰੀ ਕੀਤੀ ਸੀ। ਇਸ ਤੋਂ ਬਾਅਦ 27 ਅਗਸਤ ਨੂੰ ਖੇਤਾਂ 'ਚ ਪਿੱਛਾ ਕਰ ਕੇ ਦੋਸ਼ੀ ਤਨੁਜ ਚਾਹਰ ਨੂੰ ਫੜ ਲਿਆ ਅਤੇ ਉਸ ਨੂੰ ਜੈਪੁਰ ਲੈ ਕੇ ਆਈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਗਰਭਵਤੀ ਨਾਲ ਚੱਲਦੀ ਕਾਰ 'ਚ ਸਮੂਹਿਕ ਜਬਰ-ਜਿਨਾਹ, ਪ੍ਰੈਗਨੈਂਟ ਦੱਸਣ 'ਤੇ ਮੁੜ ਰੇਪ ਕਰ ਕੇ ਛੱਡ ਗਏ ਘਰ

ਗਾਜੀਆਬਾਦ 5 ਸਤੰਬਰ। ਗਾਜੀਆਬਾਦ ਦੇ ਖੋੜਾ ਕਾਲੋਨੀ ਦੀ ਇਕ ਗਰਭਵਤੀ ਔਰਤ ਨਾਲ 3 ਵਿਅਕਤੀਆਂ ਨੇ ਚੱਲਦੀ ਕਾਰ 'ਚ ਸਮੂਹਿਕ ਜਬਰ-ਜਨਿਾਹ ਕੀਤਾ। ਮੁਲਜਮ ਔਰਤ ਨੂੰ ਨੋਇਡਾ ਦੇ ਸੈਕਟਰ-63 ਤੋਂ ਝਾਂਸਾ ਦੇ ਕੇ ਲੈ ਗਏ ਸਨ। ਦਿੱਲੀ ਪੁਲਸ ਨੇ ਜੀਰੋ ਐੱਫ.ਆਈ.ਆਰ. ਦਰਜ ਕਰ ਕੇ ਜਾਂਚ ਲਈ ਨੋਇਡਾ ਭੇਜ ਦਿੱਤੀ ਹੈ। ਥਾਣਾ ਸੈਕਟਰ-63 ਦੀ ਪੁਲਸ ਨੇ ਮੁਕੱਦਮਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। 20 ਸਾਲਾ ਪੀੜਤਾ ਨੇ ਦਰਜ ਕਰਾਈ ਐੱਫ.ਆਈ.ਆਰ. 'ਚ ਦੱਸਿਆ ਕਿ ਉਹ ਆਪਣੇ ਦੋਸਤ ਨਾਲ ਲਿਵ-ਇਨ ਰਿਲੇਸ਼ਨਸ਼ਿਪ 'ਚ ਹੈ ਅਤੇ ਲਗਭਗ 4 ਮਹੀਨਿਆਂ ਦੀ ਗਰਭਵਤੀ ਹੈ। ਉਹ ਸੈਕਟਰ-63 ਸਥਿਤ ਇਕ ਪ੍ਰਾਈਵੇਟ ਕੰਪਨੀ 'ਚ ਨੌਕਰੀ ਕਰਦੀ ਹੈ। ਇਸ ਕੰਪਨੀ 'ਚ ਸਮੀਰ ਨਾਂ ਦਾ ਵਿਅਕਤੀ ਠੇਕੇਦਾਰੀ ਕਰਦਾ ਹੈ। ਪੀੜਤਾ ਨੇ ਦੱਸਿਆ ਕਿ 3 ਜੁਲਾਈ ਦੀ ਦੁਪਹਿਰ ਸਮੀਰ ਨੇ ਮੈਨੂੰ ਕਾਲ ਕਰ ਕੇ ਕਿਹਾ ਕਿ ਕੰਪਨੀ 'ਚ ਕੰਮ ਕਰਨ ਵਾਲੇ ਇਕ ਅੰਕਲ ਦੀ ਤਬੀਅਤ ਖ਼ਰਾਬ ਹੈ। ਉਨ੍ਹਾਂ ਨੂੰ ਦੇਖਣ ਚੱਲਣਾ ਹੈ। ਸਮੀਰ ਬਾਈਕ ਲੈ ਕੇ ਕੰਪਨੀ ਪੁੱਜਾ ਅਤੇ ਉਸ ਨੂੰ ਖੋੜਾ ਕਾਲੋਨੀ ਲੈ ਗਿਆ, ਜਿੱਥੇ ਪਹਿਲਾਂ ਤੋਂ ਹੀ ਇਕ ਬੋਲੇਰੋ ਕਾਰ ਖੜ੍ਹੀ ਸੀ। ਉਸ 'ਚ 2 ਵਿਅਕਤੀ ਸਵਾਰ ਸਨ। ਜਿਸ ਤੋਂ ਬਾਅਦ ਉਨ੍ਹਾਂ ਕੋਲਡ ਡਰਿੰਕਸ 'ਚ ਨਸ਼ੀਲਾ ਪਦਾਰਥ ਮਿਲਾ ਕੇ ਉਸ ਨੂੰ ਪਿਆ ਦਿੱਤਾ ਅਤੇ ਚੱਲਦੀ ਕਾਰ 'ਚ ਜਬਰ-ਜਨਿਾਹ ਕੀਤਾ। ਹੋਸ਼ 'ਚ ਆਉਣ 'ਤੇ ਉਸ ਨੇ ਕਿਹਾ ਕਿ ਮੈਨੂੰ ਛੱਡ ਦਿਓ, ਮੈਂ ਪ੍ਰੈਗਨੈਂਟ ਹਾਂ ਅਤੇ ਮੈਨੂੰ ਘਰ ਜਾਣ ਦਿਓ। ਇਸ ਤੋਂ ਬਾਅਦ ਮੁਲਜਮਾਂ ਨੇ ਉਸ ਨਾਲ ਫਿਰ ਜਬਰ-ਜਨਿਾਹ ਕੀਤਾ ਅਤੇ ਬਾਅਦ 'ਚ ਉਹ ਪੀੜਤਾ ਨੂੰ ਘਰ ਛੱਡ ਗਏ।

# ਖਾਣ-ਪੀਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਪੋਲਟਰੀ ਉਦਯੋਗ ਲਈ ਬਣੀਆਂ ਆਫਤ

ਅੰਮ੍ਰਿਤਸਰ 5 ਸਤੰਬਰ। ਖਾਣ-ਪੀਣ ਦੀਆਂ ਵਸਤੂਆਂ ਵਿਚ ਬਿਹਤਰ ਬਦਲ ਬਣਦੇ ਜਾ ਰਹੇ ਪੋਲਟਰੀ ਉਦਯੋਗ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਉਨ੍ਹਾਂ ਲੋਕਾਂ ਨੂੰ ਭੁਗਤਣੀ ਪੈ ਰਹੀ ਹੈ, ਜੋ ਆਪਣੇ ਖਾਣ-ਪੀਣ ਦੀਆਂ ਵਸਤੂਆਂ ਨੂੰ ਪਕਵਾਨਾਂ ਵਿਚ ਬਦਲ ਕੇ ਕਈ ਗੁਣਾ ਵੱਧ ਭਾਅ ਵਸੂਲ ਰਹੇ ਹਨ। ਨਾ ਸਿਰਫ ਪੋਲਟਰੀ ਉਦਯੋਗ ਨੂੰ ਤਬਾਹ ਕਰ ਰਹੇ ਹਨ, ਸਗੋਂ ਲੋਕਾਂ ਦੇ ਮਨਾਂ ਵਿਚ ਮਹਿੰਗੇ ਖਾਣੇ ਦਾ ਡਰ ਵੀ ਪੈਦਾ ਕਰ ਰਹੇ ਹਨ। ਜੇਕਰ ਸਰਕਾਰ ਵੱਲੋਂ ਇਸ 'ਤੇ ਬਣਦੀ ਕਾਰਵਾਈ ਕਰ ਕੇ ਰੇਟ ਤੈਅ ਕੀਤੇ ਜਾਣ ਤਾਂ ਇਹ ਪੋਲਟਰੀ ਉਦਯੋਗ ਲਈ ਵਰਦਾਨ ਸਾਬਤ ਹੋ ਸਕਦਾ ਹੈ। 75 ਸਾਲ ਪਹਿਲਾਂ ਪੋਲਟਰੀ ਉਦਯੋਗ ਸ਼ੁਰੂ ਕਰਨ ਦਾ ਉਦੇਸ ਅਨਾਜ ਦੀ ਸਮੱਸਿਆ ਨੂੰ ਘੱਟ ਕਰਨਾ ਸੀ। ਜਦੋਂ ਆਬਾਦੀ ਦੇ ਇਕ ਵੱਡੇ ਹਿੱਸੇ ਨੇ ਇਸ ਨੂੰ ਮਾਸਾਹਾਰੀ ਸਮਝਿਆ ਅਤੇ ਇਸ ਨੂੰ ਘਰ ਵਿਚ ਪਕਾਉਣ 'ਤੇ ਪਾਬੰਦੀ ਲਗਾ ਦਿੱਤੀ। ਇਸ ਸਬੰਧੀ ਪੋਲਟਰੀ ਫਾਰਮਰਜ ਐਸੋਸੀਏਸ਼ਨ ਦੇ ਜਨਰਲ ਸਕੱਤਰ ਉਮੇਸ ਸਰਮਾ ਦਾ ਕਹਿਣਾ ਹੈ ਕਿ ਸਰਕਾਰ ਪ੍ਰਚੂਨ ਪੱਧਰ 'ਤੇ ਇਸ ਦੀਆਂ ਕੀਮਤਾਂ 'ਤੇ ਰੋਕ ਲਗਾਏ ਤਾਂ ਕਿ ਲੋਕ ਸਹੀ ਰੇਟਾਂ 'ਤੇ ਇਸ ਦਾ ਲਾਭ ਲੈ ਸਕਣ। ਪੋਲਟਰੀ ਫਾਰਮ ਤੋਂ ਨਿਕਲਿਆ ਹੋਇਆ ਮੁਰਗਾ ਜਦੋਂ ਡ੍ਰੇਸਡ ਹੋ ਕੇ ਚਿਕਨ ਬਣਦਾ ਹੈ ਤਾਂ ਉਸ ਦੀ ਕੀਮਤ 98 ਪ੍ਰਤੀ ਕਿਲੋ ਤੋਂ ਵੱਧ ਕੇ 130 ਰੁਪਏ ਹੋ ਜਾਂਦੀ ਹੈ। ਹੁਣ ਜਦੋਂ ਮਾਰਕੀਟ ਵਿਚ ਜਾ ਕੇ



ਰਿਟੇਲ ਵਿਚ ਗਾਹਕ ਨੂੰ ਪਰੋਸਿਆ ਜਾਂਦਾ ਹੈ ਤਾਂ ਪ੍ਰਤੀ ਪੀਸ (1 ਚਿਕਨ ਵਿਚ 4) 125 ਰੁਪਏ ਲਿਆ ਜਾਂਦਾ ਹੈ। ਹੁਣ ਜੇਕਰ ਇਸ ਨੂੰ ਤੰਦੂਰ ਦੀ ਬਜਾਏ 'ਕਰੀ-ਸ਼ੇਪ' ਵਿਚ ਲੈਣਾ ਹੋਵੇ ਤਾਂ ਇਸ ਦੀ ਕੀਮਤ 30 ਤੋਂ 35 ਫੀਸਦੀ ਹੋਰ ਵੱਧ ਜਾਂਦੀ ਹੈ। ਇਸ ਵਿਚ ਜੇਕਰ ਪੂਰੇ ਚਿਕਨ ਦੀ ਕੀਮਤ 550 ਤੋਂ 600 ਰੁਪਏ ਮੰਗੀ ਜਾਂਦੀ ਹੈ ਤਾਂ ਖਰੀਦਦਾਰ 300 ਤੋਂ ਅੱਧਾ ਖਰੀਦ ਲੈਂਦਾ ਹੈ। ਹੁਣ ਜੇਕਰ ਉਹ ਘੱਟ ਰੇਟ ਚਾਰਜ ਕਰੇ ਤਾਂ ਗਾਹਕ ਦੁੱਗਣੀ ਮਾਤਰਾ ਖਰੀਦ ਸਕਦਾ ਹੈ ਪਰ ਜ਼ਿਆਦਾ ਕੀਮਤ ਵਸੂਲੀ ਤੋਂ ਉਸ ਦੀ ਖਰੀਦ ਸ਼ਕਤੀ ਘੱਟ ਹੋ ਜਾਂਦੀ ਹੈ। ਇਸ ਕਾਰਨ ਪੋਲਟਰੀ ਦੀ ਸੇਲ ਅੱਧੀ ਤੋਂ ਘੱਟ ਹੋ ਜਾਂਦੀ ਹੈ। ਬਣਿਆ ਹੋਇਆ ਚਿਕਨ ਵੇਚਣ ਵਾਲੇ ਭਾਵੇ 'ਤੰਦੂਰੀ ਹੋਵੇ ਜਾ ਕਰੀ ਵਾਲਾ' 1 ਕਿਲੋ ਦੀ ਬਜਾਏ 700 ਗ੍ਰਾਮ ਮੁਰਗਾ ਖਰੀਦਣਾ ਇਸ ਲਈ ਪਸੰਦ ਕਰਦੇ ਹਨ, ਕਿਉਂਕਿ ਉਹ ਹੋਰ ਸਸਤਾ ਹੋ ਜਾਂਦਾ ਹੈ। ਕੁਲ ਮਿਲਾ ਕੇ ਖਪਤਕਾਰ ਦੇ ਪੱਲੇ ਕੁਝ ਨਹੀਂ ਪੈਂਦਾ। ਪੋਲਟਰੀ ਇੰਡਸਟਰੀ ਵਿਚ ਸਭ ਤੋਂ ਸਸਤਾ ਮੰਨੇ ਜਾਣ ਵਾਲੇ ਅੰਡੇ ਦੀ ਕੀਮਤ ਸਿਰਫ 5 ਰੁਪਏ ਹੈ ਅਤੇ ਦੋ ਆਂਡਿਆਂ ਦਾ ਆਮਲੇਟ ਬਾਜਾਰ ਵਿਚ 80 ਤੋਂ 100 ਰੁਪਏ ਵਿਚ ਵਿਕਦਾ ਹੈ, ਜਦਕਿ ਇਸ ਦੇ ਤਿਆਰ ਕੀਤੇ ਪਕਵਾਨ ਦੀ ਕੁੱਲ ਕੀਮਤ 20 ਰੁਪਏ ਤੋਂ ਵੀ ਘੱਟ ਹੈ। ਖਪਤਕਾਰ ਇੰਨਾ ਮਹਿੰਗਾ ਆਮਲੇਟ ਖਰੀਦਣ ਤੋਂ ਝਿਜਕਦਾ ਹੈ, ਕਿਉਂਕਿ ਇਹ ਮਹਿੰਗਾ ਹੋਣ ਕਾਰਨ ਇਸ ਦੇ ਰੇਟ ਨੂੰ ਕੰਟਰੋਲ ਕੀਤਾ ਜਾਂਦਾ ਹੈ ਤਾਂ ਇਹ ਸਭ ਵਰਗਾਂ ਲਈ ਬਹੁਤ ਸਸਤਾ ਅਤੇ ਵਧੀਆ ਭੋਜਨ ਬਣ ਸਕਦਾ ਹੈ। ਪੋਲਟਰੀ ਉਦਯੋਗ ਦੇ ਅੱਗੇ ਨਾ ਵਧਣ ਦਾ ਇਕ ਕਾਰਨ ਹੈਚਰੀਆਂ 'ਤੇ ਕਾਰਪੋਰੇਟ ਕਬਜਾ ਹੈ। ਪੋਲਟਰੀ ਫਾਰਮ ਨੂੰ ਪ੍ਰੋਡੈਕਸ਼ਨ ਲਈ ਪਹਿਲਾਂ ਛੋਟੇ ਚੂਚੇ (ਚਿਪਸ) ਦੀ ਲੋੜ ਹੁੰਦੀ ਹੈ,

## ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਕੀਤੀ ਲੱਖਾਂ ਦੀ ਠੱਗੀ

ਟਾਂਡਾ ਉੜਮੁੜ 5 ਸਤੰਬਰ। ਨੌਜਵਾਨ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਕਰਨ ਵਾਲੇ ਵਿਅਕਤੀ ਖ਼ਿਲਾਫ ਟਾਂਡਾ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਥਾਣਾ ਮੁਖੀ ਗੁਰਿੰਦਰ ਜੀਤ ਨਾਗਰਾ ਨੇ ਦੱਸਿਆ ਕਿ ਪੁਲਸ ਨੇ ਇਹ ਮਾਮਲਾ ਜਗਜੀਤ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਕਲਿਆਣਪੁਰ ਦੇ ਬਿਆਨ ਦੇ ਆਧਾਰ 'ਤੇ ਪ੍ਰੇਮ ਸਿੰਘ ਵਾਸੀ ਚੋਲਾਂਗ ਖ਼ਿਲਾਫ ਦਰਜ ਕੀਤਾ ਹੈ। ਆਪਣੇ ਬਿਆਨ ਵਿਚ ਜਗਜੀਤ ਸਿੰਘ ਨੇ ਦੋਸ਼ ਲਾਇਆ ਕਿ ਇਸ ਮੁਲਜ਼ਮ ਨੇ ਉਸ ਦੇ ਪੋਤਰੇ ਬਿਕਰਮਜੀਤ ਸਿੰਘ ਨੂੰ 19 ਲੱਖ ਰੁਪਏ ਲੈਣ ਦੇ ਬਾਵਜੂਦ ਅਮਰੀਕਾ ਭੇਜਣ ਦੀ ਬਜਾਏ ਪਹਿਲਾਂ ਦੁਬਈ ਅਤੇ ਬਾਅਦ ਵਿਚ ਬੈਂਕੌਕ ਭੇਜ ਦਿੱਤਾ। ਬਾਅਦ ਵਿਚ ਉਸ ਦੀ ਰਕਮ ਵੀ ਵਾਪਸ ਨਹੀਂ ਕੀਤੀ। ਆਰਥਿਕ ਅਪਰਾਧ ਸ਼ਾਖਾ ਅਤੇ ਉੱਪ ਪੁਲਸ ਕਪਤਾਨ ਵੱਲੋਂ ਕੀਤੀ ਜਾਂਚ ਤੋਂ ਬਾਅਦ ਟਾਂਡਾ ਪੁਲਸ ਨੇ ਹੁਣ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੱਥਾ ਟੇਕਣ ਜਾ ਰਹੇ ਪਰਿਵਾਰ 'ਤੇ ਟੁੱਟਿਆ ਦੁੱਖਾਂ ਦਾ ਪਹਾੜ ! ਵਾਪਰ ਗਈ ਅਣਹੋਣੀ

ਦੋਰਾਹਾ 5 ਸਤੰਬਰ। ਮੱਥਾ ਟੇਕਣ ਜਾ ਰਹੇ ਪਰਿਵਾਰ ਦੇ ਮੋਟਰਸਾਈਕਲ ਨੂੰ ਦੋਰਾਹਾ ਨੇੜੇ ਜੀ.ਟੀ. ਰੋਡ 'ਤੇ ਪਿੱਛੋਂ ਆ ਰਹੀ ਇੱਕ ਤੇਜ ਰਫਤਾਰ ਕਾਰ ਵੱਲੋਂ ਜੋਰਦਾਰ ਟੱਕਰ ਮਾਰ ਦਿੱਤੀ ਗਈ, ਜਿਸ ਕਾਰਨ ਇਕ ਔਰਤ ਦੀ ਦਰਦਨਾਕ ਮੌਤ ਹੋ ਗਈ। ਇਸ ਸੜਕ ਹਾਦਸੇ ਸਬੰਧੀ ਜਾਣਕਾਰੀ ਦਿੰਦਿਆਂ ਜੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਹੇਡੋਂ, ਥਾਣਾ ਸਮਰਾਲਾ, ਜ਼ਿਲਾ ਲੁਧਿਆਣਾ ਨੇ ਦੱਸਿਆ ਕਿ ਉਸਦਾ ਜੀਜਾ ਗੋਬਿੰਦਰ ਸਿੰਘ ਅਤੇ ਮੇਰੀ ਭੈਣ ਰੁਪਿੰਦਰ ਕੌਰ ਅਤੇ ਉਨ੍ਹਾਂ ਦਾ ਭਤੀਜਾ ਹਰਦੀਪ ਸਿੰਘ ਬੁਲੇਟ ਮੋਟਰਸਾਈਕਲ 'ਤੇ ਲੁਧਿਆਣਾ ਤੋਂ ਪਿੰਡ ਦਵਾਲਾ (ਸਮਰਾਲਾ) ਵਿਖੇ ਮੱਥਾ ਟੇਕਣ ਲਈ ਆ ਰਹੇ ਸੀ। ਜਦੋਂ ਉਹ ਜੀ.ਟੀ. ਰੋਡ 'ਤੇ 3ਜੇ ਢਾਬੇ ਨੇੜੇ ਪੁੱਜੇ ਤਾਂ ਪਿੱਛੋਂ ਆ ਰਹੀ ਇਕ ਤੇਜ ਰਫਤਾਰ ਕਾਰ ਦੇ ਚਾਲਕ ਨੇ ਉਕਤ ਮੋਟਰਸਾਈਕਲ ਨੂੰ ਜੋਰਦਾਰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਉਸ ਦੀ ਭੈਣ ਰੁਪਿੰਦਰ ਕੌਰ, ਜੀਜਾ ਗੋਬਿੰਦਰ ਸਿੰਘ ਅਤੇ ਭਤੀਜਾ ਹਰਦੀਪ ਸਿੰਘ ਤਿੰਨੋਂ ਮੋਟਰਸਾਈਕਲ ਸਮੇਤ ਸੜਕ 'ਤੇ ਡਿੱਗ ਪਏ, ਅਤੇ ਗੰਭੀਰ ਜਖਮੀ ਹੋ ਗਏ। ਬਾਅਦ 'ਚ ਰਾਹਗੀਰਾਂ ਨੇ ਜਖਮੀਆਂ ਨੂੰ ਚੁੱਕ ਕੇ ਮੁੱਢਲੀ ਸਹਾਇਤਾ ਲਈ ਨਜਦੀਕੀ ਹਸਪਤਾਲ ਪਹੁੰਚਾਇਆ। ਜਿੱਥੇ ਉਸ ਦੀ ਭੈਣ ਰੁਪਿੰਦਰ ਕੌਰ ਨੂੰ ਡਾਕਟਰ ਸਾਹਿਬ ਨੇ ਮ੍ਰਿਤਕ ਐਲਾਨ ਦਿੱਤਾ, ਜਦਕਿ ਬਾਕੀ ਜਖਮੀਆਂ ਗੋਬਿੰਦਰ ਸਿੰਘ ਅਤੇ ਹਰਦੀਪ ਸਿੰਘ ਨੂੰ ਹਸਪਤਾਲ 'ਚ ਦਾਖਲ ਕਰ ਲਿਆ। ਦੋਰਾਹਾ ਪੁਲਸ ਨੇ ਮ੍ਰਿਤਕਾਂ ਦੇ ਭਰਾ ਜੀਤ ਸਿੰਘ ਦੇ ਬਿਆਨ 'ਤੇ ਕਾਰ ਦੇ ਚਾਲਕ ਰਾਹੁਲ ਕੁਮਾਰ ਪੁੱਤਰ ਫੱਗੂ ਰਾਮ ਵਾਸੀ ਅੰਬਾਲਾ ਰੋਡ, ਨਿਰਪਾਲਪੁਰ, ਸਹਾਰਨਪੁਰ, ਉੱਤਰ ਪ੍ਰਦੇਸ਼ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ, ਉੱਥੇ ਹੀ ਹਾਦਸੇ ਵਿਚ ਸਾਮਲ ਵਾਹਨਾਂ ਅਤੇ ਮ੍ਰਿਤਕਾਂ ਦੀ ਲਾਸ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਕਰਵਾਉਣ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤੀ ਹੈ। ਇਸ ਸਬੰਧੀ ਜਦੋਂ ਮਾਮਲੇ ਦੀ ਜਾਂਚ ਕਰ ਰਹੇ ਏ.ਐੱਸ.ਆਈ ਸਤਪਾਲ ਸਿੰਘ ਇੰਚਾਰਜ ਪੁਲਸ ਚੌਕੀ ਦੋਰਾਹਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਮਾਮਲੇ ਦੀ ਪੁਸਟੀ ਕਰਦਿਆਂ ਦੱਸਿਆ ਕਿ ਕਾਰ ਚਾਲਕ ਰਾਹੁਲ ਕੁਮਾਰ ਵਿਰੁੱਧ ਧਾਰਾ 281, 106(1), 125, 324(4) ਬੀਐਨਐਸ ਤਹਿਤ ਮੁਕੱਦਮਾ ਦਰਜ ਕਰਕੇ ਅੱਗੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੁਲਜਮ ਦੀ ਜਲਦ ਗ੍ਰਿਫਤਾਰੀ ਲਈ ਵੱਡੇ ਪੱਧਰ 'ਤੇ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਜਾਅਲੀ ਕੰਪਨੀ ਰਾਹੀਂ ਸਾਮਾਨ ਖਰੀਦ ਕੇ ਕੀਤੀ 7 ਲੱਖ ਦੀ ਠੱਗੀ

ਬਠਿੰਡਾ 5 ਸਤੰਬਰ। ਥਾਣਾ ਕੈਨਾਲ ਕਾਲੋਨੀ ਪੁਲਸ ਨੇ ਇਕ ਜਾਅਲੀ ਕੰਪਨੀ ਬਣਾਉਣ ਤੋਂ ਬਾਅਦ ਇਕ ਵਿਅਕਤੀ ਤੋਂ ਸਾਮਾਨ ਖਰੀਦ ਕੇ ਉਸ ਨਾਲ 7 ਲੱਖ ਦੀ ਠੱਗੀ ਕਰਨ ਵਾਲੇ 5 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਕਮਲੰਦਰ ਸਿੰਘ ਵਾਸੀ ਬਠਿੰਡਾ ਨੇ ਕੈਨਾਲ ਕਾਲੋਨੀ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਦੱਸਿਆ ਕਿ ਮੁਲਜਮ ਅਭੈ ਕੁਮਾਰ ਵਾਸੀ ਬਠਿੰਡਾ, ਸੁਰਜੀਤ ਸਿੰਘ ਵਾਸੀ ਚੰਡੀਗੜ੍ਹ, ਗੁਰਮੇਲ ਸਿੰਘ ਵਾਸੀ ਬਠਿੰਡਾ,ਕਮਲਪ੍ਰੀਤ ਸਿੰਘ ਵਾਸੀ ਕੋਠੇ ਅਮਰਪੁਰਾ ਅਤੇ ਸੁਖਮੰਦਰ ਸਿੰਘ ਵਾਸੀ ਬਠਿੰਡਾ ਆਦਿ ਨੇ ਮਿਲ ਕੇ ਜਾਅਲੀ ਕੰਪਨੀ ਖੋਲ੍ਹੀ ਹੋਈ ਸੀ। ਬਾਅਦ ਵਿਚ ਮੁਲਜਮਾਂ ਨੇ ਉਸ ਰਾਹੀ ਕੰਪਨੀ ਦੇ ਲਈ 2 ਮੋਟਰਸਾਈਕਲ ਅਤੇ 3-4 ਮੋਬਾਇਲ ਫੋਨ ਖਰੀਦ ਲਏ ਪਰ ਉਨ੍ਹਾਂ ਦੇ ਪੈਸੇ ਨਹੀਂ ਦਿੱਤੇ।

## ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 2 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ 5 ਸਤੰਬਰ। ਥਾਣਾ ਮੱਲਾਂਵਾਲਾ ਦੇ ਅਧੀਨ ਆਉਂਦੇ ਪਿੰਡ ਕਾਮਲ ਵਾਲਾ ਵਿਖੇ ਇਕ ਰੰਜ਼ਿਸ਼ ਦੇ ਚੱਲਦਿਆਂ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਪੁਲਸ ਨੇ ਦੋ ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜੀਨਾ ਪਤਨੀ ਕੇਵਲ ਸਿੰਘ ਵਾਸੀ ਕਾਮਲ ਵਾਲਾ ਨੇ ਦੱਸਿਆ ਕਿ ਉਸ ਦੇ ਪਤੀ ਦੀ ਜੱਸੀ ਪਤਨੀ ਕਮਲਜੀਤ ਸਿੰਘ ਅਤੇ ਕਮਲਜੀਤ ਸਿੰਘ ਪੁੱਤਰ ਕੇਵਲ ਸਿੰਘ ਨੇ ਡਾਂਗਾ ਨਾਲ ਕੁੱਟਮਾਰ ਕੀਤੀ। ਜੀਨਾ ਨੇ ਦੱਸਿਆ ਕਿ ਉਸ ਦੇ ਪਤੀ ਦਾ ਇਲਾਜ ਇਕ ਨਿੱਜੀ ਹਸਪਾਤਲ ਵਿਚ ਚੱਲ ਰਿਹਾ ਹੈ। ਵਜਾ ਰੰਜ਼ਿਸ਼ ਇਹ ਹੈ ਕਿ ਉਨ੍ਹਾਂ ਦਾ ਰੰਜ਼ਿਸ਼ ਆਪਸ ਵਿਚ ਅਣਬਣ ਤੇ ਪਹਿਲਾ ਵੀ ਕਈ ਵਾਰ ਆਪਸ ਵਿਚ ਝਗੜਾ ਸੀ। ਜਿਸ ਕਰਕੇ ਉਸ ਦੇ ਪਤੀ ਦੀ ਕੁੱਟਮਾਰ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਰੂਹ ਕੰਬਾਊ ਵਾਰਦਾਤ : ਬੰਦ ਘਰ 'ਚੋਂ ਖੂਨ ਨਾਲ ਲੱਖਪੱਥ ਮਿਲੀਆਂ ਪਤੀ-ਪਤਨੀ ਦੀਆਂ ਲਾਸ਼ਾਂ

ਅੰਬਾਲਾ 5 ਸਤੰਬਰ। ਹਰਿਆਣਾ 'ਚ ਅਪਰਾਧ ਦਾ ਗ੍ਰਾਫ ਵਧਦਾ ਜਾ ਰਿਹਾ ਹੈ। ਤਾਜਾ ਮਾਮਲਾ ਅੰਬਾਲਾ ਤੋਂ ਸਾਹਮਣੇ ਆਇਆ ਹੈ, ਜਿੱਥੇ ਸਹਿਰ ਦੇ ਕਮਲ ਵਿਹਾਰ 'ਚ ਪਤੀ-ਪਤਨੀ ਦੀਆਂ ਲਾਸਾਂ ਉਨ੍ਹਾਂ ਦੇ ਘਰ ਤੋਂ ਬਰਾਮਦ ਹੋਈਆਂ ਹਨ। ਪੁਲਸ ਇਸ ਨੂੰ ਕਤਲ ਮੰਨ ਕੇ ਜਾਂਚ ਕਰ ਰਹੀ ਹੈ, ਕਿਉਂਕਿ ਪਤੀ ਦੀ ਲਾਸ ਘਰ ਦੇ ਹਾਲ 'ਚ ਪਈ ਸੀ ਅਤੇ ਪਤਨੀ ਦੀ ਲਾਸ ਬੈੱਡਰੂਮ 'ਚ ਪਈ ਸੀ। ਘਰ ਵਿੱਚ ਲੱਗੇ ਸੀਸੀਟੀਵੀ ਵੀ ਟੁੱਟੇ ਹੋਏ ਪਾਏ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕਰਨੀ ਸੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਔਰਤ ਦੇ ਪਰਿਵਾਰਕ ਮੈਂਬਰ ਬੀਤੀ ਸਾਮ ਤੋਂ ਹੀ ਔਰਤ ਨੂੰ ਫੋਨ ਕਰ ਰਹੇ ਸਨ, ਜਿਸ ਦਾ ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ। ਇਸ ਤੋਂ ਬਾਅਦ ਜਦੋਂ ਮਹਿਲਾ ਦੇ ਪਰਿਵਾਰਕ ਮੈਂਬਰ ਘਰ ਪਹੁੰਚੇ ਤਾਂ ਦਰਵਾਜੇ ਬੰਦ ਸਨ, ਜਦੋਂ ਪਰਿਵਾਰਕ ਮੈਂਬਰ ਕੰਧ ਟੱਪ ਕੇ ਕਮਰੇ ਅੰਦਰ ਦਾਖਲ ਹੋਏ ਤਾਂ ਉਨ੍ਹਾਂ ਨੇ ਘਰ ਦੇ ਅੰਦਰ ਕਮਰੇ 'ਚ ਪਤੀ ਸੰਜੇ ਜੋਸੀ ਅਤੇ ਪਤਨੀ ਪਾਰੁਲ



ਜੋਸੀ ਦੀਆਂ ਲਾਸਾਂ ਪਈਆਂ ਦੇਖੀਆਂ। ਸੰਜੇ ਦੀ ਲਾਸ ਘਰ ਦੇ ਹਾਲ ਵਿੱਚ ਪਈ ਸੀ ਅਤੇ ਪਾਰੁਲ ਦੀ ਲਾਸ ਬੈੱਡਰੂਮ ਵਿੱਚ ਪਈ ਸੀ। ਇਹ ਨਜਾਰਾ ਦੇਖ ਕੇ ਪਰਿਵਾਰਕ ਮੈਂਬਰਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਅਤੇ ਪੁਲਸ ਮੌਕੇ 'ਤੇ ਪਹੁੰਚ ਕੇ ਜਾਂਚ 'ਚ ਜੁਟ ਗਈ। ਇਸ ਦੌਰਾਨ ਸੀਨ ਆਫ ਕਰਾਈਮ ਟੀਮ ਨੂੰ ਬੁਲਾਇਆ ਗਿਆ ਹੈ। ਪੁਲਸ ਨੂੰ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਔਰਤ ਦੀ ਮਾਤਾ ਨੇ ਦੱਸਿਆ ਕਿ ਉਹ ਕੱਲ੍ਹ ਰਾਤ ਕਰੀਬ 8 ਵਜੇ ਤੋਂ ਉਸ ਨੂੰ ਫੋਨ ਕਰ ਰਹੀ ਸੀ ਪਰ ਕੋਈ ਹੁੰਗਾਰਾ ਨਹੀਂ ਮਿਲਿਆ। ਇਸ ਲਈ ਉਹ ਇੱਥੇ ਆ ਗਏ, ਜਿਥੋਂ ਉਹਨਾਂ ਨੂੰ ਦੋਵਾਂ ਦੀਆਂ ਲਾਸਾਂ ਪਈਆਂ ਮਿਲਿਆ। ਘਰ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਵੀ ਟੁੱਟੇ ਹੋਏ ਦਿਖਾਈ ਦੇ ਰਹੇ ਹਨ। ਪੁਲਸ ਇਸ ਮਾਮਲੇ ਦੀ ਜਾਂਚ ਕਤਲ ਵਜੋਂ ਮੰਨ ਕੇ ਕਰ ਰਹੀ ਹੈ।

## ਫੁੱਟਪਾਥ 'ਤੇ ਸੌਂ ਰਹੇ ਲੋਕਾਂ ਨੂੰ ਕੁਚਲਣ ਵਾਲੇ ਟਰੱਕ ਦਾ ਡਰਾਈਵਰ ਗ੍ਰਿਫਤਾਰ

ਨਵੀਂ ਦਿੱਲੀ 5 ਸਤੰਬਰ। ਉੱਤਰ-ਪੂਰਬੀ ਦਿੱਲੀ ਦੇ ਸ਼ਾਸਤਰੀ ਪਾਰਕ ਇਲਾਕੇ 'ਚ ਫੁੱਟਪਾਥ 'ਤੇ ਸੌਂ ਰਹੇ ਚਾਰ ਲੋਕਾਂ ਨੂੰ ਕੁਚਲਣ ਵਾਲੇ ਟਰੱਕ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਉੱਤਰ ਪ੍ਰਦੇਸ਼ ਦੇ ਫਤਿਹਪੁਰ ਵਾਸੀ ਅਰਜੁਨ (31) ਵਜੋਂ ਕੀਤੀ ਗਈ ਹੈ ਅਤੇ ਉਹ ਘਟਨਾ ਦੇ ਬਾਅਦ ਤੋਂ ਫਰਾਰ ਸੀ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਘਟਨਾ ਸ਼ਾਸਤਰੀ ਪਾਰਕ ਮੈਟਰੋ ਸਟੇਸ਼ਨ ਕੋਲ ਤਰਬੂਜ ਬਜਾਰ 'ਚ ਸਵੇਰੇ ਕਰੀਬ 4.30 ਵਜੇ ਵਾਪਰੀ ਸੀ।



ਇਕ ਮਾਲਕਵਾਹਕ ਵਾਹਨ ਸੀਲਮਪੁਰ ਤੋਂ ਲੋਹੇ ਦੇ ਪੁਲ ਵੱਲ ਵਧ ਰਿਹਾ ਸੀ। ਇਸੇ ਦੌਰਾਨ ਵਾਹਨ ਡਿਵਾਈਡਰ 'ਤੇ ਚੜ੍ਹ ਗਿਆ ਅਤੇ ਇਸ ਨਾਲ ਫੁੱਟਪਾਥ 'ਤੇ ਸੌਂ ਰਹੇ 5 ਲੋਕ ਉਸ ਨਾਲ ਕੁਚਲ ਗਏ, ਜਿਨ੍ਹਾਂ 'ਚੋਂ ਚਾਰ ਦੀ ਮੌਤ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਦਿੱਲੀ ਪੁਲਸ ਦੀ ਇਕ ਟੀਮ ਨੂੰ ਅਰਜੁਨ ਦੇ ਟਿਕਾਣੇ ਦਾ ਪਤਾ ਲਗਾਉਣ ਲਈ ਮੰਗਲਵਾਰ ਨੂੰ ਉੱਤਰ ਪ੍ਰਦੇਸ਼ ਦੇ ਫਤਿਹਪੁਰ ਸਥਿਤ ਉਸ ਦੇ ਜੱਦੀ ਸਥਾਨ ਭੇਜਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਟੀਮਾਂ ਨੇ ਹੋਰ ਸ਼ੱਕੀ ਸਥਾਨਾਂ 'ਤੇ ਛਾਪੇਮਾਰੀ ਕੀਤੀ। ਅਧਿਕਾਰੀ ਨੇ ਦੱਸਿਆ ਕਿ ਟਰੱਕ ਦੇ ਮਾਲਕ ਰਾਹੁਲ ਸਿੰਘ ਨੇ ਪੁੱਛ-ਗਿੱਛ ਕਰਨ 'ਤੇ ਪੁਲਸ ਨੂੰ ਦੱਸਿਆ ਕਿ ਉਸ ਨੇ ਅਰਜੁਨ ਨੂੰ 5 ਸਾਲ ਪਹਿਲੇ ਡਰਾਈਵਰ ਵਜੋਂ ਨੌਕਰੀ 'ਤੇ ਰੱਖਿਆ ਸੀ। ਪੁਲਸ ਨੇ ਦੱਸਿਆ ਕਿ ਜਾਂਚ 'ਚ ਪਤਾ ਲੱਗਾ ਹੈ ਕਿ ਟਰੱਕ ਖ਼ਿਲਾਫ 5 ਚਲਾਨ ਪੈਂਡਿੰਗ ਸਨ ਅਤੇ ਆਖਰੀ ਚਲਾਨ ਦਸੰਬਰ 2022 'ਚ ਜਾਰੀ ਕੀਤਾ ਗਿਆ ਸੀ। ਪੁਲਸ ਨੇ ਦੱਸਿਆ ਕਿ ਦੋਸ਼ੀ ਤੋਂ ਅੱਗੇ ਦੀ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਮਾਂ ਹੀ ਬਣੀ ਨਾਬਾਲਿਗ ਧੀ ਦੀ ਦੁਸ਼ਮਣ, ਪ੍ਰੇਮੀ ਨਾਲ ਮਿਲ ਕੇ ਦਿੱਤਾ ਘਿਨੌਣੀ ਘਟਨਾ ਨੂੰ ਅੰਜਾਮ

ਪਠਾਨਕੋਟ 5 ਸਤੰਬਰ। ਜ਼ਿਲ੍ਹਾ ਪਠਾਨਕੋਟ 'ਚ ਇਕ ਘਿਨੌਣੀ ਵਾਰਦਾਤ ਉਸ ਸਮੇਂ ਸਾਹਮਣੇ ਆਈ, ਜਦੋਂ ਇਕ 14 ਸਾਲਾ ਨਾਬਾਲਿਗਾ ਅਤੇ ਉਸ ਦੇ ਪਰਿਵਾਰ ਵੱਲੋਂ ਲਾਏ ਗਏ ਦੋਸ਼ਾਂ ਦੇ ਮਾਮਲੇ 'ਚ ਪੁਲਸ ਨੇ ਕਾਰਵਾਈ ਕਰਦੇ ਹੋਏ ਨਾਬਾਲਿਗਾ ਦੀ ਮਾਂ ਅਤੇ ਇਸ ਵਾਰਦਾਤ 'ਚ ਸ਼ਾਮਲ ਉਸ ਦੀ ਮਾਂ ਦੇ ਕਥਿਤ ਦੋਸਤ ਅਤੇ ਜਿਸ ਕਿਰਾਏ ਦੇ ਮਕਾਨ 'ਚ ਉਹ ਰਹਿ ਰਹੀ ਸੀ, ਉਸ ਮਕਾਨ ਦੀ ਮਾਲਕਣ ਖਿਲਾਫ਼ ਪੁਲਸ ਵੱਲੋਂ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਦਿੱਤਾ ਗਿਆ। ਆਈ. ਓ. ਰੁਪਿੰਦਰਜੀਤ ਕੌਰ ਨੂੰ ਬਿਆਨ ਦਰਜ ਕਰਵਾਉਣ ਤੋਂ ਬਾਅਦ ਥਾਣਾ ਡਵੀਜ਼ਨ ਨੰਬਰ-2 ਨੇ ਕਾਰਵਾਈ ਕਰਦੇ ਹੋਏ ਗੌਤਮ, ਮਾਂ ਅਤੇ ਮਕਾਨ ਮਾਲਕਣ ਔਰਤ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਸ਼ਿਕਾਇਤਕਰਤਾ ਨਾਬਾਲਿਗਾ ਨੇ ਆਪਣੇ ਬਿਆਨ ਦਰਜ ਕਰਵਾਉਂਦੇ ਹੋਏ ਕਿਹਾ ਕਿ ਉਹ ਸੱਤਵੀਂ ਕਲਾਸ ਦੀ ਵਿਦਿਆਰਥਣ ਹੈ ਅਤੇ ਸਰਕਾਰੀ ਸਕੂਲ 'ਚ ਪੜ੍ਹਦੀ ਹੈ। ਉਸ ਦੇ ਮਾਤਾ-ਪਿਤਾ ਦੀ ਆਪਸ 'ਚ ਨਹੀਂ ਬਣਦੀ ਹੈ। ਇਸੇ ਦੌਰਾਨ ਕੁਝ ਸਾਲ ਪਹਿਲਾਂ ਗੌਤਮ ਨਾਂ ਦੇ ਵਿਅਕਤੀ ਦੀ ਉਸ ਦੀ ਮਾਂ ਨਾਲ ਦੋਸਤੀ ਹੋ ਗਈ। ਇਸ ਗੱਲ ਦਾ ਪਤਾ ਜਦੋਂ ਉਸ ਦੇ ਪਰਿਵਾਰ ਨੂੰ ਲੱਗਾ ਤਾਂ ਉਸ ਤੋਂ ਬਾਅਦ ਤਕਰਾਰ ਹੋਰ ਵਧ ਗਈ। 15 ਜੁਲਾਈ ਨੂੰ ਉਸ ਦੀ ਮਾਂ ਪਿਤਾ ਨਾਲ ਲੜਾਈ ਕਰ ਕੇ ਉਸ ਨੂੰ ਆਪਣੇ ਨਾਲ ਲੈ ਕੇ ਕਿਰਾਏ ਦੇ ਮਕਾਨ 'ਚ ਰਹਿਣ ਲੱਗੀ। ਨਾਬਾਲਿਗਾ ਨੇ ਕਿਹਾ ਕਿ ਗੌਤਮ ਦਾ ਘਰ 'ਚ ਆਉਣਾ-ਜਾਣਾ ਸੀ ਅਤੇ ਉਸ ਦੀ ਨਜ਼ਰ ਹਮੇਸ਼ਾ ਗਲਤ ਰਹਿੰਦੀ ਸੀ। 28 ਅਗਸਤ ਨੂੰ ਗੌਤਮ ਉਸ ਦੀ ਮਾਂ ਨੂੰ ਮਿਲਣ ਲਈ ਇਕ ਔਰਤ ਦੇ ਘਰ ਪਹੁੰਚਿਆ। ਉਹ ਵੀ ਆਪਣੀ ਮਾਂ ਨਾਲ ਉਸ ਔਰਤ ਦੇ ਘਰ ਗਈ ਸੀ, ਜਿੱਥੇ ਉਕਤ ਵਿਅਕਤੀ ਨੇ ਉਸ ਨਾਲ ਇਤਰਾਜ਼ਯੋਗ ਛੇੜਛਾੜ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਉਸ ਨੇ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀ ਮਾਂ ਨੇ ਉਸ ਦਾ ਮੂੰਹ ਦਬਾ ਦਿੱਤਾ ਅਤੇ ਫਿਰ ਮਾਂ ਅਤੇ ਉਸ ਦਾ ਦੋਸਤ ਉਸ ਨੂੰ ਇਕ ਕਮਰੇ 'ਚ ਬੰਦ ਕਰ ਕੇ ਚਲੇ ਗਏ। ਨਾਬਾਲਿਗਾ ਨੇ ਦੱਸਿਆ ਕਿ ਉਸ ਨੇ ਰੌਲਾ ਪਾਇਆ ਤਾਂ ਇਕ ਵਿਅਕਤੀ ਨੇ ਆ ਕੇ ਕਮਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਉਹ ਬਾਹਰ ਭੱਜ ਗਈ।

# ਪਤਨੀ ਦੇ ਚਰਿੱਤਰ 'ਤੇ ਸੀ ਸੱਕ, ਫਿਰ ਪਤੀ ਨੇ ਦਿੱਤਾ ਰੂਹ ਕੰਬਾਊ ਵਾਰਦਾਤ ਨੂੰ ਅੰਜਾਮ

ਬੇਂਗਲੁਰੂ 5 ਸਤੰਬਰ। ਬੈਂਗਲੁਰੂ ਦੇ ਕੇਂਗੇਰੀ ਵਿਚ ਇਕ 'ਕੈਬ' ਡਰਾਈਵਰ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਦੇ ਚਰਿੱਤਰ 'ਤੇ ਸੱਕ ਕਰਦੇ ਹੋਏ ਉਸ ਦੀ ਹੱਤਿਆ ਕਰ ਦਿੱਤੀ ਤੇ ਪੁਲਸ ਨੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਸੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਮੁਤਾਬਕ ਕੈਬ ਡਰਾਈਵਰ ਦੀ ਪਤਨੀ ਨੇ ਆਤਮ ਰੱਖਿਆ ਲਈ ਆਪਣੇ ਕੋਲ ਚਾਕੂ ਰੱਖਿਆ ਅਤੇ ਦੋਸੀ ਨੇ ਉਸੇ ਦੀ ਵਰਤੋਂ ਕਰਕੇ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲਸ ਮੁਤਾਬਕ ਸ਼ਿਵਮੋਗਾ ਜ਼ਿਲ੍ਹੇ ਦੇ ਭਦਰਾਵਤੀ ਦੇ ਰਹਿਣ ਵਾਲੇ ਕਿਰਨ ਤੇ 'ਕੋਰੀਓਗ੍ਰਾਫਰ' ਨਵਿਆਸ੍ਰੀ (28) ਬਚਪਨ ਦੇ ਦੋਸਤ ਸਨ ਅਤੇ ਜਦੋਂ ਉਹ ਵੱਡੇ ਹੋਏ ਤਾਂ ਉਨ੍ਹਾਂ ਦਾ ਵਿਆਹ ਹੋ ਗਿਆ। ਪੁਲਸ ਨੇ ਦੱਸਿਆ ਕਿ ਹਾਲ ਹੀ 'ਚ ਕਿਰਨ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸੱਕ ਹੋਣ ਲੱਗਾ। ਪੁਲਸ ਮੁਤਾਬਕ ਕਿਰਨ ਦਾ ਆਪਣੀ ਪਤਨੀ ਨਵਿਆਸ੍ਰੀ ਨਾਲ ਅਕਸਰ ਝਗੜਾ ਰਹਿੰਦਾ ਸੀ ਕਿਉਂਕਿ ਉਹ ਲਗਾਤਾਰ ਉਸਦੇ ਇੱਕ ਪੁਰਸ ਦੋਸਤ ਨਾਲ ਫੋਨ 'ਤੇ ਗੱਲ ਕਰਦੀ ਸੀ। ਪੁਲਸ ਮੁਤਾਬਕ ਨਵਿਆਸ੍ਰੀ ਨੇ ਆਪਣੇ ਮਰਦ ਦੋਸਤ ਨੂੰ ਕਿਹਾ ਸੀ ਕਿ ਉਸ ਦਾ ਪਤੀ ਕੁਝ ਕਰਨ ਦੀ ਯੋਜਨਾ ਬਣਾ ਰਿਹਾ ਹੈ ਅਤੇ ਉਸ



ਦੀ ਜਾਨ ਨੂੰ ਖਤਰਾ ਹੈ। ਪੁਲਸ ਮੁਤਾਬਕ ਨਵਿਆਸ੍ਰੀ ਦੇ ਦੋਸਤ ਨੇ ਉਸ ਨੂੰ ਮਾਮਲੇ ਬਾਰੇ ਪੁਲਿਸ ਨੂੰ ਸੂਚਿਤ ਕਰਨ ਅਤੇ ਚੌਕਸ ਰਹਿਣ ਦੀ ਸਲਾਹ ਦਿੱਤੀ ਸੀ। ਪੁਲਸ ਮੁਤਾਬਕ ਨਵਿਆਸ੍ਰੀ ਨੇ 28 ਅਗਸਤ ਨੂੰ ਕਾਰ 'ਚ ਜਾਂਦੇ ਸਮੇਂ ਆਪਣੇ ਦੋਸਤਾਂ ਐਸਵਰਿਆ ਅਤੇ ਸੁਨੀਲ ਨੂੰ ਆਪਣੀ ਤਕਲੀਫ ਦੱਸੀ, ਬਾਅਦ 'ਚ ਨਵਿਆਸ੍ਰੀ ਐਸਵਰਿਆ ਨਾਲ ਘਰ ਪਰਤੀ। ਪੁਲਸ ਮੁਤਾਬਕ ਅਗਲੀ ਸਵੇਰ ਐਸਵਰਿਆ ਨੇ ਨਵਿਆਸ੍ਰੀ ਨੂੰ ਖੂਨ ਨਾਲ ਲੱਥਪੱਥ ਦੇਖਿਆ। ਪੁਲਸ ਮੁਤਾਬਕ ਇਹ ਸਭ ਦੇਖ ਕੇ ਉਹ ਡਰ ਗਈ ਤੇ ਪੁਲਸ ਨੂੰ ਸੂਚਨਾ ਦਿੱਤੀ। ਐਸਵਰਿਆ ਮੁਤਾਬਕ ਉਹ ਡੂੰਘੀ ਨੀਂਦ 'ਚ ਸੀ ਅਤੇ ਉਸ ਨੂੰ ਨਹੀਂ ਪਤਾ ਸੀ ਕਿ ਉਸ ਦੀ ਦੋਸਤ ਨਾਲ ਰਾਤ ਨੂੰ ਕੀ ਹੋਇਆ। ਪੁਲਸ ਨੇ ਦੱਸਿਆ ਕਿ ਕਿਰਨ 'ਡੁਪਲੀਕੇਟ' ਚਾਬੀ ਦੀ ਵਰਤੋਂ ਕਰਕੇ ਘਰ 'ਚ ਦਾਖਲ ਹੋਇਆ ਅਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲਸ ਨੇ ਦੱਸਿਆ ਕਿ ਕਿਰਨ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।


### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Sumame Kochhar for all purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### ਉੱਤਰ ਰੇਲਵੇ
**ਟੈਂਡਰ ਮੰਗ ਸੂਚਨਾ**

| | |
|---|---|
| **ਕੰਮ ਦਾ ਨਾਮ ਅਤੇ ਇਸਦੀ ਸਥਿਤੀ :** 30-Elect-45-T-2024-25-E3 ਪਹਾੜਗੰਜ ਦੀ ਤਰਫ ਅਤੇ ਲਾਹੋਰੀ ਗੇਟ (ਅਜਮੇਰੀ ਗੇਟ ਦੀ ਤਰਫ) ਨਵੀਂ ਦਿੱਲੀ ਵਿਚ ਆਰਪੀਐਫ ਦੇ ਲਈ 200 ਬਿਸਤਰਿਆਂ ਵਾਲੇ ਬੈਰਕਾਂ ਦੇ ਨਿਰਮਾਣ ਤੋਂ ਸਬੰਧਿਤ ਬਿਜਲੀ ਕੰਮ। | |
| **ਟੈਂਡਰ ਦੀ ਅਨੁਮਾਨਿਤ ਲਾਗਤ :** ਰੁ: 58.99 ਲੱਖ | |
| **ਦਫਤਰ ਦਾ ਪਤਾ :** ਸੀਨੀਅਰ ਮੰਡਲ ਬਿਜਲੀ ਇੰਜੀਨੀਅਰ / ਜੀ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ | |
| **ਬਿਆਨਾ ਰਾਸ਼ੀ :** ਰੁ: 1,18,000.00 | |
| **ਟੈਂਡਰ ਨਿਵੇਦਨ ਦੀ ਮਿਤੀ ਤੇ ਸਮਾਂ :** 30.09.2024, 12.00 ਵਜੇ | |
| **ਟੈਂਡਰ ਖੁਲਣ ਦੀ ਮਿਤੀ ਤੇ ਸਮਾਂ :** 30.09.2024, 12.00 ਵਜੇ | |
| **ਵੇਬਸਾਈਟ ਤੇ ਨੋਟਿਸ ਬੋਰਡ :** www.ireps.gov.in ਤੇ ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਜੀ, ਨਵੀਂ ਦਿੱਲੀ। | |

2754/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਦਿੱਲੀ ਵਿਧੁਤ ਵਿਨਿਯਾਮਕ ਆਯੋਗ
ਵਿਨਿਯਾਮਕ ਭਵਨ, ਸੀ-ਬਲੱਾਕ, ਸ਼ਿਵਾਲਿਕ, ਮਾਲਵੀਯ ਨਗਰ, ਨਵੀਂ ਦਿੱਲੀ-1100017
ਵੈਬਸਾਈਟ: www.derc.gov.in ਟੈਲੀਫੈਕਸ: 41080417

### ਜਨਤੱਕ ਸੂਚਨਾ
**ਦਿੱਲੀ ਵਿਧੁਤ ਵਿਨਿਯਮਕ ਆਯੋਗ (ਟੈਰਿਫ ਆਧਾਰਿਤ ਪ੍ਰਤਿਸਪਰਧੀ ਬੋਲੀ ਦੇ ਤਹਿਤ ਅੰਤਰਰਾਜੀਯ ਪਾਰੇਸ਼ਣ ਪਰਿਯੋਜਨਾਵਾਂ ਦੇ ਵਿਕਾਸ ਦੇ ਲਈ ਸ਼ੁਰੂਆਤੀ ਸੀਮਾ) ਵਿਨਿਯਮ, 2024 ਦੇ ਪ੍ਰਾਰੂਪ 'ਤੇ ਟਿੱਪਣੀਆਂ/ਸੁਝਾਵ/ਆਪਤੀਆਂ ਆਮੰਤ੍ਰਿਤ ਲਈ**

ਦਿੱਲੀ ਵਿਧੁਤ ਵਿਨਿਯਾਮਕ ਆਯੋਗ, ਵਿਧੁਤ ਅਧਿਨੀਅਮ, 2003 (2003 ਦਾ 36) ਦੀ ਧਾਰਾ 61, 63 ਅਤੇ 86 (4) ਦੇ ਨਾਲ ਪਠਿਤ ਧਾਰਾ 181 (2) ਦੀ ਉਪ-ਧਾਰਾਵਾਂ (ਜੇਡ ਐਫ) ਅਤੇ (ਜੇਡ ਪੀ) ਦੇ ਅਧੀਨ ਪ੍ਰਦੱਤ ਸ਼ਕਤੀਆਂ ਅਤੇ ਇਸ ਨਿਮਿਤ ਸਾਮਰਥਯਕਾਰੀ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਦਿੱਲੀ ਵਿਧੁਤ ਵਿਨਿਯਾਮਕ ਆਯੋਗ (ਟੈਰਿਫ ਆਧਾਰਿਤ ਪ੍ਰਤਿਸਪਰਧੀ ਬੋਲੀ ਦੇ ਤਹਿਤ ਅੰਤਰਰਾਜੀਯ ਪਾਰੇਸ਼ਣ ਪਰਿਯੋਜਨਾਵਾਂ ਦੇ ਵਿਕਾਸ ਦੇ ਲਈ ਸ਼ੁਰੂਆਤੀ ਸੀਮਾ) ਵਿਨਿਯਮ, 2024 ਦਾ ਪ੍ਰਾਰੂਪ ਤਿਆਰ ਕੀਤਾ ਹੈ।

ਉਕਤ ਪ੍ਰਾਰੂਪ ਆਯੋਗ ਦੀ ਵੇਬਸਾਈਟ www.derc.gov.in 'ਤੇ ਉਪਲਬਧ ਹੈ।

ਹਿਤਧਾਰਕਾਂ ਤੋਂ ਅਨੁਰੋਧ ਹੈ ਕਿ ਦਿੱਲੀ ਵਿਧੁਤ ਵਿਨਿਯਾਮਕ ਆਯੋਗ (ਟੈਰਿਫ ਆਧਾਰਿਤ ਪ੍ਰਤਿਸਪਰਧੀ ਬੋਲੀ ਦੇ ਤਹਿਤ ਅੰਤਰਰਾਜੀਯ ਪਾਰੇਸ਼ਣ ਪਰਿਯੋਜਨਾਵਾਂ ਦੇ ਵਿਕਾਸ ਦੇ ਲਈ ਸ਼ੁਰੂਆਤੀ ਸੀਮਾ) ਵਿਨਿਯਮ, 2024 ਦੇ ਪ੍ਰਾਰੂਪ 'ਤੇ ਆਪਣੇ ਸੁਝਾਵ/ਟਿੱਪਣੀਆਂ/ਆਪੱਤੀਆਂ ਆਯੋਗ ਨੂੰ ਮਿਤੀ 30/09/2024 ਤੱਕ, 1700 ਵਜੇ ਤੱਕ ਅਗ੍ਰੇਸ਼ਿਤ ਕਰਨ।

ਟਿੱਪਣੀਆਂ/ਸੁਝਾਵਾਂ/ਆਪੱਤੀਆਂ ਨੂੰ ਸਚਿਵ, ਡੀਈਆਰਸੀ ਨੂੰ ਡਾਕ ਜਾਂ ਈਮੇਲ secyderc@nic.in ਵੱਲੋਂ ਜਾਰੀ ਕੀਤਾ ਜਾ ਸਕਦਾ ਹੈ।

**ਰਾਜੇਸ਼ ਦਾਂਗੀ, ਸਚਿਵ**

**ਮਿਤੀ : 29/08/2024**
DIP/Shabdarth/Classified/0177/24-25

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

### ਭੋਜਨ ਵਿੱਚ ਮਿਲਾਵਟ ਵਿਰੁੱਧ ਜੰਗ: ਪੰਜਾਬ ਦੇ ਸਿਹਤ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਲੋਕਾਂ ਵਿੱਚ ਭੋਜਨ ਸੁਰੱਖਿਆ ਵੈਨਾਂ ਪ੍ਰਚੱਲਿਤ ਕਰਨ ਦੀ ਅਪੀਲ

## ਡਾ: ਬਲਬੀਰ ਸਿੰਘ ਨੇ ਫੂਡ ਸੇਫਟੀ ਦੇ ਵਿਸ਼ੇਸ਼ ਅਧਿਕਾਰੀਆਂ ਲਈ 5-ਰੋਜ਼ਾ ਰਿਫਰੈਸ਼ਰ ਸਿਖਲਾਈ ਪ੍ਰੋਗਰਾਮ ਦਾ ਕੀਤਾ ਉਦਘਾਟਨ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਮੁਤਾਬਿਕ ਹਰੇਕ ਬਾਸ਼ਿੰਦੇ ਲਈ ਸੁਰੱਖਿਅਤ ਭੋਜਨ ਯਕੀਨੀ ਬਣਾਉਣ ਦਾ ਸੱਦਾ ਦਿੰਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਸੋਮਵਾਰ ਨੂੰ ਲੋਕਾਂ ਵਿੱਚ ਭੋਜਨ ਸੁਰੱਖਿਆ ਵੈਨਾਂ ਪ੍ਰਚੱਲਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਲੋਕਾਂ ਨੂੰ ਰੋਜ਼ਮਰਾਅ ਵਿੱਚ ਖਾਧੇ ਜਾਂਦੇ ਭੋਜਨ ਦੀ ਗੁਣਵੱਤਾ ਸਬੰਧੀ ਜਾਂਚ ਕਰਵਾਉਣ ਵੱਲ ਜਾਗਰੂਕ ਕੀਤਾ ਜਾ ਸਕੇ ।



ਡਾ. ਬਲਬੀਰ ਸਿੰਘ ਅੱਜ ਇੱਥੇ ਮਗਸੀਪਾ ਵਿਖੇ ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ ਇੰਡੀਆ (ਐਫ.ਐਸ.ਐਸ.ਏ.ਆਈ.) ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਵਿਸ਼ੇਸ਼ ਅਧਿਕਾਰੀਆਂ (ਫੂਡ ਸੇਫਟੀ) ਲਈ ਕਰਵਾਏ ਪੰਜ ਰੋਜ਼ਾ ਰਿਫਰੈਸ਼ਰ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਕਮਿਸ਼ਨਰ ਫੂਡ ਐਂਡ ਡਰੱਗਜ਼ ਐਡਮਿਨਿਸਟਰੇਸ਼ਨ ਡਾ. ਅਭਿਨਵ ਤ੍ਰਿਖਾ, ਐੱਫ.ਐੱਸ.ਐੱਸ.ਏ.ਆਈ. ਦੇ ਸਲਾਹਕਾਰ (ਸਾਇੰਸ ਐਂਡ ਸਟੈਂਡਰਡਜ਼) ਡਾ. ਅਲਕਾ ਰਾਓ, ਸੰਯੁਕਤ ਡਾਇਰੈਕਟਰ ਐੱਫ.ਐੱਸ.ਐੱਸ.ਏ.ਆਈ. ਅੰਕੇਸ਼ਵਰ ਮਿਸ਼ਰਾ, ਸੰਯੁਕਤ ਕਮਿਸ਼ਨਰ ਐੱਫ.ਡੀ.ਏ., ਪੰਜਾਬ ਡਾ. ਹਰਜੋਤ ਪਾਲ ਸਿੰਘ, ਡਾਇਰੈਕਟਰ ਲੈਬਜ਼ ਐੱਫ.ਡੀ.ਏ. ਪੰਜਾਬ ਰਵਨੀਤ ਕੌਰ ਸਿੱਧੂ ਵੀ ਹਾਜ਼ਰ ਸਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਾਰਿਆਂ ਲਈ ਸੁਰੱਖਿਅਤ ਭੋਜਨ ਯਕੀਨੀ ਬਣਾਉਣ ਲਈ ਫੂਡ ਸੇਫਟੀ ਅਫਸਰਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ, " ਤੁਸੀਂ ਲੋਕਾਂ ਲਈ ਭੋਜਨ ਦੀ ਜਾਂਚ ਕਰਨ ਵਿੱਚ ਮਦਦ ਕਰਨ ਵਾਹਦ ਇਨਸਾਨ ਹੋ। ਇਸ ਲਈ ਭੋਜਨ ਸੁਰੱਖਿਆ ਵੈਨਾਂ ਦੀ ਉਪਲਬਧਤਾ ਬਾਰੇ, ਖਾਸ ਕਰਕੇ ਵਿਦਿਆਰਥੀਆਂ ਵਿੱਚ, ਜਾਗਰੂਕਤਾ ਪੈਦਾ ਕਰੋ" ।

ਸਿਹਤ ਮੰਤਰੀ ਨੇ ਕਿਹਾ ਕਿ ਚੰਗੀ ਸਿਹਤ ਦਾ ਮਤਲਬ ਕੇਵਲ ਬੀਮਾਰੀਆਂ ਦਾ ਨਾ ਹੋਣਾ ਹੀ ਨਹੀਂ ਹੁੰਦਾ, ਸਗੋਂ ਇਸ ਵਿੱਚ ਵਾਤਾਵਰਣ ਦੀ ਸਿਹਤ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਹਵਾ ਅਤੇ ਪਾਣੀ ਦਾ ਪ੍ਰਦੂਸ਼ਣ ਚਿੰਤਾਜਨਕ ਹੈ ਅਤੇ ਭੋਜਨ ਵਿੱਚ ਮਿਲਾਵਟ ਵੀ ਵੱਧ ਰਹੀ ਹੈ।

ਸਿਹਤ ਮੰਤਰੀ ਹੋਣ ਦੇ ਨਾਤੇ ਇਹ ਯਕੀਨੀ ਬਣਾਉਣਾ ਮੇਰੀ ਜ਼ਿੰਮੇਵਾਰੀ ਹੈ ਕਿ ਲੋਕਾਂ ਨੂੰ ਜੋ ਭੋਜਨ ਮਿਲ ਰਿਹਾ ਹੈ ਉਹ ਸੁਰੱਖਿਅਤ ਹੈ। ਸਿਰਫ ਲੋਕ ਹੀ ਨਹੀਂ, ਮੈਂ ਕਹਾਂਗਾ ਕਿ ਕੀੜੇ-ਮਕੌੜੇ, ਤਿਤਲੀਆਂ, ਵੀ ਸਾਡੇ ਵਾਂਗ ਉਸੇ ਹਵਾ ਵਿੱਚ ਸਾਹ ਲੈ ਰਹੇ ਹਨ ਅਤੇ ਉਹੀ ਪਾਣੀ ਪੀ ਰਹੇ ਹਨ, ਪਰ ਉਹਨਾਂ ਦੇ ਹੱਕ ਵਿੱਚ ਅਵਾਜ਼ ਬਲੰਦ ਕਰਨ ਲਈ ਕੋਈ ਵਿਧਾਇਕ, ਮੰਤਰੀ ਨਹੀਂ ਹਨ। ਇਸ ਲਈ ਮੈਂ ਇਨਸਾਨਾਂ ਸਮੇਤ ਉਹਨਾਂ ਬੇਜ਼ੁਬਾਨਾਂ ਦਾ ਮੁਦੱਈ ਬਣਕੇ ਸਾਰੇ ਅਧਿਕਾਰੀਆਂ ਨੂੰ ਆਪਣਾ ਕੰਮ ਤਨਦੇਹੀ ਨਾਲ ਕਰਨ ਦੀ ਅਪੀਲ ਕਰਦਾ ਹਾਂ"।

ਉਨ੍ਹਾਂ ਨੇ ਖਾਧ ਪਦਾਰਥਾਂ ਵਿੱਚ ਮਿਲਾਵਟ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨਾਲ ਮਿਲੀਭੁਗਤ ਕਰਨ ਵਾਲੇ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ। ਉਨਾਂ ਕਿਹਾ, " ਸਮਾਜ ਤੁਹਾਨੂੰ ਤੁਹਾਡੀ ਅਗਿਆਨਤਾ ਲਈ ਮਾਫ਼ ਕਰ ਦੇਵੇਗਾ, ਪਰ ਤੁਹਾਡੀ ਅਣਗਹਿਲੀ ਲਈ ਕਦੇ ਮਾਫ਼ ਨਹੀਂ ਕਰੇਗਾ। ਤੁਸੀਂ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਦੀ ਰੱਖਿਆ ਲਈ ਵਚਨਬੱਧ ਹੋ"।

ਕਮਿਸ਼ਨਰ ਡਾ: ਅਭਿਨਵ ਤ੍ਰਿਖਾ ਨੇ ਆਪਣੇ ਸੰਬੋਧਨ ਵਿੱਚ ਸਾਰੇ ਨਿਯੁਕਤ ਅਧਿਕਾਰੀਆਂ ਦੀ ਰਿਫਰੈਸ਼ਰ ਸਿਖਲਾਈ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਾਗ ਲੈਣ ਵਾਲਿਆਂ ਨੂੰ ਇਸ ਵਰਕਸ਼ਾਪ ਨੂੰ ਇੰਟਰਐਕਟਿਵ ਸੈਸ਼ਨ ਬਣਾਉਣ ਲਈ ਕਿਹਾ।

ਜ਼ਿਕਰਯੋਗ ਹੈ ਕਿ ਸਲਾਹਕਾਰ ਡਾ: ਅਲਕਾ ਰਾਓ ਨੇ ਖਾਧ ਪਦਾਰਥਾਂ ਦੇ ਮਿਆਰਾਂ ਨੂੰ ਵਿਕਸਤ ਕਰਨ ਵਿੱਚ ਐਫ.ਐਸ.ਐਸ.ਏ.ਆਈ. ਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ।

## ਪੀ.ਐਸ.ਪੀ.ਸੀ.ਐਲ. ਦਾ ਸਹਾਇਕ ਲਾਈਨਮੈਨ 10,000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਕਾਬੂ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਜ਼ਿਲਾ ਮੋਗਾ ਦੇ ਪਿੰਡ ਡਗਰੂ ਸਥਿਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦੇ ਦਫ਼ਤਰ ਵਿੱਚ ਤਾਇਨਾਤ ਸਹਾਇਕ ਲਾਈਨਮੈਨ (ਏ.ਐਲ.ਐਮ.) ਸੋਮ ਨਾਥ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਇਹ ਖੁਲਾਸਾ ਕਰਦਿਆਂ ਦੱਸਿਆ ਕਿ ਇਹ ਗ੍ਰਿਫਤਾਰੀ ਮੋਗਾ ਜ਼ਿਲ੍ਹੇ ਦੇ ਪਿੰਡ ਦੌਧਰ ਦੇ ਵਸਨੀਕ ਜਗਦੀਪ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਕੀਤੀ ਗਈ ਹੈ। ਸ਼ਿਕਾਇਤ ਅਨੁਸਾਰ ਜਗਦੀਪ ਸਿੰਘ ਅਤੇ ਉਸ ਦੇ ਸਾਥੀ ਪਿੰਡ ਡਗਰੂ ਅਤੇ ਨਿਧਾਂਵਾਲਾ ਵਿੱਚ ਦੋ ਢਾਬੇ ਚਲਾ ਰਹੇ ਹਨ, ਜਿੱਥੇ ਉਨ੍ਹਾਂ ਦੇ ਕੁੱਲ 1.50 ਲੱਖ ਰੁਪਏ ਦੇ ਬਿਜਲੀ ਬਿੱਲ ਬਕਾਇਆ ਸਨ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਪਿਛਲੇ ਦਿਨੀ ਉਨ੍ਹਾਂ ਦੇ ਢਾਬੇ ਉਤੇ ਆ ਕੇ ਪੀਐਸਪੀਸੀਐਲ ਡਗਰੂ ਦੇ ਉਪ ਮੰਡਲ ਅਫਸਰ (ਐਸਡੀਓ) ਜਰਨੈਲ ਸਿੰਘ ਨੇ ਉਕਤ ਏਐਲਐਮ ਸੋਮ ਨਾਥ ਨਾਲ ਮਿਲ ਕੇ ਬਕਾਇਆ ਬਿੱਲਾਂ ਦੀ ਕਿਸ਼ਤਾਂ ਵਿੱਚ ਅਦਾਇਗੀ ਕਰਨ ਲਈ 10,000 ਰੁਪਏ ਦੀ ਰਿਸ਼ਵਤ ਲਈ ਸੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਏਐਲਐਮ ਸੋਮ ਨਾਥ ਨੇ ਬਾਅਦ ਵਿੱਚ ਫਿਰ ਢਾਬੇ 'ਤੇ ਆ ਕੇ ਬਿਜਲੀ ਸਪਲਾਈ ਕੱਟ ਦਿੱਤੀ ਅਤੇ 1,000 ਰੁਪਏ ਦੀ ਰਿਸ਼ਵਤ ਲੈਣ ਤੋਂ ਬਾਅਦ ਹੀ ਇਸ ਨੂੰ ਦੁਬਾਰਾ ਜੋੜਿਆ ਅਤੇ ਕਿਹਾ ਕਿ ਬਕਾਇਆ ਬਿੱਲਾਂ ਨੂੰ ਤੁਰੰਤ ਭਰਿਆ ਜਾਵੇ। ਜਦੋਂ ਸ਼ਿਕਾਇਤਕਰਤਾ ਨੇ ਕਿਸ਼ਤਾਂ ਵਿੱਚ ਭੁਗਤਾਨ ਕਰਨ ਦੇ ਬਦਲ ਦੀ ਬੇਨਤੀ ਕੀਤੀ, ਤਾਂ ਏਐਲਐਮ ਸੋਮ ਨਾਥ ਨੇ 13,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਅਤੇ ਕਿਹਾ ਕਿ ਇਸ ਵਿੱਚੋਂ 10,000 ਰੁਪਏ ਐਸਡੀਓ ਨੂੰ ਦਿੱਤੇ ਜਾਣਗੇ, ਜਦੋਂ ਕਿ ਉਸਨੇ ਸ਼ਿਕਾਇਤਕਰਤਾ ਤੋਂ ਖੁਦ ਲਈ 3,000 ਰੁਪਏ ਹਾਸਲ ਕਰ ਲਏ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਰਕਮ ਲੈਂਦਿਆਂ ਏਐਲਐਮ ਨਾਲ ਹੋਈ ਗੱਲਬਾਤ ਰਿਕਾਰਡ ਕਰ ਲਈ ਅਤੇ ਇਸ ਲੈਣ-ਦੇਣ ਦੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਮੁੱਢਲੀ ਪੜਤਾਲ ਕਰਨ ਉਪਰੰਤ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਰੇਂਜ ਨੇ ਜਾਲ ਵਿਛਾਇਆ, ਜਿਸ ਦੌਰਾਨ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਦੀ ਤੀਜੀ ਕਿਸ਼ਤ ਲੈਂਦਿਆਂ ਏਐਲਐਮ ਸੋਮ ਨਾਥ ਨੂੰ ਦਬੋਚ ਲਿਆ। ਇਸ ਸਬੰਧ 'ਚ ਉਕਤ ਮੁਲਜ਼ਮ ਖਿਲਾਫ ਫਿਰੋਜ਼ਪੁਰ ਰੇਂਜ ਦੇ ਵਿਜੀਲੈਂਸ ਥਾਣੇ 'ਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਉਕਤ ਐਸ.ਡੀ.ਓ ਜਰਨੈਲ ਸਿੰਘ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

## ਗੁਰਮੀਤ ਸਿੰਘ ਖੁੱਡੀਆਂ ਵੱਲੋਂ ਕਿਸਾਨ-ਮਜ਼ਦੂਰ ਯੂਨੀਅਨ ਨਾਲ ਮੁਲਾਕਾਤ; ਪੰਜਾਬ ਸਰਕਾਰ ਵੱਲੋਂ ਪੂਰਨ ਸਹਿਯੋਗ ਦਾ ਦਿੱਤਾ ਭਰੋਸਾ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨੇ ਬੀਕੇਯੂ (ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ (ਪੀ.ਕੇ.ਐਮ.ਯੂ.) ਦੇ ਬੈਨਰ ਹੇਠ ਇੱਥੇ ਮਟਕਾ ਚੌਂਕ ਵਿਖੇ ਇਕੱਤਰ ਹੋਏ ਕਿਸਾਨਾਂ ਨਾਲ ਅੱਜ ਸ਼ਾਮ ਨੂੰ ਮੁਲਾਕਾਤ ਕੀਤੀ। ਖੇਤੀਬਾੜੀ ਮੰਤਰੀ ਨੇ ਕਿਸਾਨਾਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਭਲਾਈ ਸੂਬਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ।

ਸੂਬੇ ਦੇ ਕਿਸਾਨਾਂ ਦੇ ਹਿੱਤਾਂ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ: ਗੁਰਮੀਤ ਸਿੰਘ ਖੁੱਡੀਆਂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਮੁੱਖ ਮੰਤਰੀ ਨਾਲ ਹਮਦਰਦੀ ਤੇ ਸੁਹਿਰਦਤਾ ਨਾਲ ਵਿਚਾਰਿਆ ਜਾਵੇਗਾ। ਖੇਤੀਬਾੜੀ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਕਿਸਾਨਾਂ ਨਾਲ ਗੱਲਬਾਤ ਕਰਨ, ਉਨ੍ਹਾਂ ਦੇ ਵਿਚਾਰਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਾਲੀ ਪਹੁੰਚ ਉੱਤੇ ਜ਼ੋਰ ਦਿੰਦਿਆਂ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਦਿੱਤਾ।

ਸ.ਗੁਰਮੀਤ ਸਿੰਘ ਖੁੱਡੀਆਂ ਨੇ ਇੱਥੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਹੈ, ਕਿਉਂਕਿ ਕਿਸਾਨ ਨਾ ਕੇਵਲ ਸਾਡੇ ਅੰਨਦਾਤਾ ਹਨ ਸਗੋਂ ਸੂਬੇ ਦੀ ਆਰਥਿਕਤਾ ਦਾ ਧੁਰਾ ਵੀ ਹਨ। ਉਹਨਾਂ ਕਿਹਾ, "ਇਹ ਮੀਟਿੰਗ ਸਰਕਾਰ ਅਤੇ ਕਿਸਾਨ ਭਾਈਚਾਰੇ ਵਿਚਕਾਰ ਖੁੱਲ੍ਹੀ ਵਾਰਤਾਲਾਪ ਦੀ ਸ਼ੁਰੂਆਤ ਹੈ, ਜਿਸਦਾ ਉਦੇਸ਼ ਕਿਸਾਨਾਂ ਦੀਆਂ ਚੁਣੌਤੀਆਂ ਦਾ ਹੱਲ ਲੱਭਣਾ ਹੈ ਅਤੇ ਉਹਨਾਂ ਨੂੰ ਇੱਕ ਵਿਕਾਸਸ਼ੀਲ ਖੇਤੀਬਾੜੀ ਢਾਂਚੇ ਵਿੱਚ ਪ੍ਰਫੁੱਲਤ ਕਰਨ ਦੇ ਸਮਰੱਥ ਬਣਾਉਣਾ ਹੈ।"

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਆਰਥਿਕਤਾ ਅਤੇ ਸਮਾਜ ਵਿੱਚ ਕਿਸਾਨਾਂ ਦੇ ਵਡਮੁੱਲੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਕਿਸਾਨ ਭਾਈਚਾਰੇ ਦੀ ਮਦਦ ਅਤੇ ਉਨ੍ਹਾਂ ਨੂੰ ਉੱਚਾ ਚੁੱਕਣ ਦੇ ਆਪਣੇ ਮਿਸ਼ਨ ਵਿੱਚ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਅਤੇ ਉਨ੍ਹਾਂ ਦੀ ਨਿਰੰਤਰ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਕਿਸਾਨਾਂ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਨ ਲਈ ਵਚਨਬੱਧ ਹੈ।

## ਕੁੱਤਿਆਂ ਦੀ ਦਹਿਸ਼ਤ, ਪ੍ਰਾਈਡ ਹੋਮ ਸੁਸਾਇਟੀ ਦੇ ਲੋਕ ਪ੍ਰੇਸ਼ਾਨ, ਨਗਰ ਕੌਂਸਲ ਨੂੰ ਦਿੱਤੀ ਸ਼ਿਕਾਇਤ




**ਡੇਰਾ ਬਸੀ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਸ਼ਹਿਰ ਵਿੱਚ ਕੁੱਤਿਆਂ ਅਤੇ ਅਵਾਰਾ ਪਸ਼ੂਆਂ ਦੀ ਗਿਣਤੀ ਇੰਨੀ ਵੱਧ ਗਈ ਹੈ ਕਿ ਹਰ ਰੋਜ਼ ਆਵਾਰਾ ਕੁੱਤੇ ਕਿਸੇ ਨਾ ਕਿਸੇ ਨੂੰ ਵੱਢ ਲੈਂਦੇ ਹਨ।

ਤਾਜ਼ਾ ਮਾਮਲਾ ਜਿੱਥੇ ਡੇਰਾਬੱਸੀ ਦੀ ਸ਼ਿਵਪੁਰੀ ਕਲੋਨੀ ਨੇੜੇ ਪ੍ਰਾਈਡ ਹੋਮ ਸੁਸਾਇਟੀ ਵਿੱਚ ਕੁਝ ਦਿਨ ਪਹਿਲਾਂ ਇੱਕ ਬੱਚੇ ਨੂੰ ਵੱਢਿਆ ਗਿਆ ਸੀ, ਉੱਥੇ ਹੀ ਬੀਤੀ ਰਾਤ ਇੱਕ ਵੱਛੇ ਨੂੰ ਕੁੱਤਿਆਂ ਨੇ ਵੱਢ ਦਿੱਤਾ ਸੀ ਅਤੇ ਉਸ ਵਿੱਚੋਂ ਖੂਨ ਵਹਿ ਗਿਆ ਸੀ, ਜਿਸ ਕਾਰਨ ਵੱਛੇ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ।

ਇੱਕ ਪਾਸੇ ਜਿੱਥੇ ਕਲੋਨੀ ਵਾਸੀਆਂ ਵਿੱਚ ਕੁੱਤਿਆਂ ਦੀ ਦਹਿਸ਼ਤ ਦਾ ਡਰ ਬਣਿਆ ਹੋਇਆ ਹੈ, ਉੱਥੇ ਹੀ ਦੂਜੇ ਪਾਸੇ ਪ੍ਰਸ਼ਾਸਨ ਵੱਲੋਂ ਇਸ ਸਮੱਸਿਆ ਦਾ ਹੱਲ ਨਾ ਕਰਨ ਕਾਰਨ ਲੋਕਾਂ ਵਿੱਚ ਭਾਰੀ ਰੋਸ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਕਲੋਨੀ ਵਾਸੀ ਮੰਜੂ, ਪ੍ਰੀਤੀ, ਕਮਲੇਸ਼, ਸ਼ਿਖਾ, ਸਾਵਿਤਰੀ, ਸੁਮਨ, ਆਸ਼ਾ, ਜੋਤੀ ਆਦਿ ਨੇ ਦੱਸਿਆ ਕਿ ਉਨ੍ਹਾਂ ਦੀ ਕਲੋਨੀ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ। ਉਨ੍ਹਾਂ ਦੱਸਿਆ ਕਿ ਕਲੋਨੀ ਵਿੱਚ ਦਰਜਨਾਂ ਕੁੱਤੇ ਹਨ ਜੋ ਹਰ 10-15 ਦਿਨਾਂ ਬਾਅਦ ਇੱਕ ਵਿਅਕਤੀ ਨੂੰ ਵੱਢਦੇ ਹਨ।

ਉਨ੍ਹਾਂ ਕਿਹਾ ਕਿ ਕੁੱਤਿਆਂ ਦੇ ਹਮਲੇ ਕਾਰਨ ਉਹ ਘਰੋਂ ਬਾਹਰ ਨਿਕਲਣ ਤੋਂ ਵੀ ਡਰਦੇ ਹਨ।

ਉਹ ਡਰ ਦੇ ਸਾਏ ਹੇਠ ਰਹਿਣ ਲਈ ਮਜਬੂਰ ਹਨ। ਉਨ੍ਹਾਂ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਇੱਥੇ ਰਹਿੰਦੇ ਕੁੱਤਿਆਂ ਨੂੰ ਫੜ ਕੇ ਕਿਤੇ ਹੋਰ ਛੱਡਿਆ ਜਾਵੇ ਜਾਂ ਫਿਰ ਕੁੱਤਿਆਂ ਦੀ ਨਸਬੰਦੀ ਕਰਵਾਈ ਜਾਵੇ ਤਾਂ ਜੋ ਕੁੱਤਿਆਂ ਦੀ ਗਿਣਤੀ ਹੋਰ ਨਾ ਵਧੇ।

## ਰੰਗਲੇ ਪੰਜਾਬ ਦਾ ਰਸਤਾ ਖੇਤਾਂ 'ਚੋ ਹੋ ਕੇ ਜਾਂਦਾ ਹੈ, ਇਸ ਲਈ ਕਿਸਾਨਾਂ ਦਾ ਯੋਗਦਾਨ ਅਹਿਮ : ਕੁਲਤਾਰ ਸਿੰਘ ਸੰਧਵਾਂ

**ਪਟਿਆਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਰਾਜਪੁਰਾ ਦੀ ਅਨਾਜ ਮੰਡੀ ਵਿਖੇ ਲੱਗੇ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਕਿਸਾਨ ਮੇਲੇ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਬਣਾਉਣ 'ਚ ਕਿਸਾਨਾਂ ਦਾ ਅਹਿਮ ਯੋਗਦਾਨ ਹੋਵੇਗਾ, ਕਿਉਂਕਿ ਅੰਨਦਾਤਾ ਦੀ ਖੁਸ਼ਹਾਲੀ ਨਾਲ ਹੀ ਸੂਬਾ ਖੁਸ਼ਹਾਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦਾ ਜੋ ਅਹਿਦ ਲਿਆ ਗਿਆ ਹੈ ਉਸ ਦਾ ਰਸਤਾ ਪੰਜਾਬ ਦੇ ਖੇਤਾਂ ਵਿੱਚ ਹੋ ਕੇ ਜਾਂਦਾ ਹੈ। ਇਸ ਮੌਕੇ ਐਮ.ਐਲ.ਏ ਲਾਭ ਸਿੰਘ ਓਗੋਕੇ ਵੀ ਮੌਜੂਦ ਸਨ।

ਕਿਸਾਨ ਮੇਲੇ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਖੇਤੀਬਾੜੀ ਨਾ ਸਿਰਫ ਪੰਜਾਬ ਸਗੋਂ ਪੂਰੇ ਦੇਸ਼ ਦੀ ਰੀੜ ਦੀ ਹੱਡੀ ਹੈ ਅਤੇ ਅਜਿਹੇ ਕਿਸਾਨ ਮੇਲੇ ਖੇਤੀਬਾੜੀ ਦੇ ਕਿੱਤੇ ਵਿੱਚ ਹੋ ਰਹੇ ਨਵੇਂ ਸੁਧਾਰਾਂ ਦੇ ਆਦਾਨ ਪ੍ਰਦਾਨ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਨਾ ਕੇਵਲ ਪੰਜਾਬ ਸਗੋਂ ਆਧੁਨਿਕ ਤਕਨੀਕਾਂ ਦੀ ਜਾਣਕਾਰੀ ਲੈਣ ਲਈ ਦੇਸ਼ ਦੇ ਹਰੇਕ ਸੂਬੇ ਵਿੱਚ ਲੱਗਣ ਵਾਲੇ ਕਿਸਾਨ ਮੇਲਿਆਂ 'ਚ ਸ਼ਿਰਕਤ ਕਰਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਆਮਦਨ ਨੂੰ ਵਧਾਉਣ ਲਈ ਖੇਤੀ ਦੇ ਨਾਲ ਨਾਲ ਸਹਾਇਕ ਧੰਦਿਆਂ ਨੂੰ ਵੀ ਅਪਣਾਉਣ। ਡੇਅਰੀ ਫਾਰਮਿੰਗ ਦੇ ਨਾਲ ਨਾਲ ਕਿਸਾਨ ਫ਼ਸਲੀ ਵਿਭਿੰਨਤਾ ਵੀ ਲਿਆਉਣ। ਉਨ੍ਹਾਂ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਕਿਸਾਨ ਆਪਣੇ ਪੈਦਾਵਾਰ ਦੀ ਮਾਰਕੀਟਿੰਗ ਖੁਦ ਕਰਨ ਨੂੰ ਤਰਜ਼ੀਹ ਦੇਣ। ਉਨ੍ਹਾਂ ਕਿਹਾ ਕਿ ਜਦ ਕਿਸਾਨਾਂ ਵੱਲੋਂ ਮਾਰਕੀਟਿੰਗ ਖੁਦ ਕੀਤੀ ਜਾਣ ਲੱਗੇਗੀ ਉਦੋਂ ਪੰਜਾਬ ਨਾ ਕੇਵਲ ਦੇਸ਼ ਦਾ ਸਗੋਂ ਦੁਨੀਆ ਦਾ ਸਭ ਤੋਂ ਅਮੀਰ ਸੂਬਾ ਬਣਕੇ ਉਭਰੇਗਾ। ਇਸ ਮੌਕੇ ਉਨ੍ਹਾਂ ਟਰੈਕਟਰ 'ਤੇ ਪੂਰੇ ਕਿਸਾਨ ਮੇਲੇ ਦਾ ਦੌਰਾ ਕੀਤਾ।

ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਅੱਗ ਲਾਉਣ ਦੇ ਰੁਝਾਨ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ ਤੇ ਗੰਭੀਰ ਬੀਮਾਰੀਆਂ ਫੈਲਦੀਆਂ ਹਨ। ਇਸ ਮੌਕੇ ਦੀਪ ਸੰਧੂ, ਅਬਜਿੰਦਰ ਸਿੰਘ ਸੰਘਾ, ਸਾਹਿਲ ਮੱਕੜ, ਕੇਸ਼ੋ ਕੁਲਤਾਰ ਸਿੰਘ ਪੰਨੂ, ਜਸਦੀਪ ਸਿੰਘ ਬਰਾੜ ਤੇ ਐਡਵੋਕੇਟ ਜੈਸ਼ਵਿੰਦਰ ਸਿੰਘ ਬਰਾੜ ਵੀ ਮੌਜੂਦ ਸਨ।

## ਖੇਤੀਬਾੜੀ ਵਿਭਾਗ ਨੇ ਬਲਾਕ ਬਸੀ ਪਠਾਨਾ ਦੇ ਪਿੰਡਾਂ ਵਿੱਚ ਕਿਸਾਨ ਸਿਖਲਾਈ ਕੈਂਪ ਲਗਾਏ



**ਫਤਹਿਗੜ੍ਹ ਸਾਹਿਬ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਮੁੱਖ ਖੇਤੀਬਾੜੀ ਅਫਸਰ ਡਾ: ਧਰਮਿੰਦਰਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਸਾਉਣੀ ਦੀਆਂ ਫਸਲਾਂ ਸਬੰਧੀ ਬਸੀ ਪਠਾਨਾ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਕਿਸਾਨ ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ ਕਿਸਾਨਾਂ ਨੂੰ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਬਸੀ ਪਠਾਣਾ ਡਾ: ਕਿਰਪਾਲ ਸਿੰਘ ਨੇ ਕਿਸਾਨਾਂ ਨੂੰ ਵਿਭਾਗੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਵਾਤਾਵਰਣ ਪ੍ਰਦੂਸ਼ਣ ਨੂੰ ਠੱਲ ਪਾਉਣ ਲਈ ਕਿਸਾਨਾਂ ਨੂੰ ਬੂਟੇ ਵੰਡੇ ਜਾ ਰਹੇ ਹਨ। ਕਿਸਾਨ ਆਪਣੀਆਂ ਮੋਟਰਾਂ ਤੇ 5-5 ਬੂਟੇ ਜਰੂਰ ਲਗਾਉਣ। ਇਸ ਮੌਕੇ ਪੀ.ਐਮ. ਕਿਸਾਨ ਨਿਧੀ ਸਕੀਮ ਅਧੀਨ ਕਿਸਾਨਾਂ ਦੀ ਈ.ਕੇ.ਵਾਈ.ਸੀ. ਵੀ ਕੀਤੀ ਗਈ। ਇਸ ਮੌਕੇ ਡਿਪਟੀ ਪ੍ਰੋਜੈਕਟ ਡਾਇਰੈਕਟਰ ਆਤਮਾ ਹਰਮਨਜੀਤ ਸਿੰਘ ਨੇ ਕਿਸਾਨਾਂ ਨੂੰ ਆਤਮਾ ਸਕੀਮ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾਂ, ਮਿੱਟੀ ਸਿਹਤ ਕਾਰਡ, ਫਸਲੀ ਵਿਭਿੰਨਤਾ ਆਦਿ ਸਕੀਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਸਹਾਇਕ ਧੰਦੇ ਅਪਣਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਹਾਇਕ ਧੰਦੇ ਅਪਣਾਉਣ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ । ਉਨ੍ਹਾਂ ਕਿਹਾ ਕਿ ਸਹਾਇਕ ਧੰਦਿਆਂ ਦੀ ਸਿਖਲਾਈ ਆਤਮਾ ਸਕੀਮ ਦਿਵਾਉਣ ਬਾਰੇ ਵੀ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਖੇਤੀਬਾੜੀ ਵਿਸਥਾਰ ਅਫਸਰ ਮਨਦੀਪ ਕੌਰ ਨੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਉਪਰ ਕੀੜੇ ਮਕੌੜਿਆਂ ਤੇ ਬਿਮਾਰੀਆਂ ਦੇ ਹਮਲੇ ਅਤੇ ਇਸ ਦੀ ਰੋਕਥਾਮ ਬਾਰੇ ਦੱਸਿਆ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਸੰਭਾਲ ਲਈ ਸਬਸਿਡੀ ਤੇ ਦਿੱਤੀ ਜਾ ਰਹੀ ਖੇਤੀ ਮਸ਼ੀਨਰੀ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਨਾਲ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਉਸ ਨੂੰ ਖੇਤ ਵਿੱਚ ਹੀ ਰਲਾਇਆ ਜਾ ਸਕਦਾ ਹੈ ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੋਵੇਗਾ ਅਤੇ ਮਿੱਤਰ ਕੀੜੇ ਵੀ ਨਸ਼ਟ ਹੋਣ ਤੋਂ ਬਚੇ ਰਹਿਣਗੇ।

ਬਸੀ ਪਠਾਣਾ ਮਾਰਕੀਟ ਕਮੇਟੀ ਦੇ ਸਕੱਤਰ ਕਮਲਜੀਤ ਸਿੰਘ ਨੇ ਕਿਸਾਨਾਂ ਨੂੰ ਜੇ ਫਾਰਮ, ਆਯੂਸ਼ਮਾਨ ਕਾਰਡ ਅਤੇ ਮੰਡੀ ਵਿੱਚ ਝੋਨੇ ਦੀ ਸਹੀ ਨਮੀ ਵਾਲੀ ਫਸਲ ਲਿਆਉਣ ਲਈ ਪ੍ਰੇਰਿਤ ਕੀਤਾ। ਵੈਜੀਟੇਬਲ ਪ੍ਰੋਡਿਊਸਰ ਕੰਪਨੀ ਲਿਮ: , ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਪਿੰਡ ਮਾਰਵਾ ਦੇ ਸੀ.ਈ.ਓ. ਕੇਹਰ ਸਿੰਘ ਨੇ ਕਿਸਾਨਾਂ ਨੂੰ ਆਪਣੀ ਸੰਸਥਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਨਾਲ ਜੁੜ ਕੇ ਕਿਸਾਨਾਂ ਨੂੰ ਫਸਲਾਂ ਦਾ ਸਹੀ ਮੁੱਲ ਮਿਲੇਗਾ ਅਤੇ ਮੰਡੀਕਰਨ ਦੀ ਸਮੱਸਿਆ ਦਾ ਵੀ ਹੱਲ ਹੋ ਜਾਵੇਗਾ। ਇਸ ਮੌਕੇ ਅਗਾਂਹਵਧੂ ਕਿਸਾਨ ਪਰਦੀਪ ਸਿੰਘ, ਸੰਤ ਸਿੰਘ, ਜਸਪਾਲ ਸਿੰਘ ਕਲੌੜ, ਹਰਭਜਨ ਸਿੰਘ ਰੈਲੋਂ, ਰੁਪਿੰਦਰ ਸਿੰਘ ਡਡਿਆਣਾ, ਗੁਰਜੰਟ ਸਿੰਘ, ਜਸਵਿੰਦਰ ਸਿੰਘ ਨੰਦਪੁਰ, ਸੇਵਾ ਸਿੰਘ ਮਾਰਵਾ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜਰ ਸਨ।

## ਲਾਲ ਚੰਦ ਕਟਾਰੂਚੱਕ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਪਠਾਨਕੋਟ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਜੀ ਵੱਲੋਂ ਜਿਲ੍ਹਾ ਪਠਾਨਕੋਟ ਵਿਖੇ ਸਥਿਤ ਪਿੰਡ ਕਟਾਰੂਚੱਕ ਵਿਖੇ ਅਪਣੇ ਦਫਤਰ ਚੋਂ ਖੁੱਲਾ ਦਰਬਾਰ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਨਰੇਸ ਕੁਮਾਰ ਜਿਲ੍ਹਾ ਪ੍ਰਧਾਨ ਬੀ.ਸੀ. ਸੈਲ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜਰ ਸਨ।

ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਜੀ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਜਨ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਅਤੇ ਜਨ ਭਲਾਈ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਹਰ ਸਨੀਵਾਰ ਅਤੇ ਐਤਵਾਰ ਨੂੰ ਅਪਣੇ ਨਿਵਾਸ ਸਥਾਨ ਤੇ ਸਥਿਤ ਦਫਤਰ ਵਿਖੇ ਆਮ ਜਨਤਾ ਦੀਆਂ ਸਮੱਸਿਆਵਾਂ ਸੁਣੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਜਿਆਦਾਤਰ ਸਮੱਸਿਆਵਾਂ ਦਾ ਮੋਕੇ ਤੇ ਹੱਲ ਕੀਤਾ ਜਾਂਦਾ ਹੈ ਅਤੇ ਕਿਸੇ ਵਿਭਾਗਾਂ ਨਾਲ ਸਬੰਧਤ ਸਮੱਸਿਆਵਾਂ ਦਾ ਸਬੰਧਤ ਵਿਭਾਗੀ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਸਿਕਾਇਤ ਕਰਤਾ ਨੂੰ ਸਮਾਂ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਲੋਕਾਂ ਦੀਆਂ ਆਮ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਤਾਂ ਜੋ ਹਰੇਕ ਨਾਗਰਿਕ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜਨ ਭਲਾਈ ਯੋਜਨਾਵਾਂ ਤੋਂ ਲਾਭ ਪ੍ਰਾਪਤ ਕਰ ਸਕੇ।

ਇਸ ਮੋਕੇ ਤੇ ਜਿਲ੍ਹਾ ਗੁਰਦਾਸਪੁਰ ਡੀਪੂ ਹੋਲਡਰ ਕੈਬਨਿਟ ਮੰਤਰੀ ਪੰਜਾਬ ਨੂੰ ਮਿਲੇ ਅਤੇ ਮੂੰਹ ਮਿੱਠਾ ਕਰਵਾ ਕੇ ਪੰਜਾਬ ਸਰਕਾਰ ਵੱਲੋਂ ਡੀਪੂ ਹੋਲਡਰਾਂ ਦੇ ਪੱਖ ਵਿੱਚ ਲਏ ਫੈਂਸਲੇ ਦਾ ਸਵਾਗਤ ਕਰਦੇ ਹੋਏ ਸੁਭਕਾਮਨਾਵਾਂ ਦਿੱਤੀਆਂ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

## ਟਰੱਕ ਯੂਨੀਅਨ ਨਾਭਾ ਵਿਖੇ ਸਰਬੱਤ ਦੇ ਭਲੇ ਲਈ ਕਰਵਾਇਆ ਗਿਆ ਧਾਰਮਿਕ ਸਮਾਗਮ



**ਨਾਭਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰੱਕ ਯੂਨੀਅਨ ਨਾਭਾ ਵਿਖੇ ਸਮੂਹ ਟਰੱਕ ਅਪਰੇਟਰਾਂ ਵਲੋਂ ਹਰ ਸਾਲ ਦੀ ਤਰਾਂ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸੁਖਦੇਵ ਸਿੰਘ ਰਸੀਲਾ ਜੀ ਦੇ ਰਾਗੀ ਜਥੇ ਵਲੋਂ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਗੁਰਬਾਨੀ ਨਾਲ ਜੋੜਨਾ ਕੀਤਾ ਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ ਇਸ ਮੌਕੇ ਵਿਸ਼ੇਸ਼ ਤੌਰ ਤੇ ਪਾਹੁੰਚੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਇਸ ਸਮਾਗਮ ਲਈ ਯੂਨੀਅਨ ਦੀ ਸਲਾਘਾ ਕਰਦਿਆਂ ਕਿਹਾ ਕਿ ਟਰੱਕ ਅਪਰੇਟਰ ਵਧਾਈ ਦੇ ਪਾਤਰ ਹਨ ਜਿਨਾਂ ਹਰ ਸਾਲ ਦੀ ਤਰਾਂ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਗੁਰੂ ਦਾ ਓਟ ਆਸਰਾ ਲਿਆ ਹੈ ਪਰਮਾਤਮਾ ਇਨਾਂ ਨੂੰ ਤਰੱਕੀਆਂ ਤੇ ਕਾਮਯਾਬੀ ਬਖਸ਼ੇ ਅਖੀਰ ਵਿੱਚ ਟਰੱਕ ਯੂਨੀਅਨ ਦੇ ਪ੍ਰਧਾਨ ਸੁਖਦੇਵ ਸਿੰਘ ਸੰਧੂ ਵਲੋ ਆਈਆਂ ਸੰਗਤਾਂ ਤੇ ਟਰੱਕ ਅਪਰੇਟਰਾਂ ਦਾ ਧੰਨਵਾਦ ਕਰਦਿਆ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਇਸ ਮੋਕੇ ਬਾਬਾ ਮੱਖਣ ਸਿੰਘ ਕਾਰਸੇਵਾ ਵਾਲੇ ,ਟਰੱਕ ਯੂਨੀਅਨ ਦੇ ਪ੍ਰਧਾਨ ਸੁਖਦੇਵ ਸਿੰਘ ਸੰਧੂ,ਮੱਖਣ ਸਿੰਘ ਲਾਲਕਾ, ਹਰਬੰਸ ਸਿੰਘ,ਰਵਿੰਦਰ ਸ਼ਰਮਾ,ਤਰਨਜੀਤ ਸਿੰਘ,ਵਿਜੈ ਠੇਕੇਦਾਰ ਸਾਰੇ ਸਾਬਕਾ ਪ੍ਰਧਾਨ,ਜਤਿੰਦਰ ਸਿੰਘ ਸੇਖੋਂ, ਸਾਹਿਬ ਸਿੰਘ ਢਿੰਗੀ, ਬਹਾਦੁਰ ਸਿੰਘ, ਨਵਜੋਤ ਸਿੰਘ ਨਵੀ, ਹਾਕਮ ਸਿੰਘ, ਸਾਹਿਬ ਸਿੰਘ ਵਿਰਕ, ਦਲਜੀਤ ਸਿੰਘ, ਚਰਨਜੀਤ ਸਿੰਘ ਚੰਨਾ ਤੇ ਸਰਬਜੀਤ ਸਿੰਘ ਸੈਣੀ, ਤੇਜਿੰਦਰ ਸਿੰਘ,ਅਮਨਦੀਪ ਸਿੰਘ ਬਿੱਲਾ,ਹਰਜੀਤ ਸਿੰਘ ਗਿੱਲ, ਬਲਕਾਰ ਸਿੰਘ ਚੌਕੀ ਇੰਚਾਰਜ ਗਲਵੱਟੀ,ਰ ਾਮ ਸਿੰਘ,ਸੰਜੈ ਮੱਘੋ,ਗੁਰਦੀਪ ਟਿਵਾਣਾ,ਅਮਰਜੀਤ ਸਿੰਘ ਹਰਪ੍ਰੀਤ ਸਿੰਘ, ਭੁਪਿੰਦਰ ਸਿੰਘ ਕੱਲਰਮਾਜਰੀ, ਸੰਦੀਪ ਸ਼ਰਮਾ ਸ਼ਹਿਰੀ ਪ੍ਰਧਾਨ,ਨਵੀਨ ਕੁਮਾਰ ਮੇਜਰ ਸਿੰਘ ਤੂੰਗਾ ਤੋਂ ਇਲਾਵਾ ਵੱਡੀ ਗਿਣਤੀ ਚ ਟਰੱਕ ਅਪਰੇਟਰ ਮੌਜੂਦ ਸਨ ।

## ਰਮੇਸ਼ ਭੰਡਾਰੀ ਨੂੰ ਰਿਟਾਇਰਮੈਂਟ ਤੇ ਕੀਤਾ ਸਨਮਾਨਿਤ

**ਪਟਿਆਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਤਰਾਂਚਲੀ ਕਲਚਰਲ ਵੈਲਫੇਅਰ ਸੁਸਾਇਟੀ (ਰਜਿ) ਪਟਿਆਲਾ ਦੇ ਪ੍ਰਧਾਨ ਸ੍ਰੀ ਰਮੇਸ਼ ਭੰਡਾਰੀ ਜੀ ਜੋ ਕਿ ਦਿ ਸਮਾਣਾ ਕੋਆਪਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਵਿੱਚ ਬਤੌਰ ਕੈਸੀਅਰ ਅਪਣੀ ਸ਼ੇਵਾ ਨਿਭਾ ਰਹੇ ਸਨ ਬੈਂਕ ਤੋਂ ਰਿਟਾਇਰ ਹੋਏ । ਇਸ ਮੌਕੇ ਉਹਨਾਂ ਦੀ ਰਿਟਾਇਰਮੈਂਟ ਤੇ ਓਤਰਾਖੰਡ ਸਭਾ ਪਟਿਆਲਾ ਦੇ ਪ੍ਰਧਾਨ ਸ਼੍ਰੀ ਜੋਤ ਸਿੰਘ ਭੰਡਾਰੀ, ਜਰਨਲ ਸਕੱਤਰ ਸ਼੍ਰੀ ਭਗਤ ਸਿੰਘ ਭੰਡਾਰੀ,ਉਤਰਾਂਚਲੀ ਕਲਚਰਲ ਵੈਲਫੇਅਰ ਸੁਸਾਇਟੀ ਰਜਿ ਪਟਿਆਲਾ ਦੇ ਸਕੱਤਰ ਸ੍ਰੀ ਰਾਜਿੰਦਰ ਸਿੰਘ ਪੰਵਾਰ, ਮੈਂਬਰ, ਸ਼੍ਰੀ ਤਾਰਾ ਦਤ, ਸ਼੍ਰੀ ਪਰਮੇਸ਼ਵਰ ਸਿੰਘ ਨੇਗੀ, ਸ਼੍ਰੀ ਸਰੌਪ ਸਿੰਘ ਰਾਵਤ, ਸ਼੍ਰੀ, ਦੇਵਿੰਦਰ ਸਿੰਘ ਰਮੋਲਾ, ਸ੍ਰੀ ਪ੍ਰਿਥਵੀ ਪਾਲ ਸਿੰਘ ਪੰਵਾਰ, ਸ਼੍ਰੀ ਭਗਵਾਨ ਸਿੰਘ ਕਠੈਤ, ਉਤਰਾਂਚਲੀ ਭਰਾਤਰੀ ਸ਼੍ਰਮਿਤੀ ਅਲੀਵਾਲ ਦੇ ਪ੍ਰਧਾਨ ਸ਼੍ਰੀ ਉੱਤਮ ਸਿੰਘ ਤੜੀਆਲ,ਸ਼੍ਰੀ ਰਵਿੰਦਰ ਸਿੰਘ ਰਾਵਤ, ਸ੍ਰੀ ਮੁਲਾਇਮ ਸਿੰਘ ਰਾਣਾ, ਸ਼੍ਰੀ ਭੂਪ ਸਿੰਘ ਅਸਵਾਲ, ਸ਼੍ਰੀ ਭਗਵਾਨ ਸਿੰਘ, ਸ਼੍ਰੀ ਸਰਦਾਰਾ ਸਿੰਘ, ਆਮ ਆਦਮੀ ਪਾਰਟੀ ਦੇ, ਬਲਾਕ ਪ੍ਰਧਾਨ ਅਮਨਦੀਪ ਸਿੰਘ ਭੁਲਰ, ਆਪ ਆਗੂ ਸ਼੍ਰੀ ਜੀ.ਐਸ.ਦਤ ,ਅਮ੍ਰਿਤ ਪਾਲ ਸਿੰਘ, ਬਲਾਕ ਪ੍ਰਧਾਨ ਸ਼੍ਰੀ ਉਮਪਰਕਾਸ਼ ਸ਼ਰਮਾਂ, ਸ਼੍ਰੀ ਕੈਲਾਸ ਪੁਰੋਹਿਤ ਵਲੋਂ ਸਨਮਾਨਿਤ ਕਿਤਾ ਗਿਆ।

## ਸਰਬਤ ਦਾ ਭਲਾ ਟਰਸਟ ਵੱਲੋਂ ਨਵਾਂ ਸਿਲਾਈ ਸੈਂਟਰ ਖੋਲ੍ਹਿਆ



**ਸਮਾਣਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਬਤ ਦਾ ਭਲਾ ਟਰਸਟ ਪਟਿਆਲਾ ਦੇ ਐਮ.ਡੀ. ਡਾਕਟਰ ਐਸ.ਪੀ. ਸਿੰਘ ਓਬਰਾਏ ਦੀ ਰਹਿਨੁਮਾਈ ਹੇਠ, ਅਤੇ ਟਰਸਟ ਦੇ ਪ੍ਰਧਾਨ ਸਰਦਾਰ ਜੱਸਾ ਸਿੰਘ ਸੰਧੂ ਦੀ ਅਧਿਆਕਸ਼ਤਾ ਵਿੱਚ ਪਿੰਡ ਚਿੱਚੜ ਵਾਲਾ ਵਿੱਚ ਇੱਕ ਨਵਾਂ ਸਿਲਾਈ ਸੈਂਟਰ ਖੋਲ੍ਹਿਆ ਗਿਆ ਹੈ। ਮੈਡਮ ਇੰਦਰਜੀਤ ਕੌਰ ਦੀ ਪ੍ਰੇਰਨਾ ਸਦਕਾ, ਟਰਸਟ ਵੱਲੋਂ ਸਿਲਾਈ ਸੈਂਟਰ ਲਈ ਬੱਚਿਆਂ ਲਈ ਅੱਠ ਸਿਲਾਈ ਮਸ਼ੀਨਾਂ ਭੇਟ ਕੀਤੀਆਂ ਗਈਆਂ ਹਨ। ਇਸ ਸੈਂਟਰ ਵਿੱਚ ਮੌਜੂਦਾ ਸਮੇਂ 35 ਲੜਕੀਆਂ ਨੇ ਦਾਖਲਾ ਲਿਆ ਹੈ।

ਸੈਂਟਰ ਦੇ ਉਦਘਾਟਨ ਮੌਕੇ 'ਤੇ, ਦੀਪਕ ਪਾਠਕ ਵੱਲੋਂ ਪਿੰਡ ਵਿੱਚ ਪਹੁੰਚ ਕੇ ਇਹ ਮਹੱਤਵਪੂਰਨ ਕੰਮ ਕੀਤਾ ਗਿਆ। ਉਹਨਾਂ ਨੇ ਸਿਲਾਈ ਕੜਾਈ ਦੀ ਤਾਲੀਮ ਦੇ ਨਾਲ-ਨਾਲ ਬੱਚਿਆਂ ਦੀ ਮਾਨਸਿਕ ਵਿਕਾਸ ਵੱਲ ਵੀ ਧਿਆਨ ਦਿੰਦੇ ਹੋਏ, ਸੈਂਟਰ ਵਿੱਚ ਵੱਖ-ਵੱਖ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਨ ਦੀ ਘੋਸ਼ਣਾ ਕੀਤੀ।

ਸਰਬਤ ਦਾ ਭਲਾ ਟਰਸਟ ਦੇ ਪ੍ਰਤੀਨਿਧਿ ਸੁਖਦੇਵ ਸਿੰਘ ਧਰਮ ਸਰੋਤ ਨੇ ਸਾਰੇ ਹਾਜ਼ਰ ਹੋਏ ਮਹਿਮਾਨਾਂ ਨੂੰ ਜੀ ਆਇਆ ਕਹਿਆ ਅਤੇ ਸੈਂਟਰ ਦੀ ਸਰਵਪਰੀ ਜ਼ਿੰਮੇਵਾਰੀ ਵੀ ਸੰਭਾਲੀ। ਇਸੇ ਨਾਲ ਕਸ਼ਮੀਰੋ ਦੇਵੀ ਨੂੰ ਸਿਲਾਈ ਸੈਂਟਰ ਦੀ ਟੀਚਰ ਵਜੋਂ ਨਿਯੁਕਤ ਕੀਤਾ ਗਿਆ। ਇਸ ਮੌਕੇ 'ਤੇ ਮੁਖਤਿਆਰ ਸਿੰਘ, ਮਲਕੀਤ ਸਿੰਘ, ਦਿਲਬਰ ਖਾਨ, ਰੁਲਦਾ ਰਾਮ, ਬੀਰਾ ਰਾਮ, ਕਾਬਲ ਫੌਜੀ ਆਦਿ ਪਿੰਡ ਦੇ ਮਾਣਯੋਗ ਵਾਸੀ ਵੀ ਮੌਜੂਦ ਸਨ। ਇਸ ਪ੍ਰਯਾਸ ਨਾਲ ਪਿੰਡ ਦੇ ਲੋਕਾਂ ਵਿੱਚ ਇੱਕ ਨਵਾਂ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਅਤੇ ਇਹ ਸਿਲਾਈ ਸੈਂਟਰ ਆਗਾਮੀ ਭਵਿੱਖ ਵਿੱਚ ਬੱਚਿਆਂ ਨੂੰ ਖੁਦਮੁਖਤਾਰ ਬਣਾਉਣ ਵੱਲ ਇੱਕ ਸਿਰਾ ਹੋਵੇਗਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਨੂੰ ਸਮਰਪਿਤ ਹੋਣਗੇ ਧਾਰਮਕ ਸਮਾਗਮ: ਮੈਨੇਜਰ

**ਪਟਿਆਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



**ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਭਾਈ ਗੁਲਵਿੰਦਰ ਸਿੰਘ ਪਹਿਲੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕਰਦੇ ਹੋਏ, ਨਾਲ ਹਨ ਮੈਨੇਜਰ ਰਜਿੰਦਰ ਸਿੰਘ ਟੌਹੜਾ।**

ਨੰਵੇਂ ਪਾਤਸਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਧਾਰਮਕ ਸਮਾਗਮ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਸਾਂਝੀ ਕੀਤੀ। ਪਹਿਲੇ ਪ੍ਰਕਾਸ ਪੁਰਬ ਦੇ ਸੰਬੰਧ ਵਿਚ ਅੱਜ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਭਾਈ ਗੁਲਵਿੰਦਰ ਸਿੰਘ ਵੱਲੋਂ ਕੀਤੀ ਅਰਦਾਸ ਉਪਰੰਤ ਹੋਈ। ਧਾਰਮਕ ਸਮਾਗਮ ਦੇ ਸੰਬੰਧ ਵਿਚ ਮੈਨੇਜਰ ਰਜਿੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ 4 ਸਤੰਬਰ ਨੂੰ 10.30 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਹਜੂਰੀ ਰਾਗੀ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਸੰਗਤਾਂ ਧਾਰਮਕ ਸਮਾਗਮ ਵਿਚ ਪਹੁੰਚ ਕੇ ਗੁਰੂ ਸਾਹਿਬ ਦੀ ਖੁਸੀਆਂ ਨੂੰ ਪ੍ਰਾਪਤ ਕਰਨ।

# ਪਿਆਰ ਦੇ ਲਈ ਬਦਮਾਸ਼ੀ







**ਸ਼ਿਵਦੱਤ ਦਬੰਗ ਸੀ, ਮਹਾਵੀਰ ਦੁਆਰਾ ਉਸ ਦੇ ਪਿਤਾ ਨੂੰ ਸ਼ਿਕਾਇਤ ਕਰਨ ਦੀ ਗੱਲ ਉਸਨੂੰ ਬਹੁਤ ਬੁਰੀ ਲੱਗੀ। ਉਹ ਪੂਰੀ ਤਰ੍ਹਾਂ ਨਾਲ ਦਾਦਾਗਿਰੀ ਤੇ ਉਤਰ ਆਇਆ ਅਤੇ ਹੁਣ ਪੂਨਮ ਨੂੰ ਖੁੱਲ੍ਹੇ ਤੌਰ ਤੇ ਧਮਕੀ ਦੇਣ ਲੱਗਿਆ ਕਿ ਉਹ ਉਸ ਨਾਲ ਵਿਆਹ ਲਈ ਇਨਕਾਰ ਕਰੇਗੀ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ। ਮਹਾਵੀਰ ਨੇ ਫਿਰ ਤੋਂ ਮਹੀਲਾਲ ਨੂੰ ਸ਼ਿਕਾਇਤ ਕੀਤੀ। ਇਸ ਵਾਰ ਮਹੀਲਾਲ ਨੇ ਆਪਣੇ ਬੇਟੇ ਸ਼ਿਵਦੱਤ ਦਾ ਹੀ ਪੱਖ ਲਿਆ। ਮਹਾਵੀਰ ਕੋਈ ਲੜਾਈ-ਝਗੜਾ ਨਹੀਂ ਕਰਨਾ ਚਾਹੁੰਦਾ ਸੀ। ਗੱਲ ਵਧਾਉਣ ਦੀ ਬਜਾਏ ਉਹ ਚੁੱਪ ਹੋ ਕੇ ਬੈਠ ਗਿਆ। ਮਹਾਵੀਰ ਦੇ ਰਿਸ਼ਤੇਦਾਰਾਂ ਅਤੇ ਮੁਹੱਲੇ ਦੇ ਕੁਝ ਲੋਕਾਂ ਨੇ ਉਸਨੂੰ ਥਾਣੇ ਸ਼ਿਕਾਇਤ ਕਰਨ ਦਾ ਸੁਝਾਅ ਦਿੱਤਾ ਪਰ ਬੇਟੀ ਦੀ ਬਦਨਾਮੀ ਨੂੰ ਦੇਖਦੇ ਹੋਏ ਉਹ ਥਾਣੇ ਨਾ ਗਿਆ।**

## ਇਸ਼ਕ ਦੀ ਅੱਗ ਵਿਚ ਜਲਦੇ ਆਸ਼ਕ ਨੇ ਚੁੱਕਿਆ ਖਤਰਨਾਕ ਕਦਮ

ਉਤਰ ਪ੍ਰਦੇਸ਼ ਦੇ ਮਹਾਨਗਰ ਮੁਰਾਦਾਬਾਦ ਦੇ ਲਾਈਨ ਪਾਰ ਇਲਾਕੇ ਦੇ ਰਹਿਣ ਵਾਲੇ ਮਹਾਂਵੀਰ ਸਿੰਘ ਸੈਣੀ ਦੇ ਪਰਿਵਾਰ ਵਿਚ ਉਸ ਦੀ ਪਤਨੀ ਸ਼ਾਰਦਾ ਤੋਂ ਇਲਾਵਾ ਇਕ ਬੇਟਾ ਅੰਕਿਤ ਅਤੇ 3 ਬੇਟੀਆਂ ਸਨ। 2 ਬੇਟੀਆਂ ਦਾ ਵਿਆਹ ਹੋ ਚੁੱਕਾ ਸੀ। ਤੀਜੇ ਨੰਬਰ ਦੀ ਲੜਕੀ ਪੂਨਮ 9ਵੀ ਕਲਾਸ ਵਿਚ ਪੜ੍ਹ ਰਹੀ ਸੀ। ਮਹਾਵੀਰ ਰਾਜ ਮਿਸਤਰੀ ਸੀ। ਰੋਜ਼ਾਨਾ ਵਾਂਗ 10 ਦਸੰਬਰ 2016 ਨੂੰ ਵੀ ਉਹ ਆਪਣੇ ਕੰਮ ਤੇ ਚੱਲਿਆ ਗਿਆ ਸੀ। ਬੇਟਾ ਅੰਕਿਤ ਟਿਊਸ਼ਨ ਪੜ੍ਹਨ ਗਿਆ ਸੀ। ਘਰੇ ਸ਼ਾਰਦਾ ਅਤੇ ਉਸ ਦੀ ਬੇਟੀ ਪੂਨਮ ਹੀ ਸੀ। ਸਵੇਰੇ ਕਰੀਬ 10 ਵਜੇ ਜਦੋਂ ਸ਼ਾਰਦਾ ਨਹਾਉਣ ਦੇ ਲਈ ਬਾਥਰੂਮ ਵਿਚ ਗਈ ਤਾਂ ਪੂਨਮ ਘਰ ਦੇ ਕੰਮ ਨਿਪਟਾ ਰਹੀ ਸੀ। ਸ਼ਾਰਦਾ ਨੂੰ ਬਾਥਰੂਮ ਵਿਚ ਵੜੇ 5-10 ਮਿੰਟ ਹੀ ਹੋਏ ਸਨ ਕਿ ਉਸ ਨੂੰ ਚੀਖਣ ਦੀਆਂ ਆਵਾਜ਼ਾਂ ਸੁਣੀਆਂ। ਚੀਖ ਉਸਦੀ ਬੇਟੀ ਪੂਨਮ ਦੀ ਸੀ।

ਚੀਖ ਸੁਣ ਕੇ ਸ਼ਾਰਦਾ ਘਬਰਾ ਗਈ। ਉਸ ਨੇ ਬੜੀ ਫੁਰਮੀ ਨਾਲ ਕੱਪੜੇ ਪਾਏ ਅਤੇ ਬਾਥਰੂਮ ਤੋਂ ਬਾਹਰ ਨਿਕਲੀ ਤਾਂ ਦੇਖਿਆ ਪੂਨਮ ਅੱਗ ਦੀਆਂ ਲਪਟਾਂ ਨਾਲ ਘਿਰੀ ਸੀ। ਉਸ ਦੇ ਸਰੀਰ 'ਤੇ ਅੱਗ ਲੱਗੀ ਸੀ। ਸ਼ੋਰ ਮਚਾਉਂਦੇ ਉਹ ਪੂਨਮ ਦੇ ਕੱਪੜਿਆਂ ਦੀ ਅੱਗ ਬੁਝਾਉਣ ਵਿਚ ਲੱਗ ਗਈ। ਉਸ ਦੀ ਆਵਾਜ਼ ਸੁਣ ਕੇ ਪੜੌਸੀ ਵੀ ਉਥੇ ਆ ਗਏ। ਕਿਸੇ ਤਰ੍ਹਾਂ ਉਹਨਾਂ ਨੇ ਅੱਗ ਬੁਝਾਈ। ਉਦੋਂ ਤੱਕ ਪੂਨਮ ਕਾਫੀ ਝੁਲਸ ਚੁੱਕੀਸੀ ਅਤੇ ਬੇਹੋਸ਼ ਸੀ। ਕਾਹਲੀ ਕਾਹਲੀ ਵਿਚ ਲੋਕ ਉਸਨੂੰ ਹਸਪਤਾਲ ਲੈ ਗਏ। ਲੜਕੀ ਦੇ ਸਰੀਰ ਦੇ ਕੱਪੜਿਆਂ ਵਿਚ ਲੱਗੀ ਅੱਗ ਬੁਝਾਉਣ ਦੀ ਕੋਸ਼ਿਸ਼ ਵਿਚ ਸ਼ਾਰਦਾ ਦੇ ਹੱਥ ਵੀ ਝੁਲਸ ਗਏ ਸਨ।

ਹਸਪਤਾਲ ਤੋਂ ਇਸ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਕੁਝ ਹੀ ਦੇਰ ਵਿਚ ਪੁਲਿਸ ਹਸਪਤਾਲ ਆ ਗਈ। ਖਬਰ ਮਿਲਣ ਤੇ ਪੂਨਮ ਦੇ ਪਿਤਾ ਮਹਾਵੀਰ ਵੀ ਹਸਪਤਾਲ ਆ ਗਏ। ਡਾਕਟਰਾਂ ਦੇ ਇਲਾਜ ਤੋਂ ਬਾਅਦ ਪੂਨਮ ਹੋਸ਼ ਵਿਚ ਆ ਗਈ ਸੀ। ਪੂਨਮ ਦੇ ਬਿਆਨ ਲੈਣੇ ਜ਼ਰੂਰੀ ਸਨ। ਇਸ ਕਰਕੇ ਪੁਲਿਸ ਨੇ ਇਲਾਕੇ ਦੇ ਮੈਜਿਸਟ੍ਰੇਟ ਨੂੰ ਸੂਚਨਾ ਦੇ ਕੇ ਹਸਪਤਾਲ ਬੁਲਵਾ ਲਿਆ। ਪੁਲਿਸ ਅਤੇ ਮੈਜਿਸਟ੍ਰੇਟ ਦੀ ਮੌਜੂਦਗੀ ਵਿਚ ਪੂਨਮ ਨੇ ਦੱਸਿਆ ਕਿ ਸ਼ਿਵਦੱਤ ਨੇ ਉਹਨਾਂ ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾਈ ਸੀ। ਉਸ ਦੇ ਨਾਲ ਉਸ ਦੇ ਪਿਤਾ ਮਹੀਲਾਲ ਵੀ ਸਨ। ਸ਼ਿਵਦੱਤ ਪੂਨਮ ਦੇ ਘਰ ਦੇ ਕੋਲ ਚਾਮੁੰਡਾ ਵਾਲੀ ਗਲੀ ਵਿਚ ਰਹਿੰਦਾ ਸੀ। ਪਤਾ ਲੱਗਿਆ ਕਿ ਉਹ ਪੂਨਮ ਨੂੰ ਇੱਕਪਾਸੜ ਪਿਆਰ ਕਰਦਾ ਸੀ।

ਥਾਣਾਮੁਖੀ ਨੇ ਇਹ ਜਾਣਕਾਰੀ ਉਚ ਅਧਿਕਾਰੀਆਂ ਨੂੰ ਵੀ ਦੇ ਦਿੱਤੀ। ਮਾਮਲਾ ਮੁਰਾਦਾਬਾਦ ਸ਼ਹਿਰ ਦਾ ਹੀ, ਇਸ ਕਰਕੇ ਪੁਲਿਸ ਅਧਿਕਾਰੀ ਵੀ ਹਸਪਤਾਲ ਆ ਗਏ। ਪੁਲਿਸ ਅਧਿਕਾਰੀਆਂ ਨੇ ਪੂਨਮ ਦਾ ਇਲਾਜ ਕਰ ਰਹੇ ਡਾਕਟਰਾਂ ਨਾਲ ਗੱਲਬਾਤ ਕੀਤੀ।

ਉਦੋਂ ਤੱਕ ਪੂਨਮ ਦੀ ਹਾਲਤ ਸੁਧਰਨ ਦੀ ਬਜਾਏ ਵਿਗੜਨ ਲੱਗੀ। ਡਾਕਟਰਾਂ ਨੇ ਉਸਨੂੰ ਕਿਸੇ ਦੂਜੇ ਹਸਪਤਾਲ ਲਿਜਾਣ ਦੀ ਸਲਾਹ ਦਿੱਤੀ। ਪੂਨਮ ਦੇ ਘਰ ਵਾਲਿਆਂ ਨੇ ਉਸਨੂੰ ਦਿੱਲੀ ਲਿਜਾਣ ਦੇ ਲਈ ਕਿਹਾ ਤਾਂ ਜ਼ਿਲ੍ਹਾ ਹਸਪਤਾਲ ਤੋਂ ਪੂਨਮ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ।

ਮਹਾਵੀਰ ਦੀ ਤਹਿਰੀਰ ਤੇ ਪੁਲਿਸ ਨੇ ਰਿਪੋਰਟ ਦਰਜ ਕਰ ਲਈ। ਕਿਉਂਕਿ ਪੂਨਮ ਨੇ ਸ਼ਿਵਦੱਤ ਅਤੇ ਉਸ ਦੇ ਪਿਤਾ ਤੇ ਦੋਸ਼ ਲਗਾਇਆ ਸੀ, ਇਯ ਕਰਕੇ ਪੁਲਿਸ ਨੇ ਸ਼ਿਵਦੱਤ ਦੇ ਘਰ ਛਾਪਾ ਮਾਰਿਆ ਪਰ ਕੋਈ ਨਾ ਮਿਲਿਆ। ਪੁਲਿਸ ਸੰਭਾਵੀ ਥਾਵਾਂ ਤੇ ਉਸਨੂੰ ਲੱਭਣ ਲੱਗੀ ਪਰ ਦੋਵੇਂ ਪਿਓ-ਪੁੱਤ ਵਿਚੋਂ ਕੋਈ ਪੁਲਿਸ ਦੇ ਹੱਥ ਨਾ ਲੱਗਿਆ। ਉਧਰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿਚ ਭਰਤੀ ਪੂਨਮ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ ਸੀ। ਉਸ ਦੀ ਹਾਲਤ ਵਿਗੜਦੀ ਜਾ ਰਹੀ ਸੀ। ਬਰਨ ਵਿਵਾਦ ਦੇ ਡਾਕਟਰਾਂ ਦੀ ਟੀਮ ਪੂਨਮ ਨੂੰ ਬਚਾਉਣ ਵਿਚ ਲੱਗੀ ਸੀ ਪਰ ਉਹਨਾਂ ਨੂੰ ਸਫਲਤਾ ਨਹੀਂ ਮਿਲ ਸਕੀ। ਆਖਿਰ 10 ਦਸੰਬਰ ਦੀ ਰਾਤ ਨੂੰ ਹੀ ਪੂਨਮ ਨੇ ਦਮ ਤੋੜ ਦਿੱਤਾ।

ਅਗਲੇ ਦਿਨ ਜਵਾਨ ਲੜਕੀ ਦੀ ਭਿਆਨਕ ਮੌਤ ਦੀ ਖਬਰ ਜਦੋਂ ਮੁਹੱਲੇ ਵਾਲਿਆਂ ਨੂੰ ਮਿਲੀ ਤਾਂ ਪੂਰੇ ਮੁਹੱਲੇ ਵਿਚ ਜਿਵੇਂ ਮਾਤਮ ਛਾ ਗਿਆ। ਦੋਸ਼ੀ ਨੂੰ ਹਾਲੇ ਤੱਕ ਗ੍ਰਿਫਤਾਰ ਨਾ ਕੀਤੇ ਜਾਣ ਕਾਰਨ ਲੋਕਾਂ ਵਿਚ ਗੁੱਸਾ ਵਧਦਾ ਜਾ ਰਿਹਾ ਸੀ। ਕਈ ਲੋਕਾਂ ਦਾ ਗੁੱਸਾ ਭੜਕ ਨਾ ਜਾਵੇ ਇਸ ਕਰਕੇ ਪੂਰੇ ਇਲਾਕੇ ਵਿਚ ਭਾਰੀ ਗਿਣਤੀ ਵਿਚ ਪੁਲਿਸ ਤਾਇਨਾਤ ਕਰ ਦਿੱਤੀ।

ਐਤਵਾਰ ਹੋਣ ਦੇ ਕਰਨ ਪੂਨਮ ਦੀ ਲਾਸ਼ ਦਾ ਪੋਸਟ ਮਾਰਟਮ ਅਗਲੇ ਦਿਨ ਹੋਇਆ। ਦੁਪਹਿਰ ਬਾਅਦ ਉਸਦੀ ਲਾਸ਼ ਦਿੱਲੀ ਤੋਂ ਮੁਰਾਦਾਬਾਦ ਲਿਆਂਦੀ ਗਈ। ਪੁਲਿਸ ਮੁਹੱਲੇ ਦੇ ਮੋਹਤਬਰ ਲੋਕਾਂ ਨਾਲ ਗੱਲ ਕਰਕੇ ਮਾਹੌਲ ਨੂੰ ਸ਼ਾਂਤ ਬਣਾ ਕੇ ਰੱਖ ਰਹੀ ਸੀ। ਅੰਤਿਮ ਸਸਕਾਰ ਦੇ ਵਕਤ ਵੀ ਭਾਰੀ ਗਿਣਤੀ ਵਿਚ ਪੁਲਿਸ ਸੀ।

ਉਧਰ ਪੁਲਿਸ ਦੀਆਂ ਕਈ ਟੀਮਾਂ ਦੋਸ਼ੀਆਂ ਨੂੰ ਪਕੜਨ ਵਿਚ ਲੱਗੀਆਂ ਸਨ। ਜਾਂਚ ਟੀਮਾਂ ਤੇ ਐਸ.ਐਸ.ਪੀ. ਦਾ ਭਾਰੀ ਦਬਾਅ ਸੀ। ਆਖਿਰ ਪੁਲਿਸ ਦੀ ਮਿਹਨਤ ਰੰਗ ਲਿਆਈ ਅਤੇ 12 ਦਸੰਬਰ ਨੂੰ ਪੁਲਿਸ ਨੇ ਸ਼ਿਵਦੱਤ ਨੂੰ ਗ੍ਰਿਫਤਾਰ ਕਰ ਲਿਆ। ਉਸਦੇ ਗ੍ਰਿਫਤਾਰ ਹੋਣ ਤੋਂ ਬਾਅਦ ਲੋਕਾਂ ਦਾ ਗੁੱਸਾ ਸ਼ਾਂਤ ਹੋਇਆ।

ਥਾਣੇ ਲਿਆ ਕੇ ਪੁਲਿਸ ਨੇ ਦੋਸ਼ੀ ਤੋਂ ਪੁੱਛਿਆ ਤਾਂ ਉਹ ਪੁਲਿਸ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਉਸ ਦਾ ਝੂਠ ਜ਼ਿਆਦਾ ਦੇਰ ਤੱਕ ਨਾ ਚੱਲਿਆ। ਉਸ ਨੇ ਪੂਨਮ ਨੂੰ ਸਾੜਨ ਦਾ ਅਪਰਾਧ ਸਵੀਕਾਰ ਕਰਕੇ ਉਸ ਦੀ ਹੱਤਿਆ ਦੀ ਜੋ ਕਹਾਣੀ ਦੱਸੀ, ਉਹ ਇਸ ਪ੍ਰਕਾਰ ਸੀ- ਜ਼ਿਲ੍ਹਾ ਮੁਰਾਦਾਬਾਦ ਦੇ ਲਾਈਨ ਪਾਰ ਇਲਾਕੇ ਵਿਚ ਮੰਡੀ ਕਮੇਟੀ ਗੇਟ ਦੇ ਸਾਹਮਣੇ ਦੀ ਬਸਤੀ ਵਿਚ ਰਹਿਣ ਵਾਲਾ ਮਹਾਵੀਰ ਸਿੰਘ ਆਪਣੇ ਰਾਜਗਿਰੀ ਦੇ ਕੰਮ ਨਾਲ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਸੀ। ਇਸੇ ਦੀ ਕਮਾਈ ਤੋਂ ਉਹ 2 ਬੇਟੀਆਂ ਦਾ ਵਿਆਹ ਕਰ ਚੁੱਕਾ ਸੀ। ਪੂਨਮ 9ਵੀਂ ਦੀ ਪੜ੍ਹਾਈ ਦੇ ਨਾਲ ਔਰਤਾਂ ਦੇ ਕੱਪੜੇ ਸਿਉਂਦੀ ਸੀ। ਘਰ ਦੇ ਕੋਲ ਹੀ ਉਸ ਨੇ ਬੂਟੀਕ ਵੀ ਖੋਲ੍ਹ ਰੱਖਿਆ ਸੀ। ਉਸ ਦੇ ਘਰ ਦੇ ਕੋਲਹੀ ਮਹੀਲਾਲ ਦਾ ਮਕਾਨ ਸੀ। ਮਹੀਲਾਲ ਦਾ ਲੜਕਾ ਸ਼ਿਵਦੱਤ ਬਦਮਾਸ਼ ਪ੍ਰਵਿਰਤੀ ਦਾ ਸੀ। ਉਸ ਦੀ ਦੋਸਤੀ ਮੰਡੀ ਕਮੇਟੀ ਦੇ ਕੋਲ ਸਥਿਤ ਬਿਜਲੀ ਘਰ ਵਿਚ ਤਾਇਨਾਤ ਕਰਮਚਾਰੀਆਂ ਨਾ ਸੀ। ਉਹਨਾਂ ਦੇ ਕਾਰਨ ਹੀ ਉਸਨੂੰ ਟ੍ਰਾਂਸਫਾਰਮਰ ਰੱਖਣ ਦੇ ਲਈ ਬਜਾਏ ਜਾਣ ਵਾਲੇ ਚਬੂਤਰਿਆਂ ਦਾ ਠੇਕਾ ਮਿਲ ਜਾਂਦਾ ਸੀ।

ਕਿਉਂਕਿ ਸ਼ਿਵਦੱਤ ਦਾ ਪੜੌਸੀ ਮਹਾਵੀਰ ਰਾਜ ਮਿਸਤਰੀ ਸੀ, ਇਸ ਕਰਕੇ ਉਸੇ ਦੁਆਰਾ ਉਹ ਚਬੂਤਰੇ ਬਣਵਾ ਦਿੰਦਾ ਸੀ। ਇਸ ਤੋਂ ਕੁਝ ਪੈਸੇ ਸ਼ਿਵਦੱਤ ਨੂੰ ਬਚ ਜਾਂਦੇ ਸਨ। ਕੰਮ ਦੇ ਕਾਰਨ ਸ਼ਿਵਦੱਤ ਦਾ ਮਹਾਵੀਰ ਦੇ ਘਰ ਆਉਣਾ-ਜਾਣਾ ਆਰੰਭ ਹੋ ਗਿਆ ਸੀ। ਮਹਾਵੀਰ ਦੀ ਛੋਟੀ ਬੇਟੀ ਪੂਨਮ ਤੇ ਸ਼ਿਵਦੱਤ ਦੀ ਨਜ਼ਰ ਪਹਿਲਾਂ ਤੋਂ ਹੀ ਸੀ। ਜਦੋਂ ਵੀ ਉਹ ਘਰ ਤੋਂ ਨਿਕਲਦੀ ਤਾਂ ਉਹ ਉਸਨੂੰ ਤਾੜਦਾ ਰਹਿੰਦਾ ਸੀ। ਪਰ ਪੂਨਮ ਨੇ ਉਸਨੂੰ ਲਿਫਟ ਨਾ ਦਿੱਤੀ। ਜਦੋਂ ਸ਼ਿਓਦੱਤ ਦਾ ਪੂਨਮ ਦੇ ਘਰ ਆਉਣਾ-ਜਾਣਾ ਆਰੰਭ ਹੋ ਗਿਆ। ਤਾਂ ਉਸ ਨੇ ਪੂਨਮ ਦੇ ਨਜ਼ਦੀਕ ਪਹੁੰਚਣ ਦੀ ਕੋਸ਼ਿਸ਼ ਕੀਤੀ।

ਜਦੋਂ ਉਹ ਪੂਨਮ ਨੂੰ ਜ਼ਿਆਦਾ ਹੀ ਪ੍ਰੇਸ਼ਾਨ ਕਰਨ ਲੱਗਿਆ ਤਾਂ ਇਕ ਦਿਨ ਪੂਨਮ ਨੇ ਇਯ ਦੀ ਸ਼ਿਕਾਇਤ ਆਪਣੀ ਮਾਂ ਨੂੰ ਕਰ ਦਿੱਤੀ। ਇਸ ਤੋਂ ਬਾਅਦ ਸ਼ਾਰਦਾ ਨੇ ਗੱਲ ਪਤੀ ਨੂੰ ਦੱਸੀ ਤਾਂ ਮਹਾਵੀਰਨੇ ਸ਼ਿਵਦੱਤ ਦੇ ਪਿਤਾ ਮਹੀਲਾਲ ਨੂੰਸ਼ਿਕਾਇਤ ਕਰਨ ਦੇ ਨਾਲ ਸ਼ਿਵਦੱਤ ਨਾਲ ਗੱਲਬਾਤ ਵੀ ਬੰਦ ਕਰ ਦਿੱਤੀ। ਇਸ ਤੋਂ ਇਲਾਵਾ ਉਸ ਨੇਆਪਣੇ ਘਰ ਆਉਣ ਲਈ ਵੀ ਸਾਫ ਇਨਕਾਰ ਕਰ ਦਿੱਤਾ ਸੀ।

ਸ਼ਿਵਦੱਤ ਦਬੰਗ ਸੀ, ਮਹਾਵੀਰ ਦੁਆਰਾ ਉਸ ਦੇ ਪਿਤਾ ਨੂੰ ਸ਼ਿਕਾਇਤ ਕਰਨ ਦੀ ਗੱਲ ਉਸਨੂੰ ਬਹੁਤ ਬੁਰੀ ਲੱਗੀ। ਉਹ ਪੂਰੀ ਤਰ੍ਹਾਂ ਨਾਲ ਦਾਦਾਗਿਰੀ ਤੇ ਉਤਰ ਆਇਆ ਅਤੇ ਹੁਣ ਪੂਨਮ ਨੂੰ ਖੁੱਲ੍ਹੇ ਤੌਰ ਤੇ ਧਮਕੀ ਦੇਣ ਲੱਗਿਆ ਕਿ ਉਹ ਉਸ ਨਾਲ ਵਿਆਹ ਲਈ ਇਨਕਾਰ ਕਰੇਗੀ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ। ਮਹਾਵੀਰ ਨੇ ਫਿਰ ਤੋਂ ਮਹੀਲਾਲ ਨੂੰ ਸ਼ਿਕਾਇਤ ਕੀਤੀ। ਇਸ ਵਾਰ ਮਹੀਲਾਲ ਨੇ ਆਪਣੇ ਬੇਟੇ ਸ਼ਿਵਦੱਤ ਦਾ ਹੀ ਪੱਖ ਲਿਆ। ਮਹਾਵੀਰ ਕੋਈ ਲੜਾਈ-ਝਗੜਾ ਨਹੀਂ ਕਰਨਾ ਚਾਹੁੰਦਾ ਸੀ। ਗੱਲ ਵਧਾਉਣ ਦੀ ਬਜਾਏ ਉਹ ਚੁੱਪ ਹੋ ਕੇ ਬੈਠ ਗਿਆ। ਮਹਾਵੀਰ ਦੇ ਰਿਸ਼ਤੇਦਾਰਾਂ ਅਤੇ ਮੁਹੱਲੇ ਦੇ ਕੁਝ ਲੋਕਾਂ ਨੇ ਉਸਨੂੰ ਥਾਣੇ ਸ਼ਿਕਾਇਤ ਕਰਨ ਦਾ ਸੁਝਾਅ ਦਿੱਤਾ ਪਰ ਬੇਟੀ ਦੀ ਬਦਨਾਮੀ ਨੂੰ ਦੇਖਦੇ ਹੋਏ ਉਹ ਥਾਣੇ ਨਾ ਗਿਆ। ਮਹਾਵੀਰ ਦੇ ਚੁੱਪ ਹੋਣ ਤੋਂ ਬਾਅਦ ਸ਼ਿਵਦੱਤ ਦਾ ਹੌਂਸਲਾ ਹੋਰ ਵੱਧ ਗਿਆ। ਉਹ ਪੂਨਮ ਨੂੰ ਹੋਰ ਜ਼ਿਆਦਾ ਤੰਗ ਕਰਨ ਲੱਗਿਆ। ਇੰਨਾ ਹੀ ਨਹੀਂ, ਉਹ ਕਈ ਵਾਰ ਪੂਨਮ ਦੇ ਘਰ ਦੇਸੀ ਪਿਸਤੌਲ ਲੈ ਕੇ ਵੀ ਪਹੁੰਚਿਆ। ਹਰ ਵਾਰ ਉਹ ਉਸ ਨਾਲ ਵਿਆਹ ਕਰਨ ਦੀ ਧਮਕੀ ਦਿੰਦਾ। ਘਟਨਾ ਤੋਂ ਇਕ ਦਿਨ ਪਹਿਲਾਂ ਵੀ ਉਹ ਪੂਨਮ ਦੇ ਘਰ ਗਿਆ। ਪਿਸਤੌਲ ਕੱਢ ਕੇ ਉਸ ਨੇ ਧਮਕੀ ਦਿੱਤੀ ਕਿ ਉਹ ਵਿਆਹ ਦੇ ਲਈ ਹੁਣ ਵੀ ਮੰਨ ਜਾਵੇ ਵਰਨਾ ਅੰਜਾਮ ਭੁਗਤਣ ਲਈ ਤਿਆਰ ਰਹਿਣ। 10 ਦਸੰਬਰ ਨੂੰ ਸ਼ਿਵਦੱਤ ਫਿਰ ਤੋਂ ਪੂਨਮ ਦੇ ਘਰ ਜਾ ਧਮਕਿਆ। ਉਸ ਦਿਨ ਉਹ ਆਪਣੇ ਨਾਲ ਇਕ ਕੇਨ ਵਿਚ ਕੈਰੋਸਿਨ ਵੀ ਲੈ ਗਿਆਸੀ। ਪੂਨਮ ਉਸ ਵਕਤ ਝਾੜੂ ਲਗਾ ਰਹੀ ਸੀ, ਉਦੋਂ ਹੀ ਉਸ ਨੇ ਉਸ ਤੇ ਕੈਰੋਸਿਨਪਾ ਕੇ ਅੱਗ ਲਗਾ ਦਿੱਤੀ ਅਤੇ ਉਥੋਂ ਭੱਜ ਗਿਆ। ਸ਼ਿਵ ਦੱਤ ਤੋਂ ਪੁੱਛਗਿੱਛ ਦੇ ਬਾਅਦ ਪੁਲਿਸ ਨੇ ਉਸਨੂੰ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਉਸਨੂੰ ਜੇਲ੍ਹ ਭੇਜ ਦਿੱਤਾ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਤਤਕਾਲੀ ਐਸ. ਐਸ. ਪੀ. ਦਿਨੇਸ਼ ਚੰਦਰ ਦੂਬੇ ਦਾ ਕਹਿਣਾ ਸੀ ਕਿ ਇਸ ਮਾਮਲੇ ਵਿਚ ਸ਼ਿਵਦੱਤ ਤੋਂ ਇਲਾਵਾ ਹੋਰ ਕੋਈ ਦੋਸ਼ੀ ਪਾਇਆ ਗਿਆ ਤਾਂ ਉਸਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਜੇਕਰ ਅੱਖਾਂ ਵਿਚ ਦਿੱਸਣ ਇਹ ਤਬਦੀਲੀਆਂ ਤਾਂ ਹੋ ਜਾਓ ਸਾਵਧਾਨ

ਅੱਖਾਂ ਦੀ ਠੀਕ ਤਰੀਕੇ ਨਾਲ ਸੰਭਾਲ ਨਾ ਕਰਨ ਕਰਕੇ ਕਈ ਕਿਸਮ ਦੀਆਂ ਸਿਹਤ ਸਮੱਸਿਆਵਾਂ ਹੋਣ ਲੱਗਦੀਆਂ ਹਨ। ਕੁਝ ਸਮੱਸਿਆਵਾਂ ਅਜਿਹੀਆਂ ਹਨ ਜੋ ਕਿਸੇ ਸਿਹਤ ਕੰਡੀਸ਼ਨ ਜਾਂ ਬਿਮਾਰੀ ਦੇ ਕਾਰਨ ਹੁੰਦੀ ਹੈ। ਜੇਕਰ ਇਹਨਾਂ ਦੇ ਸੰਕੇਤਾਂ ਨੂੰ ਅਸੀਂ ਪਛਾਣ ਲਈਏ ਤਾਂ ਅੱਖਾਂ ਨਾਲ ਸਬੰਧਤ ਗੰਭੀਰ ਬਿਮਾਰੀਆਂ ਤੋਂ ਬਚ ਸਕਦੇ ਹੋ।



**ਸਹੀ ਸਮੇਂ ਤੇ ਇਲਾਜ ਜ਼ਰੂਰੀ**

ਕਈ ਲੋਕ ਅੱਖਾਂ ਦੀ ਸਮੱਸਿਆ ਨੂੰ ਇਗਨੋਰ ਕਰ ਦਿੰਦੇ ਹਨ ਪਰ ਇਹ ਸਮੱਸਿਆ ਅੱਗੇ ਜਾ ਕੇ ਕਿਸੇ ਵੱਡੀ ਬਿਮਾਰੀ ਦਾ ਰੂਪ ਲੈ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅੱਖਾਂ ਸਾਡੇ ਸਰੀਰ ਦਾ ਸਭ ਤੋਂ ਸੈਂਸਟਿਵ ਏਰੀਆ ਹੁੰਦੀਆਂ ਹਨ। ਜੇਕਰ ਅੱਖਾਂ ਵਿਚ ਥੋੜ੍ਹਾ ਵੀ ਬਦਲਾਅ ਨਜ਼ਰ ਆਵੇ ਤਾਂ ਇਸਦਾ ਸਹੀ ਸਮੇਂ ਤੇ ਇਲਾਜ ਜ਼ਰੂਰ ਕਰਵਾਉਣਾ ਚਾਹੀਦਾ ਹੈ।

**ਧੁੰਦਲਾ ਦਿਖਾਈ ਦੇਣਾ**

ਅੱਖਾਂ ਤੋਂ ਧੁੰਦਲਾ ਦਿਖਾਈ ਦੇਣਾ, ਅੱਖਾਂ ਦਾ ਰੰਗ ਬਦਲ ਜਾਣਾ, ਨਾਲ ਹੀ ਸਿਰ ਦਰਦ, ਥਕਾਵਟ, ਵੀਕਨੈਸ ਰਹਿਣਾ ਬ੍ਰੇਨ ਟਿਊਮਰ ਦੇ ਸੰਕੇਤ ਹੋ ਸਕਦੇ ਹਨ।

**ਪੁਤਲੀ ਦਾ ਰੰਗ ਸਫੇਦ ਹੋਣਾ**

ਪੁਤਲੀ ਦਾ ਰੰਗ ਸਫੈਦ ਹੋਣਾ ਮੋਤੀਆਬਿੰਦ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਅੱਖਾਂ ਦਾ ਲੈਨਜ਼ ਖਰਾਬ ਹੋਣ ਦਾ ਖਤਰਾ ਵੱਧ ਜਾਂਦਾ ਹੈ।

**ਅੱਖਾਂ ਵਿਚ ਪੀਲਾਪਣ ਆਉਣਾ**

ਅੱਖਾਂ ਦਾ ਪੀਲਾਪਣ ਵੱਧ ਜਾਣਾ ਜਾਂਡਿਸ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਲੀਵਰ ਖਰਾਬ ਹੋਣਾ, ਕਮਜ਼ੋਰੀ ਅਤੇ ਇਨਡਾਈਜੇਸ਼ਨ ਵਰਗੀ ਸਮੱਸਿਆ ਵੀ ਹੋਣ ਲੱਗਦੀ ਹੈ।

**ਪਲਕਾਂ ਤੇ ਧੱਬੇ**

ਬਾਡੀ ਵਿਚ ਕੋਲੈਸਟ੍ਰਾਲ ਲੈਵਲ ਵਧਣ ਦੇ ਕਾਰਨ ਅੱਖਾਂ ਦੀਆਂ ਪਲਕਾਂ 'ਤੇ ਧੱਬੇ ਪੈਣ ਲੱਗਦੇ ਹਨ। ਇਹ ਹਾਰਟ ਡਿਜੀਜ਼ ਦਾ ਸੰਕੇਤ ਹੋ ਸਕਦਾ ਹੈ।

**ਪੂਰੀ ਅੱਖ ਸਫੇਦ ਹੋਣਾ**

ਪੂਰੀ ਅੱਖ ਸਫੈਦ ਹੋਣਾ ਅਨੀਮੀਆ ਜਾਂ ਖੂਨ ਦੀ ਕਮੀ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਥਕਾਵਟ, ਕਮਜ਼ੋਰੀ, ਸਾਹ ਲੈਣ ਵਿਚ ਤਕਲੀਫ ਅਤੇ ਸੀਨੇ ਵਿਚ ਦਰਦ ਹੋਣ ਵਰਗੀ ਸਮੱਸਿਆ ਵੀ ਹੋਣ ਲੱਗਦੀ ਹੈ।

**ਅੱਖਾਂ ਦਾ ਲਾਲ ਹੋਣਾ**

ਅੱਖਾਂ ਦਾ ਲਾਲ ਹੋਣਾ ਕੰਜਕਟੀਵਾਈਟਿਸ ਨਾਮੀ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ। ਇਸ ਵਿਚ ਅੱਖਾਂ ਆਉਣਾ, ਇਨਫੈਕਸ਼ਨ ਅਤੇ ਐਲਰਜੀ ਵਰਗੀ ਸਮੱਸਿਆ ਹੋਣ ਲੱਗਦੀ ਹੈ।

**ਅੱਖਾਂ ਵਿਚ ਸੋਜਿਸ਼**

ਅੱਖਾਂ ਸੁੱਜਣਾ ਜਾਂ ਉਹਨਾਂ ਵਿਚ ਉਭਰਾਪਣ ਮਹਿਸੂਸ ਹੋਣਾ ਥਾਈਰਾਈਡ ਦਾ ਸੰਕੇਤ ਹੋ ਸਕਦਾ ਹੈ। ਇਸ ਨਾਲ ਅੱਖਾਂ ਵਿਚ ਇਰੀਟੇਸ਼ਨ ਵੀ ਹੋਣ ਲੱਗਦੀ ਹੈ।

# ਭੁੱਖਮਰੀ ਨਾਲ ਨਿਪਟਣ ਦੀ ਸਰਕਾਰੀ ਯੋਜਨਾ ਕਾਰਨ ਆਫਤ ਵਿਚ ਖਰਗੋਸ਼

ਜੀ ਹਾਂ ਦੁਨੀਆਂ ਵਿਚ ਅੱਜ ਕਈ ਅਜਿਹੇ ਮੁਲਕ ਹਨ, ਜਿੱਥੇ ਵੱਡੇ ਪੱਧਰ ਤੇ ਭੁੱਖਮਰੀ ਫੈਲੀ ਹੈ। ਉਥੋਂ ਦੀਆਂ ਸਰਕਾਰਾਂ ਜਨਤਾ ਦੀ ਭੁੱਖ ਮਿਟਾਉਣ ਦੇ ਲਈ ਕਈ ਕਿਸਮ ਦੇ ਯਤਨ ਅਤੇ ਯੋਜਨਾਵਾਂ ਤਿਆਰ ਕਰਦੀਆਂ ਹਨ, ਜਿਸ ਨਾਲ ਕਿ ਭੁੱਖਮਰੀ ਤੋਂ ਬਚਾਅ ਹੋ ਸਕ। ਇ.ਸੇ ਤਰ੍ਹਾਂ ਇਹਨਾਂ ਭੁੱਖਮਰੀ ਤੋਂ ਪ੍ਰੇਸ਼ਾਨ ਦੇਸ਼ਾਂ ਵਿਚ ਇਕ ਦੇਸ਼ ਵੈਨਜੁਏਲਾ ਵੀ ਹੈ। ਇੱਥੇ ਹਾਲ ਹੀ ਵਿਚ ਸਰਕਾਰ ਨੇ ਇਕ ਖਾਸ ਸਰਕਾਰੀ ਯੋਜਨਾ ਤਿਆਰ ਕੀਤੀ ਹੈ। ਜਿਸ ਵਿਚ ਲੋਕਾਂ ਨੂੰ ਖਰਗੋਸ਼ ਖਾਣ ਦੀ ਸਲਾਹ ਦਿੱਤੀ ਹੈ। ਇਸ ਨਾਲ ਭੋਜਨ ਦੀ ਕਮੀ ਨਹੀਂ ਮਹਿਸੂਸ ਹੋਵੇਗੀ।



ਇਹ ਉਹੀ ਖਰਗੋਸ਼ ਹਨ, ਜਿਹਨਾਂ ਨੂੰ ਲੋਕ ਆਪਣੇ ਘਰਾਂ ਵਿਚ ਪਾਲਤੂ ਰੱਖਦੇ ਹਨ ਅਤੇ ਇਹਨਾਂ ਨੂੰ ਸਭ ਤੋਂ ਜ਼ਿਆਦਾ ਪਿਆਰ ਕਰਦੇ ਹਨ। ਜਿਸ ਨਾਲ ਹੁਣ ਇੱਥੇ ਖਰਗੋਸ਼ ਕਾਫੀ ਆਫਤ ਵਿਚ ਹਨ ਕਿਉਂਕਿ ਪਤਾ ਨਹੀਂ ਉਹਨਾਂ ਨੂੰ ਕਦੋਂ ਖਾ ਲਿਆ ਜਾਵੇ। ਖਰਗੋਸ਼ ਕਾਫੀ ਸਹਿਮੇ ਹੋਏ ਹਨ। ਇਸ ਤੋਂ ਇਲਾਵਾ ਇੱਥੋਂ ਦੇ ਰਾਸ਼ਟਰਪਤੀ ਲਿਕੋਲਸ ਮਦੂਰੋ ਦੀ ਸਰਕਾਰ ਨੇ ਇਕ ਹੋਰ ਖਾਸ ਪਲਾਨ ਤਿਆਰ ਕੀਤਾ ਹੈ। ਜਿਸ ਵਿਚ ਲੋਕਾਂ ਨੂੰ ਆਪਣੇ ਘਰਾਂ ਦੀਆਂ ਛੱਤਾਂ ਅਤੇ ਬਾਲਕੋਨੀ ਵਿਚ ਵੀ ਭੋਜਨ ਉਗਾਉਣ ਦੀ ਸਲਾਹ ਦਿੱਤੀ ਹੈ, ਤਾਂ ਜੋ ਲੋਕਾਂ ਨੂੰ ਪੇਟ ਭਰ ਕੇ ਭੋਜਨ ਮਿਲ ਸਕੇ।

# ਧਰਤੀ 'ਤੇ ਅਜੀਬੋ-ਗਰੀਬ ਇਲਾਕੇ

**ਧਰਤੀ ਤੇ ਇਕ ਸਮੇਂ ਕਈ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ, ਜਿਹਨਾਂ ਨੂੰ ਸਮਝਣਾ ਅਸੰਭਵ ਹੈ। ਕਿਤੇ ਪੱਧਰ ਆਪਣੇ ਆਪ ਚਲਦਾ ਹੈ ਅਤੇ ਕਿਤੇ ਖੁਦ ਹੀ ਝੀਲ ਬਣ ਜਾਂਦੀ ਹੈ। ਕਿਤੇ ਸ਼ਹਿਰ ਵਿਚਕਾਰ ਵੱਡਾ ਸਾਰਾ ਖੱਡਾ ਹੋ ਜਾਂਦਾ ਹੈ।**



ਸਹਾਰਾ ਰੇਗਿਸਤਾਨ ਦੀ ਅੱਖ

ਸਹਾਰਾ ਰੇਗਿਸਤਾਨ ਦੀ ਅੱਖ ਨੂੰ ਸਿਰਫ ਐਸਟ੍ਰੋਨਾਟ ਹੀ ਦੇਖ ਸਕਦੇ ਹਨ। ਵਿਗਿਆਨੀ ਅੱਜ ਵੀ ਇਯ ਸੱਚ ਦੀ ਭਾਲ ਵਿਚ ਜੁਟੇ ਹਨ ਕਿ ਸਹਾਰਾ ਦੀ ਅੱਖ ਦਾ ਨਿਰਮਾਣ ਕਿਵੇਂ ਹੋਇਆ ਹੈ। ਇੱਥੇ 40 ਕਿਲੋਮੀਟਰ ਵਿਚ ਤਿੰਨ ਛੱਲੇ ਬਣੇ ਹੋਏ ਹਨ। ਇਸਨੂੰ ਸਿਰਫ ਸਪੇਸ ਤੋਂ ਹੀ ਦੇਖਿਆ ਜਾ ਸਕਦਾ ਹੈ।



ਨਰਕ ਦਾ ਰਸਤਾ

ਵਿਗਿਆਨੀਆਂ ਨੇ ਤੁਰਕਮੇਨਿਸਤਾਨ ਵਿਚ ਨਰਕ ਦਾ ਦਰਵਾਜ਼ਾ ਲੱਭ ਲਿਆ ਹੈ। ਇਹ ਕ੍ਰੇਟਰ 1971 ਵਿਚ ਬਣਿਆ ਸੀ। ਪਿਛਲੇ 40 ਸਾਲਾਂ ਤੋਂ ਕਾਰਾਕੁਮ ਰੇਗਿਸਤਾਨ ਵਿਚ ਇਹ ਗੈਸ ਦਾ ਗੋਲਾ ਮਿੱਟੀ ਦੇ ਨਾਲ ਜਲ ਰਿਹਾ ਹੈ। ਇਹ ਕਿਵੇਂ ਅਤੇ ਕਿਉਂ ਹੋਇਆ ਵਿਗਿਆਨੀ ਇਸਦਾ ਸੱਚ ਪਤਾ ਨਹੀਂ ਕਰ ਪਾ ਰਹੇ ਹਨ।



ਗੁਆਟੇਮਾਲਾ ਦਾ ਖੱਡਾ

ਗੁਆਟੇਮਾਲਾ ਸ਼ਹਿਰ ਵਿਚਕਾਰ ਬਣਿਆ ਇਹ ਖੱਡਾ ਤੁਹਾਨੂੰ ਹੈਰਾਨੀ ਵਿਚ ਪਾ ਸਕਦਾ ਹੈ। ਇਸ ਵੱਡੇ ਸਾਰੇ ਖੱਡੇ ਦਾ ਨਿਰਮਾਣ ਜੂਨ 2010 ਵਿਚ ਹੋਇਆ ਸੀ। ਇਸ ਖੱਡੇ ਦਾ ਨਿਰਮਾਣ ਅਗਾਥਾ ਨਾਂ ਦੇ ਤੂਫਾਨ ਦੇ ਆਉਣ ਤੋਂ ਬਾਅਦ ਹੋਇਆ ਸੀ। 20 ਮੀਟਰ ਵਿਆਸ ਦਾ ਇਹ ਖੱਡਾ 30 ਮੀਟਰ ਡੂੰਘਾ ਹੈ।



ਵੱਡਾ ਹੁੰਦਾ ਆਈਲੈਂਡ

ਟੋਕੀਓ ਤੋਂ 1000 ਕਿਲੋਮੀਟਰ ਦੀ ਦੂਰੀ ਤੇ ਇਕ ਵਾਲਕੈਨੋ ਆਈਲੈਂਡ ਹੈ। ਇਸ ਵਾਲਕੈਨੋ ਆਈਲੈਂਡ ਦਾ ਨਿਰਮਾਣ ਨਵੰਬਰ 2013 ਵਿਚ ਹੋਂਦ ਵਿਚ ਆਇਆ ਸੀ। ਇਹ ਆਈਸਲੈਂਡ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਆਈਸਲੈਂਡ ਜਿਵੇਂ ਅਚਾਨਕ ਹੀ ਬਣਦੇ ਹਨ, ਵੈਸੇ ਹੀ ਅਚਾਨਕ ਖਤਮ ਹੋ ਜਾਂਦੇ ਹਨ।



ਸਾਈਬੇਰੀਅਨ ਖੱਡਾ

ਸਾਈਬੇਰੀਆ ਵਿਚ ਬਣਿਆ ਖੱਡਾ ਵੀ ਵਿਗਿਆਨੀਆਂ ਦੇ ਗਲੇ ਨਹੀਂ ਉਤਰ ਰਿਹਾ ਹੈ। ਵਿਗਿਆਨੀ ਅੱਜ ਤੱਕ ਇਸ ਖੱਡੇ ਦੇ ਬਣਨ ਦੇ ਭੇਦ ਨਹੀਂ ਜਾਣ ਪਾਏ ਹਨ। 80 ਮੀਟਰ ਦੇ ਵਿਆਜ ਦਾ ਇਹ ਖੱਡਾ ਗਲੋਬਲ ਵਾਰਮਿੰਗ ਦਾ ਨਤੀਜਾ ਹੈ। ਵਿਗਿਆਨੀ ਅੰਦਾਜ਼ਾ ਲਗਾ ਰਹੇ ਹਨ ਕਿ ਇਸਦਾ ਨਿਰਮਾਣ ਗੈਸ ਦੇ ਵਿਸਫੋਟ ਨਾਲ ਹੋਇਆ ਹੈ।



ਟਿਊਨੇਸ਼ੀਆ ਲੇਕ

ਟਿਊਨੇਸ਼ੀਆ ਰੇਗਿਸਤਾਨ ਵਿਚਕਾਰ ਗਫਸਾ ਕਸਬੇ ਦੇ ਕੋਲ 2003 ਵਿਚ ਇਕ ਹੈਕਟੇਅਰ ਇਲਾਕੇ ਵਿਚ ਅਚਾਨਕ ਝੀਲ ਦਾ ਨਿਰਮਾਣ ਹੋ ਗਿਆ। ਇਹ ਝੀਲ 20 ਮੀਟਰ ਡੂੰਘੀ ਹੈ। ਇਲਾਕਾਈ ਲੋਕਾਂ ਨੇ ਇਸਨੂੰ ਗਫਸਾ ਬੀਚ ਨਾਂ ਦਿੱਤਾ ਹੈ। ਵਿਗਿਆਨੀ ਇਸ ਝੀਲ ਦਾ ਨਿਰਮਾਣ ਹੋਣ ਦੀ ਵਜ੍ਹਾ ਹੁਣ ਤੱਕ ਨਹੀਂ ਲੱਭ ਸਕੇ ਹਨ।

## ਸੰਪਾਦਕੀ

### ਕਾਂਗਰਸੀ ਲੀਡਰ ਜਗਦੀਸ਼ ਟਾਈਟਲਰ ਕਟਹਿਰੇ ਵਿੱਚ

ਅਦਾਲਤਾਂ ਵਿੱਚ ਕੇਸ ਕਈ ਕਈ ਸਾਲ ਲਮਕਦੇ ਰਹਿੰਦੇ ਹਨ ਅਤੇ ਪਿਛਲੇ ਲੰਮੇ ਅਰਸੇ ਤੋਂ ਇਹ ਦੇਸ਼ ਦੇ ਨਿਆਂਤੰਤਰ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਹੁਣ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਇਸ ਮੁਤੱਲਕ ਵਾਰ ਵਾਰ ਕੇਸ ਮੁਲਤਵੀ ਕਰਨ ਦੇ ਸੱਭਿਆਚਾਰ ਨੂੰ ਤਬਦੀਲ ਕਰਨ ਦਾ ਸੱਦਾ ਦਿੱਤਾ ਹੈ ਅਤੇ ਨਾਲ ਹੀ ਇਹ ਵੀ ਕਿਹਾ ਕਿ ਰਸੂਖ਼ਦਾਰ ਲੋਕ ਅਪਰਾਧ ਕਰਨ ਤੋਂ ਬਾਅਦ ਵੀ ਦਨਦਨਾਉਂਦੇ ਫਿਰਦੇ ਹਨ। ਨਿਆਂ ਦੇਣ ਵਾਲੀ ਪ੍ਰਣਾਲੀ ਦੇ ਇਹ ਨੁਕਸ 1984 ਦੇ ਸਿੱਖ ਕਤਲੇਆਮ ਦੇ ਬਹੁਤ ਸਾਰੇ ਕੇਸਾਂ ’ਚੋਂ ਸਾਫ਼ ਦੇਖੇ ਜਾ ਸਕਦੇ ਹਨ। ਇਸ ਕਤਲੇਆਮ ਨੂੰ 40 ਸਾਲ ਹੋਣ ਜਾ ਰਹੇ ਹਨ ਪਰ ਹਾਲੇ ਵੀ ਬਹੁਤ ਸਾਰੇ ਪੀੜਤ ਪਰਿਵਾਰਾਂ ਨੂੰ ਨਿਆਂ ਮਿਲਣ ਦੀ ਆਸ ਨਹੀਂ ਬੱਝੀ। ਕਈ ਲੋਕ ਤਾਂ ਕਤਲੇਆਮ ਦੇ ਗੁਨਾਹਗਾਰਾਂ ਨੂੰ ਸਜ਼ਾ ਮਿਲਣ ਦੀ ਆਸ ਵਿਚ ਹੀ ਫ਼ੌਤ ਹੋ ਚੁੱਕੇ ਹਨ।

ਹੁਣ ਦਿੱਲੀ ਦੀ ਇੱਕ ਅਦਾਲਤ ਨੇ ਗੁਰਦੁਆਰਾ ਪੁਲ ਬੰਗਸ਼ ਵਿਚ ਹੋਈਆਂ ਹੱਤਿਆਵਾਂ ਨਾਲ ਜੁੜੇ ਕੇਸਾਂ ਸਬੰਧੀ ਜਗਦੀਸ਼ ਟਾਈਟਲਰ ਦੇ ਖਿਲਾਫ਼ ਦੋਸ਼ ਆਇਦ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਕਿਹਾ ਹੈ ਕਿ ਇਸ ਦੇ ਕਾਫ਼ੀ ਸਬੂਤ ਹਨ ਕਿ ਟਾਈਟਲਰ ਨੇ ਦੰਗਈ ਭੀੜ ਨੂੰ ਗੁਰੂਘਰ ਉੱਪਰ ਹਮਲਾ ਕਰਨ ਲਈ ਉਕਸਾਇਆ ਸੀ ਜਿਸ ਕਰ ਕੇ ਉੱਥੇ ਤਿੰਨ ਸਿੱਖ ਵਿਅਕਤੀ ਮਾਰ ਦਿੱਤੇ ਗਏ ਸਨ ਪਰ ਪਤਾ ਨਹੀਂ ਇਨਸਾਫ਼ ਨੂੰ ਕਿੰਨਾ ਸਮਾਂ ਲੱਗੇਗਾ। ਇੱਕ ਗਵਾਹ ਨੇ ਚਾਰਜਸ਼ੀਟ ਵਿੱਚ ਕਿਹਾ ਸੀ ਕਿ ਟਾਈਟਲਰ ਪਹਿਲੀ ਨਵੰਬਰ, 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਚਿੱਟੀ ਅੰਬੈਸਡਰ ਕਾਰ ਵਿੱਚੋਂ ਬਾਹਰ ਆਇਆ ਸੀ ਅਤੇ ਉਸ ਨੇ ਭੀੜ ਨੂੰ ਸਿੱਖਾਂ ਖ਼ਿਲਾਫ਼ ਭੜਕਾਇਆ ਸੀ। ਅਦਾਲਤ ਨੇ ਗ਼ੈਰ-ਕਾਨੂੰਨੀ ਇਕੱਠ, ਦੰਗੇ, ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਵਧਾਉਣ, ਘਰ ਵਿਚ ਘੁਸਪੈਠ ਅਤੇ ਚੋਰੀ ਸਮੇਤ ਕਈ ਅਪਰਾਧਾਂ ਲਈ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ 40 ਸਾਲਾਂ ਬਾਅਦ ਸਿੱਖ ਕੌਮ ਨੂੰ ਇਨਸਾਫ਼ ਮਿਲਣ ਦੀ ਆਸ ਪ੍ਰਗਟਾਈ ਹੈ। ਇਸ ਤੋਂ ਪਹਿਲਾਂ ਇੱਕ ਹੋਰ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਕਤਲੇਆਮ ਦੇ ਇੱਕ ਹੋਰ ਕੇਸ ਵਿੱਚ ਸਜ਼ਾ ਦਿਵਾਉਣ ਲਈ 34 ਸਾਲ ਲੱਗ ਗਏ ਸਨ। ਸੱਜਣ ਕੁਮਾਰ ਨੂੰ ਉਸ ਦੀ ਬਾਕੀ ਬਚਦੀ ਉਮਰ ਜੇਲ੍ਹ ਵਿੱਚ ਰੱਖਣ ਦਾ ਫ਼ੈਸਲਾ ਸੁਣਾਉਂਦਿਆਂ ਦਿੱਲੀ ਹਾਈ ਕੋਰਟ ਨੇ ਕਿਹਾ ਸੀ ਕਿ ਸਿਆਸਤਦਾਨਾਂ ਵੱਲੋਂ ਪੁਲੀਸ ਨਾਲ ਰਲ ਕੇ ਕੀਤੀ ਹਿੰਸਾ ਮਾਨਵਤਾ ਖਿਲਾਫ਼ ਅਪਰਾਧ ਹੁੰਦੀ ਹੈ।

ਉਂਝ, ਸਿਆਸੀ ਪਾਰਟੀਆਂ ਅਜਿਹੇ ਅਪਰਾਧੀਆਂ ਖਿਲਾਫ਼ ਵੀ ਸਖ਼ਤ ਕਾਰਵਾਈ ਕਰਨ ਤੋਂ ਟਾਲਾ ਵੱਟ ਲੈਂਦੀਆਂ ਹਨ। ਕਾਂਗਰਸ ਨੇ ਕਮਲ ਨਾਥ ਖਿਲਾਫ਼ ਅਜਿਹਾ ਕੇਸ ਹੋਣ ਦੇ ਬਾਵਜੂਦ ਉਸ ਨੂੰ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾ ਦਿੱਤਾ ਸੀ। ਸੱਜਣ ਕੁਮਾਰ ਨੇ ਤਾਂ ਪਹਿਲਾਂ ਹੀ ਮੁੱਢਲੀ ਮੈਂਬਰੀ ਤੋਂ ਅਸਤੀਫ਼ਾ ਦੇ ਕੇ ਪਾਰਟੀ ਨੂੰ ਉਸ ਨੂੰ ਬਰਤਰਫ਼ ਕਰਨ ਦੀ ਵੀ ਖੇਚਲ ਨਹੀਂ ਸੀ ਦਿੱਤੀ। ਅਜਿਹੇ ਮਾਹੌਲ ਵਿੱਚ ਹੁਣ ਸਾਰੀ ਟੇਕ ਨਿਆਂਪਾਲਿਕਾ ’ਤੇ ਹੀ ਬਚਦੀ ਹੈ ਕਿ ਦੇਰ ਤਾਂ ਭਾਵੇਂ ਹੋ ਗਈ ਹੈ ਪਰ ਫਿਰ ਵੀ ਇਨਸਾਫ਼ ਤਾਂ ਕੀਤਾ ਜਾਵੇ।

### ਕਾਲੇ ਧਨ ਦੇ ਕਾਰੋਬਾਰ ਦੀ ਰੋਕਥਾਮ ਲਈ ਬਣਾਏ ਗਏਪੀਐੱਮਐੱਲਏ ਦਾ ਮਸਲਾ

ਪਿਛਲੇ ਇੱਕ ਦਹਾਕੇ ਦੌਰਾਨ ਕਾਲੇ ਧਨ ਦੇ ਕਾਰੋਬਾਰ ਦੀ ਰੋਕਥਾਮ ਲਈ ਬਣਾਏ ਗਏ ਪੀਐੱਮਐੱਲਏ ਤਹਿਤ ਕਰੀਬ 5300 ਕੇਸ ਦਰਜ ਕੀਤੇ ਗਏ ਹਨ। ਉਂਝ, ਇਸ ਦੌਰਾਨ ਸਿਰਫ਼ 40 ਕੇਸਾਂ ਵਿੱਚ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਜਾ ਸਕਿਆ ਹੈ। ਇਨ੍ਹਾਂ ਮਾਮਲਿਆਂ ਵਿੱਚ ਇਸ ਕਿਸਮ ਦਾ ਇਹ ਅੰਤਰ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਅਤੇ ਇਸ ਦੀ ਸਮੁੱਚੀ ਪ੍ਰਕਿਰਿਆ ਉੱਪਰ ਗੰਭੀਰ ਸਵਾਲ ਖੜ੍ਹੇ ਕਰਦਾ ਹੈ ਅਤੇ ਇਸ ਤੋਂ ਇਲਾਵਾ ਜਾਂਚ ਦੀ ਗੁਣਵੱਤਾ ਅਤੇ ਇਸ ਕਾਨੂੰਨੀ ਔਜ਼ਾਰ ਦੀ ਵਰਤੋਂ ਨੂੰ ਲੈ ਕੇ ਵੀ ਸਰੋਕਾਰ ਖੜ੍ਹੇ ਹੁੰਦੇ ਹਨ। 2019 ਵਿੱਚ ਪੀਐੱਮਐੱਲਏ ’ਚ ਕੀਤੀ ਗਈ ਸੋਧ ਕਰ ਕੇ ਇਸ ਕਾਨੂੰਨ ਤਹਿਤ ‘ਅਪਰਾਧ ਦੀ ਕਮਾਈ’ ਦਾ ਦਾਇਰਾ ਬਹੁਤ ਵਧ ਗਿਆ ਹੈ।

ਹਾਲਾਂਕਿ ਸ਼ੁਰੂ ਵਿੱਚ ਇਹ ਕਾਨੂੰਨ ਕਾਲੇ ਧਨ ਨੂੰ ਸਫ਼ੇਦ ਬਣਾਉਣ ਤੋਂ ਰੋਕਣ ਦੀ ਲੜਾਈ ਨੂੰ ਮਜ਼ਬੂਤੀ ਦੇਣ ਲਈ ਲਿਆਂਦਾ ਗਿਆ ਸੀ ਪਰ ਇਸ ਇਕਲੌਤੀ ਸੋਧ ਕਰ ਕੇ ਦਰਜ ਕੀਤੇ ਜਾਣ ਵਾਲੇ ਕੇਸਾਂ ਵਿੱਚ ਅਥਾਹ ਵਾਧਾ ਹੋ ਗਿਆ ਜਿਨ੍ਹਾਂ ’ਚੋਂ ਬਹੁਤ ਸਾਰੇ ਕੇਸਾਂ ਵਿੱਚ ਵੱਡੀਆਂ ਸਿਆਸੀ ਹਸਤੀਆਂ ਵੀ ਸ਼ਾਮਲ ਹਨ।

ਇਸ ਤੋਂ ਬਾਅਦ ਇਹ ਦੋਸ਼ ਲੱਗਣੇ ਸ਼ੁਰੂ ਹੋ ਗਏ ਕਿ ਪੀਐੱਮਐੱਲਏ ਨੂੰ ਹੁਣ ਆਰਥਿਕ ਅਪਰਾਧਾਂ ਦੀ ਬਜਾਇ ਸਿਆਸੀ ਮੰਤਵਾਂ ਲਈ ਇੱਕ ਹਥਿਆਰ ਦੇ ਤੌਰ ’ਤੇ ਵਰਤਿਆ ਜਾ ਰਿਹਾ ਹੈ। ਸਿਆਸਤਦਾਨਾਂ ਤੋਂ ਇਲਾਵਾ ਕਾਰੋਬਾਰੀਆਂ, ਨੌਕਰਸ਼ਾਹਾਂ ਅਤੇ ਕਿਸਾਨ ਆਗੂਆਂ ਖਿਲਾਫ਼ ਵੀ ਪੀਐੱਮਐੱਲਏ ਤਹਿਤ ਕੇਸ ਦਰਜ ਕੀਤੇ ਜਾਣ ਲੱਗ ਪਏ ਜਿਸ ਨਾਲ ਇਸ ਦਾ ਅਸਰ ਤਾਂ ਬਹੁਤ ਵਧ ਗਿਆ ਪਰ ਇਸ ਦੇ ਅਮਲ ਨੂੰ ਲੈ ਕੇ ਨਿੱਤ ਵਿਵਾਦ ਖੜ੍ਹੇ ਹੋਣ ਲੱਗ ਪਏ।

ਸੁਪਰੀਮ ਕੋਰਟ ਨੇ ਈਡੀ ਨੂੰ ਮਿਆਰੀ ਇਸਤਗਾਸਾ ਅਤੇ ਵਿਗਿਆਨਕ ਜਾਂਚ ਉੱਪਰ ਧਿਆਨ ਦੇਣ ਲਈ ਕਿਹਾ ਹੈ। ਦੋਸ਼ ਸਾਬਤ ਹੋਣ ਦੀ ਦਰ ਮਾਮੂਲੀ ਹੋਣ ਤੋਂ ਸੰਕੇਤ ਮਿਲਦੇ ਹਨ ਕਿ ਬਿਨਾਂ ਠੋਸ ਸਬੂਤਾਂ ਤੋਂ ਹੀ ਕੇਸ ਚਲਾਏ ਜਾ ਰਹੇ ਹਨ ਜਿਸ ਨਾਲ ਮੁਲਜ਼ਮਾਂ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰਹਿਣਾ ਪੈ ਰਿਹਾ ਅਤੇ ਮੁਕੱਦਮੇ ਵੀ ਲਮਕਦੇ ਰਹਿੰਦੇ ਹਨ। ਅਦਾਲਤ ਨੇ ਹਾਲ ਹੀ ਵਿੱਚ ਮੁਲਜ਼ਮਾਂ ਦੇ ਹੱਕਾਂ ਦੀ ਪੈਰਵੀ ਕਰਦਿਆਂ ਸੰਤੁਲਤ ਪਹੁੰਚ ਅਖਤਿਆਰ ਕਰਨ ’ਤੇ ਜ਼ੋਰ ਦਿੱਤਾ ਹੈ ਤਾਂ ਕਿ ਅਪਰਾਧੀਆਂ ਨੂੰ ਸਜ਼ਾ ਦਿਵਾਈ ਜਾ ਸਕੇ ਅਤੇ ਨਾਲ ਹੀ ਮੁਕੱਦਮੇ ਦੀ ਆੜ ਹੇਠ ਕਿਸੇ ਨਾਲ ਅਨਿਆਂ ਵੀ ਨਾ ਹੋਵੇ।

ਜੇ ਈਡੀ ਸੁਪਰੀਮ ਕੋਰਟ ਦੀਆਂ ਨਸੀਹਤਾਂ ਦੀ ਦਿਲੋਂ ਪਾਲਣਾ ਨਹੀਂ ਕਰਦੀ ਤਾਂ ਕਾਨੂੰਨੀ ਪ੍ਰਣਾਲੀ ਤੋਂ ਲੋਕਾਂ ਦਾ ਭਰੋਸਾ ਉੱਠ ਜਾਵੇਗਾ ਅਤੇ ਪੀਐੱਮਐੱਲਏ ਵਿੱਤੀ ਅਪਰਾਧਾਂ ਖਿਲਾਫ਼ ਲੜਾਈ ਦਾ ਕਾਰਗਰ ਚੌਖਟਾ ਬਣਨ ਦੀ ਬਜਾਇ ਇੱਕ ਸਿਆਸੀ ਸੰਦ ਬਣ ਕੇ ਰਹਿ ਜਾਵੇਗਾ।

# ਭਾਰਤ ਦੀ ਬੱਝਵੀਂ ਕਾਰਗੁਜ਼ਾਰੀ ਦੇ ਪੰਜਾਹ ਸਾਲ

**ਟੀ ਐਨ ਨੈਨਾਨ**

ਉਦੋਂ ਸ਼ਾਇਦ ਇਸ ਨੂੰ ਇੰਝ ਨਹੀਂ ਸੀ ਲਿਆ ਗਿਆ ਪਰ 50 ਸਾਲ ਪਹਿਲਾਂ ਭਾਰਤ ਇੱਕ ਫ਼ੈਸਲਾਕੁਨ ਮੋੜ ’ਤੇ ਅੱਪੜ ਗਿਆ ਸੀ। ਉਦੋਂ ਇੱਕ ਪਾਸੇ ਆਰਥਿਕ ਸੰਕਟ ਅਤੇ ਦੂਜੇ ਪਾਸੇ ਸਿਆਸੀ ਘਮਸਾਣ ਚੱਲ ਰਿਹਾ ਸੀ। ਇਸ ਤੋਂ ਇੱਕ ਸਾਲ ਬਾਅਦ ਫ਼ੈਸਲਾਕੁਨ ਕਾਰਵਾਈ ਆਈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾਗੂ ਕਰ ਦਿੱਤੀ ਗਈ। ਉਂਝ, ਦੋ ਸਾਲ ਤੋਂ ਘੱਟ ਸਮੇਂ ਵਿੱਚ ਇਹ ਹਟਾ ਲਈ ਗਈ। ਪਰ ਜੋ ਗੱਲ ਜ਼ਿਆਦਾ ਦੇਰ ਬਾਅਦ ਸਾਬਿਤ ਹੋਈ ਉਸ ਵੱਲ ਉਦੋਂ ਕਿਸੇ ਦਾ ਧਿਆਨ ਹੀ ਨਹੀਂ ਗਿਆ ਸੀ-ਉਹ ਸੀ ਆਰਥਿਕ ਨੀਤੀ ਵਿੱਚ ਇੱਕ ਨਵੀਂ ਦਿਸ਼ਾ ਜੋ ਸ੍ਰੀਮਤੀ ਗਾਂਧੀ ਦੇ ਕੁਝ ਵਧੇਰੇ ਖੱਬੇ-ਪੱਖੀ ਪੜਾਅ ਨਾਲੋਂ ਹਟਵੀਂ ਸੀ। ਇਸ ਤੋਂ ਬਾਅਦ ਆਰਥਿਕ ਤੌਰ ’ਤੇ ਭਾਰਤ ਦੀ ਲੰਮੇ ਚਿਰ ਤੋਂ ਚੱਲੀ ਆ ਰਹੀ ਨੀਵੀਂ ਕਾਰਕਰਦਗੀ ਦਾ ਅੰਤ ਹੋਇਆ ਅਤੇ ਸਮਾਂ ਪਾ ਕੇ ਭਾਰਤ ਦੀ ਇੱਕ ਨਵੀਂ ਕਹਾਣੀ ਦਾ ਜਨਮ ਹੋਇਆ। 1970ਵਿਆਂ ਦੇ ਅੱਧ ਤੱਕ ਭਾਰਤ ਆਲਮੀ ਅਰਥਚਾਰੇ ਨਾਲੋਂ ਮੱਠੀ ਰਫ਼ਤਾਰ ਨਾਲ ਵਿਕਾਸ ਕਰ ਰਿਹਾ ਸੀ। 1970ਵਿਆਂ ਦੇ ਦੂਜੇ ਅੱਧ ਵਿੱਚ ਇਹ ਬਦਲਾਅ 15 ਸਾਲ ਦੇ ਅਰਸੇ ਤੋਂ ਬਾਅਦ ਆਇਆ ਸੀ ਜਿਸ ਦੌਰਾਨ ਜੰਗਾਂ, ਫ਼ਸਲੀ ਖਰਾਬੇ ਅਤੇ ਇੱਥੋਂ ਤੱਕ ਕਿ ਕਾਲ, ਰੁਪਏ ਦੀ ਕੀਮਤ ਵਿੱਚ ਤਰਾਸਦਿਕ ਗਿਰਾਵਟ ਅਤੇ ਤੇਲ ਦੀਆਂ ਕੀਮਤਾਂ ਦੇ ਦੋ ਵੱਡੇ ਝਟਕੇ ਦੇਖਣ ਨੂੰ ਮਿਲੇ ਸਨ। ਇਨ੍ਹਾਂ ’ਚੋਂ ਕਈ ਘਟਨਾਵਾਂ ਨੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ ਅਗਵਾਈ ਹੇਠਲੇ ਸ਼ੁਰੂਆਤੀ ਆਸ਼ਾਵਾਦ ਤੋਂ ਬਾਅਦ ਕੌਮੀ ਆਤਮ ਬਲ ਨੂੰ ਤੋੜਨ ਦਾ ਕੰਮ ਕੀਤਾ ਸੀ।



ਉਂਝ, ਜਦੋਂ ਇਕੇਰਾਂ ਅਰਥਚਾਰਾ ਸਥਿਰ ਹੋ ਗਿਆ ਤਾਂ ਅੱਧੀ ਸਦੀ ਤੱਕ ਇਸ ਵਿੱਚ ਸਾਵੀਂ ਅਤਿ ਕਾਰਗੁਜ਼ਾਰੀ ਦਾ ਦੌਰ ਚਲਦਾ ਆ ਰਿਹਾ ਹੈ। ਵਿਕਾਸ ਦਰ ਘੱਟ ਆਮਦਨ ਅਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਤੇ ਨਾਲ ਹੀ ਆਲਮੀ ਅਰਥਚਾਰੇ ਦੀ ਦਰ ਨਾਲੋਂ ਉੱਪਰ ਰਹੀ। ਨਤੀਜਤਨ ਅੱਜ ਦੇਸ਼ ਨੂੰ ਇੱਕ ਅਜਿਹਾ ਕੌਮਾਂਤਰੀ ਰੁਤਬਾ ਹਾਸਿਲ ਹੋ ਗਿਆ ਜੋ ਪਹਿਲਾਂ ਕਦੇ ਵੀ ਹਾਸਿਲ ਨਹੀਂ ਹੋ ਸਕਿਆ ਸੀ। ਫਿਰ ਵੀ ਸਮਾਜਿਕ-ਆਰਥਿਕ ਪੈਮਾਨਿਆਂ ਅਤੇ ਵਧਦੀ ਨਾਬਰਾਬਰੀ ਕਰ ਕੇ ਇਹ ਕੋਈ ਚਮਕਦਾਰ ਰਿਕਾਰਡ ਨਹੀਂ ਹੋ ਸਕਿਆ।

ਇਸ ਬਦਲਾਅ ਤੋਂ ਪਹਿਲਾਂ ਆਲਮੀ ਅਰਥਚਾਰੇ ਵਿੱਚ ਭਾਰਤ ਦੀ ਹਿੱਸੇਦਾਰੀ 1960 ਵਿੱਚ 2.7 ਫ਼ੀਸਦੀ ਤੋਂ 1975 ਵਿੱਚ 1.9 ਫ਼ੀਸਦੀ ਤੱਕ ਸੀ ਜੋ ਪਹਿਲਾਂ ਡਿੱਗੀ, ਫਿਰ ਸਥਿਰ ਹੋਈ ਅਤੇ ਅੰਤ ਨੂੰ ਸੁਧਰ ਗਈ। ਹਾਲਾਂਕਿ 2013 ਵਿੱਚ ਆਲਮੀ ਕੁੱਲ ਘਰੇਲੂ ਪੈਦਾਵਾਰ ਵਿੱਚ ਭਾਰਤ ਦੀ ਹਿੱਸੇਦਾਰੀ 1960 ਨਾਲੋਂ ਥੋੜ੍ਹੀ ਘੱਟ ਹੀ ਸੀ। ਹੁਣ 2024 ਵਿੱਚ ਇਹ 3.5 ਫ਼ੀਸਦੀ ਹੋ ਗਈ ਹੈ ਅਤੇ ਜਦੋਂ ਤੋਂ ਭਾਰਤੀ ਅਰਥਚਾਰੇ ਦੀ ਵਿਕਾਸ ਦਰ ਆਲਮੀ ਔਸਤ ਨਾਲੋਂ ਦੁੱਗਣੀ ਹੋਈ ਹੈ, ਭਾਰਤ ਆਲਮੀ ਵਿਕਾਸ ਦਰ ਵਿੱਚ ਸਭ ਤੋਂ ਵੱਧ ਯੋਗਦਾਨ ਦੇਣ ਵਾਲਾ ਤੀਜਾ ਸਭ ਤੋਂ ਵੱਡਾ ਮੁਲਕ ਬਣ ਗਿਆ ਹੈ। ਇਸੇ ਤਰ੍ਹਾਂ ਪ੍ਰਤੀ ਜੀਅ ਆਮਦਨ ਵਿੱਚ ਵੀ ਸੁਧਾਰ ਹੋਇਆ ਹੈ। 1960 ਵਿੱਚ ਇਸ ਦੀ ਪ੍ਰਤੀ ਜੀਅ ਆਮਦਨ ਆਲਮੀ ਔਸਤ ਦਾ 8.4 ਫ਼ੀਸਦੀ ਸੀ ਜੋ 1974 ਵਿੱਚ ਡਿੱਗ ਕੇ 6.4 ਫ਼ੀਸਦੀ ਰਹਿ ਗਈ ਸੀ। 2011 ਵਿੱਚ ਪ੍ਰਤੀ ਜੀਅ ਆਮਦਨ ਸੁਧਰ ਕੇ 13.5 ਫ਼ੀਸਦੀ ਹੋ ਗਈ ਸੀ ਅਤੇ 2023 ਵਿੱਚ ਇਹ 18.1 ਫ਼ੀਸਦੀ ਹੋ ਗਈ ਸੀ। ਪਿਛਲੇ ਪੰਜ ਦਹਾਕਿਆਂ ਵਿੱਚ ਇਸ ਕਰੀਬ ਤਿੰਨ ਗੁਣਾ ਵਾਧਾ ਹੋਇਆ ਹੈ। ਫਿਰ ਵੀ ਬਹੁਤ ਸਾਰੇ ਮੁਲਕਾਂ ਵਿੱਚ ਲੋਕ ਸਾਡੇ ਨਾਲੋਂ ਬਿਹਤਰ ਜ਼ਿੰਦਗੀ ਬਸਰ ਕਰ ਰਹੇ ਹਨ। ਦਰਅਸਲ, ਅਫ਼ਰੀਕਾ ਅਤੇ ਸਾਡੇ ਦੱਖਣੀ ਏਸ਼ਿਆਈ ਆਂਢ-ਗੁਆਂਢ ਤੋਂ ਬਾਹਰ ਸ਼ਾਇਦ ਹੀ ਕੋਈ ਅਜਿਹਾ ਦੇਸ਼ ਹੋਵੇ ਜਿਸ ਦੀ ਪ੍ਰਤੀ ਜੀਅ ਆਮਦਨ ਭਾਰਤ ਨਾਲੋਂ ਘੱਟ ਹੈ। ਇਸ ਮਾਮਲੇ ਵਿੱਚ ਅਜੇ ਬਹੁਤ ਲੰਮਾ ਪੈਂਡਾ ਤੈਅ ਕਰਨਾ ਹੈ। ਭਾਰਤ ਦੀ ਆਬਾਦੀ ਦੇ ਆਕਾਰ ਨੇ ਇਸ ਦੀ ਕਹਾਣੀ ਵਿੱਚ ਬਦਲਾਅ ਲਿਆਂਦਾ ਹੈ। ਪ੍ਰਤੀ ਜੀਅ ਆਮਦਨ ਬਹੁਤੀ ਨਹੀਂ ਹੈ ਪਰ ਜਦੋਂ ਇਸ ਨੂੰ 140 ਕਰੋੜ ਨਾਲ ਜ਼ਰਬ ਕੀਤਾ ਜਾਂਦਾ ਹੈ ਤਾਂ ਇਸ ਨਾਲ ਭਾਰਤੀ ਅਰਥਚਾਰਾ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਜਾਂਦਾ ਹੈ। ਭਾਰਤ ਪਹਿਲਾਂ ਹੀ ਮੋਬਾਈਲ ਫੋਨਾਂ ਅਤੇ ਮੋਟਰ ਸਾਈਕਲਾਂ/ਸਕੂਟਰਾਂ ਦੀ ਦੂਜੀ ਸਭ ਤੋਂ ਵੱਡੀ ਮੰਡੀ ਅਤੇ ਜਹਾਜ਼ਰਾਨੀ ਅਤੇ ਕਾਰਾਂ ਦੀ ਤੀਜੀ ਜਾਂ ਚੌਥੀ ਸਭ ਤੋਂ ਮੰਡੀ ਬਣ ਗਿਆ ਹੈ। ਇਨ੍ਹਾਂ ਉਤਪਾਦਾਂ ਅਤੇ ਸੇਵਾਵਾਂ ਦੀਆਂ ਮੰਡੀਆਂ ਵਿੱਚ ਵਿਕਾਸ ਨਾਲ ਮੱਧ ਵਰਗ ਦਾ ਫੈਲਾਅ ਹੁੰਦਾ ਰਿਹਾ ਹੈ। ਇਨ੍ਹਾਂ ਲਈ ਪੂਰਤੀ ਕਰਨ ਵਾਲੇ ਕਾਰੋਬਾਰਾਂ ਨੇ ਨਿਵੇਸ਼ਕਾਂ ਲਈ ਚੋਖੀ ਦੌਲਤ ਪੈਦਾ ਕੀਤੀ ਹੈ ਜਿਸ ਨਾਲ ਡਾਲਰ ਅਰਬਪਤੀਆਂ ਦੀ ਸੰਖਿਆ ਵਿੱਚ ਵਾਧਾ ਹੋ ਰਿਹਾ ਹੈ ( ਇਸ ਵੇਲੇ 200 ਹੈ ਜੋ ਕਿ ਦੁਨੀਆ ਦੀ ਤੀਜਾ ਸਭ ਤੋਂ ਵੱਡਾ ਅੰਕੜਾ ਹੈ) ਜਦਕਿ ਮੰਡੀ ਪੂੰਜੀਕਰਨ ਦੇ ਲਿਹਾਜ਼ ਤੋਂ ਭਾਰਤੀ ਸਟਾਕ ਮਾਰਕਿਟ ਚੌਥੇ ਮੁਕਾਮ ’ਤੇ ਹੈ।

1970ਵਿਆਂ ਦੇ ਅੱਧ ਤੱਕ ਕਰੀਬ ਅੱਧੀ ਆਬਾਦੀ ਭੁੱਖ-ਨੰਗ ਵਾਲੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਸੀ। ਅੱਜ 10 ਫ਼ੀਸਦੀ ਤੋਂ ਵੀ ਘੱਟ ਆਬਾਦੀ ਸਰਕਾਰੀ ਤੌਰ ’ਤੇ ਗ਼ਰੀਬ ਗਿਣੀ ਜਾਂਦੀ ਹੈ। ਕੌਮਾਂਤਰੀ ਪੱਧਰ ’ਤੇ ਹੁਣ ਭਾਰਤ ਦਾ ਜ਼ਿਕਰ ਇੱਕ ਗ਼ਰੀਬ ਦੇਸ਼ ਨਾਲੋਂ ਇੱਕ ਉਭਰਦੀ ਹੋਈ ਸ਼ਕਤੀ ਦੇ ਤੌਰ ’ਤੇ ਜ਼ਿਆਦਾ ਕੀਤਾ ਜਾਂਦਾ ਹੈ। ਫਿਰ ਵੀ ਅਜੇ ਭਾਰਤ ਇਸ ਦੇ ਮਾਨਵੀ ਵਿਕਾਸ ਪੱਖੋਂ ਦਰਮਿਆਨੇ ਵਿਕਾਸ ਦੀ ਸ਼੍ਰੇਣੀ ਵਿੱਚ ਹੀ ਆ ਸਕਿਆ ਹੈ ਜਦੋਂਕਿ ਵੀਅਤਨਾਮ ਜਿਹੇ ਮੁਲਕਾਂ ਨੇ ਉੱਚ ਵਿਕਾਸ ਦਾ ਦਰਜਾ ਪਾ ਲਿਆ ਹੈ। ਅਗਲੇ ਇੱਕ ਦਹਾਕੇ ਜਾਂ ਇਸ ਤੋਂ ਵੀ ਵੱਧ ਅਰਸੇ ਤੱਕ ਭਾਰਤ ਦੇ ਉੱਚ ਵਿਕਾਸ ਦੇ ਦਰਜੇ ਤੱਕ ਪਹੁੰਚਣ ਦੇ ਆਸਾਰ ਘੱਟ ਹਨ ਹਾਲਾਂਕਿ ਇਸ ਤੋਂ ਵੀ ਪਾਰ ਵਿਕਸਤ ਦੇਸ਼ਾਂ ਦੀ ਇੱਕ ਬਹੁਤ ਹੀ ਉੱਚ ਵਿਕਾਸ ਦੀ ਸ਼੍ਰੇਣੀ ਹੈ, ਭਾਰਤ ਜਿਸ ਤੱਕ ਅੱਪੜਨ ਦੇ ਸੁਫਨੇ ਦੇਖ ਰਿਹਾ ਹੈ।

ਇੱਥੋਂ ਵੀ ਭਾਵੇਂ ਅੰਕੜਿਆਂ ਵਿੱਚ ਸੁਧਾਰ ਹੋ ਰਿਹਾ ਹੈ। ਸਕੂਲੀ ਸਿੱਖਿਆ ਦੇ ਔਸਤ ਸਾਲਾਂ ਵਿੱਚ ਸੁਧਾਰ ਆਇਆ ਹੈ ਜੋ 2010 ਵਿੱਚ 4.4 ਸਾਲ ਤੋਂ ਵਧ ਕੇ 6.57 ਹੋ ਗਿਆ ਹੈ। ਵਿਸ਼ਵ ਸਿਹਤ ਅਦਾਰੇ (ਡਬਲਯੂਐੱਚਓ) ਵੱਲੋਂ 1000 ਲੋਕਾਂ ਪਿੱਛੇ ਜਿੰਨੇ ਡਾਕਟਰ ਰੱਖਣ ਦਾ ਸੁਝਾਅ ਦਿੱਤਾ ਗਿਆ ਹੈ, ਭਾਰਤ ਵਿੱਚ ਉਸ ਨਾਲੋਂ ਜ਼ਿਆਦਾ ਹਨ ਅਤੇ ਜੀਵਨ ਸੰਭਾਵਨਾ ਦਰ 70 ਸਾਲ ਦੀ ਰੇਖਾ ਪਾਰ ਕਰ ਗਈ ਹੈ।

ਵੱਧ ਵੰਨ-ਸੁਵੰਨੀ ਤੇ ਪੌਸ਼ਟਿਕ ਖੁਰਾਕ ’ਚੋਂ ਉੱਚ ਆਮਦਨੀ ਝਲਕਦੀ ਹੈ। ਦੁੱਧ ਦੀ ਖ਼ਪਤ 10 ਗੁਣਾ ਵਧ ਗਈ ਹੈ। ਇਸੇ ਤਰ੍ਹਾਂ ਮੱਛੀ ਦੀ ਖ਼ਪਤ ਵੀ ਵਧੀ ਹੈ, ਜਦੋਂਕਿ ਆਂਡਿਆਂ ਦੀ ਖ਼ਪਤ ਵਿੱਚ ਵੀ 20 ਗੁਣਾ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਗ਼ਬਾਨੀ ਵਿੱਚ ਵੀ ਵਾਧਾ ਹੋਇਆ ਹੈ—ਫ਼ਲ ਤੇ ਸਬਜ਼ੀਆਂ ’ਚ ਵੀ। ਇਸੇ ਦੌਰਾਨ ਆਮਦਨੀ ਦੇ ਹਿੱਸੇ ਵਜੋਂ ਪਰਿਵਾਰਕ ਬੱਚਤ 70 ਪ੍ਰਤੀਸ਼ਤ ਵਧ ਗਈ ਹੈ। ਇੱਥੋਂ ਤੱਕ ਕਿ ਪੂਰਨ ਰੂਪ ’ਚ ਔਸਤਨ ਆਮਦਨੀ ਵੀ ਛੇ ਗੁਣਾ ਵਧ ਚੁੱਕੀ ਹੈ।

ਸ਼ਾਇਦ ਇਨ੍ਹਾਂ ’ਚ ਸਭ ਤੋਂ ਵੱਧ ਮਹੱਤਵਪੂਰਨ ਮਾਨਸਿਕਤਾ ’ਚ ਬਦਲਾਅ ਹੈ। ਭਾਰਤ ਸੱਤਰ ਦੇ ਦਹਾਕੇ ਦੇ ਅੱਧ ਤੱਕ ਸਮਾਜਵਾਦੀ ਬਿਆਨਬਾਜ਼ੀ ’ਚ ਹੀ ਖੁੱਭਿਆ ਹੋਇਆ ਸੀ। ਕਈ ਉਦਯੋਗਾਂ ਦੇ ਵਿਆਪਕ ਕੌਮੀਕਰਨ ਤੋਂ ਇਲਾਵਾ ਹਰੇਕ ਚੀਜ਼ ਉੱਤੇ ਕੀਮਤ ਤੇ ਉਤਪਾਦਨ ਦੇ ਪੱਖ ਤੋਂ ਸਰਕਾਰ ਦਾ ਕੰਟਰੋਲ ਸੀ, ਪੇਪਰ ਤੋਂ ਲੈ ਕੇ ਸਟੀਲ ਤੱਕ ਤੇ ਖੰਡ ਤੋਂ ਲੈ ਕੇ ਸੀਮਿੰਟ ਤੱਕ, ਇੱਥੋਂ ਤੱਕ ਕਿ ਨਹਾਉਣ ਵਾਲੇ ਸਾਬਣ ਤੋਂ ਲੈ ਕੇ ਕਾਰਾਂ ਤੱਕ ਵੀ! ਇਸ ਦਾ ਲਾਜ਼ਮੀ ਸਿੱਟਾ ਸੀ ਕਿੱਲਤ ਤੇ ਕਾਲਾ ਬਾਜ਼ਾਰੀਆਂ। ਉਦਯੋਗਿਕ ਵਿਵਾਦਾਂ ’ਚ ਰਾਜ ਸਰਕਾਰਾਂ ਹਮੇਸ਼ਾ ਟਰੇਡ ਜਥੇਬੰਦੀਆਂ ਨਾਲ ਖੜ੍ਹਦੀਆਂ ਸਨ। ਪਰ ਚੀਜ਼ਾਂ ਬਦਲ ਗਈਆਂ ਹਨ। ਭਾਰਤ ਦੀ ਸਿਆਸਤ ਹੁਣ ਸਮਾਜਵਾਦ ਨਾਲੋਂ ਵੱਧ ਲੁਭਾਊ ਹੋ ਚੁੱਕੀ ਹੈ, ਕਮਿਊਨਿਸਟ ਪਾਰਟੀਆਂ ਦੀ ਹਾਲਤ ਖਰਾਬ ਹੈ ਤੇ ਉਹ ਆਈਸੀਯੂ ’ਚ ਹਨ ਤੇ ਸਰਕਾਰਾਂ ਕਾਰੋਬਾਰੀ ਸੌਖ ਲਈ ਕਿਰਤ ਕਾਨੂੰਨਾਂ ਨੂੰ ਬਦਲਣਾ ਚਾਹੁੰਦੀਆਂ ਹਨ। ਟੈਕਸ ਦਰਾਂ ਤਰਕਸੰਗਤ ਹੋ ਗਈਆਂ ਹਨ।

ਭਾਰਤੀ ਲੋਕ ਸ਼ੇਅਰ-ਬਾਜ਼ਾਰ ਦੇ ਸਰਗਰਮ ਪੂੰਜੀਪਤੀ ਬਣ ਚੁੱਕੇ ਹਨ। ਸੰਨ 1974 ਵਿੱਚ ਸ਼ੇਅਰਾਂ ਦਾ ਸਭ ਤੋਂ ਵੱਡਾ ਜਨਤਕ ਨਿਕਾਸ (ਆਈਪੀਓ) ਕੁੱਲ 12 ਕਰੋੜ ਰੁਪਏ ਦਾ ਸੀ (ਅੱਜ ਦੇ ਸਮੇਂ ’ਚ ਇਹ 350 ਕਰੋੜ ਰੁਪਏ ਬਣਦੇ)। ਇਸ ਦੇ ਮੁਕਾਬਲੇ, ਪਿਛਲੇ ਕੁਝ ਸਾਲਾਂ ਵਿੱਚ ਕਈ ਕੰਪਨੀਆਂ ਨੇ ਆਈਪੀਓ ਕੱਢੇ ਹਨ ਜੋ 15,000-21,000 ਕਰੋੜ ਰੁਪਏ ਦੇ ਹਨ (ਐਲਆਈਸੀ, ਅਡਾਨੀ, ਵੋਡਾਫੋਨ, ਆਦਿ)। ਪਿੱਛੇ ਝਾਤ ਮਾਰੀਏ ਤਾਂ ਕਰੀਬ ਦਹਾਕਾ ਪਹਿਲਾਂ ਤੱਕ, ਮਿਊਚੁਅਲ ਫੰਡ ਕੰਪਨੀਆਂ ਬੈਂਕ ਜਮ੍ਹਾਂ ਖਾਤਿਆਂ ਦੇ ਅੱਠਵੇਂ ਹਿੱਸੇ ਤੋਂ ਕੁਝ ਘੱਟ-ਵੱਧ ਫੰਡ ਸੰਭਾਲ ਰਹੀਆਂ ਸਨ, ਇਹੀ ‘ਸ਼ੇਅਰ’ ਹੁਣ ਦੁੱਗਣਾ ਹੋ ਕੇ ਚੌਥੇ ਹਿੱਸੇ ਤੋਂ ਵਧ ਚੁੱਕਾ ਹੈ। ਅਗਲੇ ਪੰਜ ਸਾਲਾਂ ’ਚ ਭਾਰਤ ਨਿਰਪੇਖ ਗਿਣਤੀ ’ਚ ਆਪਣੀ ਜੀਡੀਪੀ ’ਚ ਹੋਰ ਵਾਧਾ ਕਰ ਸਕਦਾ ਹੈ, ਜੋ ਕਿ ਪਿਛਲੇ 10 ਸਾਲਾਂ ’ਚ ਕੀਤੀ ਤਰੱਕੀ ਨਾਲੋਂ ਵੀ ਵੱਧ ਹੋਵੇਗਾ।

ਫੇਰ ਵੀ ਭਾਰਤ ’ਚ ਹਰ ਕਹਾਣੀ ਸਾਹਮਣੇ ਇੱਕ ਹੋਰ ਕਹਾਣੀ ਹੈ। ਸੱਤ ਸਾਲ ਪਹਿਲਾਂ ਦੇ ਮੁਕਾਬਲੇ ਦੇਖਿਆ ਜਾਵੇ ਤਾਂ ਟਿਕਾਊ ਵਸਤਾਂ ਦੇ ਉਤਪਾਦਨ ’ਚ ਬਿਲਕੁਲ ਵੀ ਵਾਧਾ ਨਹੀਂ ਹੋਇਆ ਹੈ ਤੇ ਗ਼ੈਰ-ਟਿਕਾਊ ਵਸਤਾਂ ਲਈ ਵੀ ਇਹ ਸਾਲਾਨਾ ਔਸਤ ਦੇ ਮਹਿਜ਼ 2.8 ਪ੍ਰਤੀਸ਼ਤ ਨਾਲ ਹੀ ਵਧਿਆ ਹੈ। ਸਪੱਸ਼ਟ ਹੈ ਕਿ ਉਪਭੋਗਤਾ ਵਿੱਤੀ ਤੌਰ ’ਤੇ ਦਬਾਅ ਹੇਠ ਹਨ, ਖ਼ਾਸ ਤੌਰ ’ਤੇ ਉਹ ਜੋ ਆਮਦਨ ਦੀ ਪੌੜੀ ਦੇ ਹੇਠਲੇ ਡੰਡੇ ਉੱਤੇ ਹਨ—ਸ਼ਾਇਦ ਇਸ ਦਾ ਕਾਰਨ ਚੰਗੀ ਤਨਖ਼ਾਹ ’ਤੇ ਢੁੱਕਵੇਂ ਕੰਮਕਾਜ ਦੀ ਘਾਟ ਹੈ। ਜਦ ਇਹ ਬਦਲੇਗਾ ਉਦੋਂ ਹੀ ਅਰਥਚਾਰਾ ਸੱਤ ਪ੍ਰਤੀਸ਼ਤ ਤੋਂ ਵੱਧ ਦੀ ਦਰ ਉੱਤੇ ਦੌੜੇਗਾ, ਜਿਸ ਨੂੰ ਕਿਸੇ ਸਮੇਂ ਤੇਜ਼ ਰਫ਼ਤਾਰ ਅਰਥਚਾਰੇ ਦੀ ਅਸਲ ਨਿਸ਼ਾਨੀ ਸਮਝਿਆ ਜਾਂਦਾ ਸੀ।

# ਈਟੀਟੀ 2364 ਬੇਰੁਜ਼ਗਾਰ ਅਧਿਆਪਕਾਂ ਨੇ ਪੰਜਾਬ ਸਰਕਾਰ ਦੀ ਲਾਰਿਆਂ ਦੀ ਪੰਡ ਡੀ ਪੀ ਅਈ ਦ.ਫਤਰ ਸਾਹਮਣੇ ਫੂਕੀ

**ਮੁਹਾਲੀ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕਈ ਦਿਨਾਂ ਤੋਂ ਬੇਰੁਜ਼ਗਾਰ ਈਟੀਟੀ 2364 ਅਧਿਆਪਕਾਂ ਦਾ ਆਪਣੇ ਨਿਯੁਕਤੀ ਪੱਤਰਾਂ ਦੀ ਮੰਗ ਨੂੰ ਲੈ ਕੇ ਡੀ ਪੀ ਆਈ ਦਫ਼ਤਰ ਮੋਹਾਲੀ ਵਿਖੇ ਧਰਨਾ ਪ ?ਦਰਸ਼ਨ ਜਾਰੀ ਹੈ।

ਬੇਰੁਜ਼ਗਾਰ ਈਟੀਟੀ ਟੈੱਟ ਪਾਸ 2364 ਅਧਿਆਪਕਾਂ ਵਿੱਚੋਂ ਦੋ ਸਾਥੀ ਸਰਕਾਰ ਦੇ ਲਾਰਿਆਂ ਤੋਂ ਤੰਗ ਆਕੇ ਬੀਤੀ ਪਿਛਲੀ 28 ਅਗਸਤ ਤੋਂ ਪੈਟਰੋਲ ਦੀਆਂ ਬੋਤਲਾਂ ਲੈ ਕੇ ਸਿੱਖਿਆ ਵਿਭਾਗ ਦੀ ਬਿਲਡਿੰਗ ਤੇ ਚੜੇ ਹੋਏ ਹਨ ਉਨ੍ਹਾਂ ਵੱਲੋਂ ਮੰਗ ਕੀਤੀ ਗਈ ਕਿ, ਉਨ੍ਹਾਂ ਦੀਆਂ ਮੰਗਾਂ ਦਾ ਛੇਤੀ ਹੱਲ ਕਰਕੇ, ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਅਤੇ ਉਹਨਾਂ ਨੂੰ ਸਕੂਲਾਂ ਵਿੱਚ ਭੇਜਿਆ ਜਾਵੇ।



ਇਸ ਮੌਕੇ ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਨਾਲ ਲਗਾਤਾਰ 2364 ਭਰਤੀ ਨੂੰ ਲੈ ਕੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਨੇ। ਸਮੇਂ ਸਮੇਂ ਤੇ ਸੰਬੰਧਿਤ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਉਹਨਾਂ ਨੇ ਈਟੀਟੀ 2364 ਭਰਤੀ ਨੂੰ ਜਲਦੀ ਪੂਰਾ ਕਰਨ ਦਾ ਵਿਸ਼ਵਾਸ ਦੁਆਇਆ ਤੇ ਅੱਜ 2 ਸਤੰਬਰ ਈਟੀਟੀ 2364 ਅਧਿਆਪਕਾਂ ਵੱਲੋਂ ਭੁੱਖ ਹੜਤਾਲ ਵੀ ਸ਼ੁਰੂ ਕੀਤੀ ਗਈ ਹੈ। ਅੱਜ ਪੰਜਾਬ ਸਰਕਾਰ ਦੇ ਲਾਰਿਆਂ ਤੋਂ ਤੰਗ ਆਕੇ 2264 ਈਟੀਟੀ ਅਧਿਆਪਕਾਂ ਨੇ ਪਿੱਛਲੇ ਸਮਿਆਂ ਵਿੱਚ ਸਰਕਾਰ ਦੇ ਝੂਠੇ ਲਾਰਿਆਂ ਤੋਂ ਅਪਣੇ ਕੋਲ ਇਕੱਠੀ ਕੀਤੀ ਹੋਈ ਲਾਰਿਆਂ ਦੀ ਪੰਡ ਨੂੰ ਅੱਗ ਲਾਈ ਅਤੇ ਸਰਕਾਰ ਨੂੰ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਕਰਾਂਤੀਕਾਰੀ ਬਦਲਾਵ ਲਿਆਉਣ ਦਾ ਦਾਵਾ ਕਰਕੇ ਸੱਤਾ ਦਾ ਸੁੱਖ ਭੋਗ ਰਹੀ ਸਰਕਾਰ ਸ਼ੁਰੂ ਤੋਂ ਹੀ ਲਾਰੇ ਲਾਉਂਦੀ ਰਹੀ ਹੈ ਸਾਡੇ ਕੋਲ਼ ਲਾਰਿਆਂ ਦੀ ਪੰਡ ਦਾ ਸਾਈਜ਼ ਰੋਜ ਦਿੱਤੇ ਜਾ ਰਹੇ ਲਾਰਿਆਂ ਕਰਕੇ ਏਨੀ ਵੱਡੀ ਹੋ ਗਈ ਸੀ ਕਿ ਉਸਨੂੰ ਚੁੱਕਣਾ ਬਹੁਤ ਮੁਸ਼ਕਿਲ ਹੋ ਰਿਹਾ ਸੀ ਸੋ ਅੱਜ ਬੇਰੁਜ਼ਗਾਰਾਂ ਨੇ ਲਾਰਿਆਂ ਦੀ ਪੰਡ ਨੂੰ ਅੱਗ ਲਾਈ ਕਿਉਂਕਿ ਇਸਨੂੰ ਚੁੱਕਣਾ ਮੁਸ਼ਕਿਲ ਹੋ ਰਿਹਾ ਸੀ ਉਹਨਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਭਰਤੀ ਨੂੰ ਲੈ ਕੇ ਸੰਬੰਧਿਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਾਵੇਗੀ, ਜੇਕਰ ਇਸ ਮੀਟਿੰਗ ਵਿੱਚ ਕੋਈ ਪੁਖਤਾ ਹਲ ਨਹੀਂ ਨਿਕਲ ਕੇ ਆਉਂਦਾ ਤਾਂ ਸਰਕਾਰ ਦੇ ਵਿਰੁੱਧ ਤਿੱਖਾ ਸੰਘਰਸ਼ ਵੇਖਣ ਨੂੰ ਮਿਲੇਗਾ ਤੇ ਭੁੱਖ ਹੜਤਾਲ ਮਰਨ ਵਰਤ ਵਿੱਚ ਤਬਦੀਲ ਹੋ ਜਾਵੇਗੀ ਨਾਲ ਹੀ ਗੁਪਤ ਐਕਸ਼ਨ ਵੇਖਣ ਨੂੰ ਮਿਲਣਗੇ। ਜੇਕਰ ਕਿਸੇ ਵੀ ਤਰ੍ਹਾ ਦਾ ਕੋਈ ਜਾਨ ਮਾਨ ਦਾ ਨੁਕਸਾਨ ਹੁੰਦਾ ਹੈ, ਤਾਂ ਉਸਦਾ ਜਿੰਮੇਵਾਰ ਇਥੋਂ ਦਾ ਪ੍ਰਸ਼ਾਸ਼ਨ ਤੇ ਮੌਕੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੋਵੇਗੀ।

ਇਸ ਮੌਕੇ ਯੂਨੀਅਨ ਆਗੂ ਮਨਪ੍ਰੀਤ ਮਾਨਸਾ, ਹਰਜੀਤ ਬੁਡਲਾਡਾ, ਗੁਰਸੇਵ ਸੰਗਰੂਰ, ਗੁਰਸੰਗਤ ਬੁਢਲਾਡਾ ਗੁਰਜੀਵਨ ਮਾਨਸਾ, ਜਸਵਿੰਦਰ ਮਾਛੀਵਾੜਾ, ਵਰਿੰਦਰ ਸਰਹੰਦ, ਅੰਮ੍ਰਿਤਪਾਲ ਮੀਮਸਾ, ਪ ?ਿਥਵੀ ਅਬੋਹਰ, ਸੁਖਚੈਨ ਬੋਹਾ, ਸੁਖਜਿੰਦਰ ਸੰਗਰੂਰ, ਰਾਜਿੰਦਰ ਧੂਰੀ, ਕੁਲਦੀਪ ਅਬੋਹਰ, ਰਣਜੀਤ ਸੰਗਰੂਰ, ਸੁਖਜਿੰਦਰ ਜਲਾਲਾਬਾਦ, ਤਰਸੇਮ ਸੰਗਰੂਰ, ਓਮਪ੍ਰਕਾਸ਼ ਫਿਰੋਜ਼ਪੁਰ, ਜਗਪਾਲ ਡੱਬਵਾਲੀ, ਰਾਜਵਿੰਦਰ ਜਲਾਲਾਬਾਦ, ਕਿਰਨਦੀਪ ਨਾਭਾ, ਸ਼ੀਤਲ ਫਾਜ਼ਿਲਕਾ ਅਤੇ ਪੂਜਾ ਫਾਜ਼ਿਲਕਾ ਆਦਿ ਹਾਜ਼ਰ ਸਨ।

## ਵਾਹਨ ਚੋਰ ਗਿਰੋਹ ਦੇ 2 ਮੈਂਬਰ ਗ੍ਰਿਫ਼ਤਾਰ, ਪੁਲਿਸ ਨੇ 7 ਮੋਟਰਸਾਈਕਲ ਕੀਤੇ ਬਰਾਮਦ




**ਜ਼ੀਰਕਪੁਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਢਕੋਲੀ ਪੁਲਿਸ ਨੇ ਵਾਹਨ ਚੋਰੀ ਕਰਨ ਵਾਲੇ ਗਰੋਹ ਦੇ 2 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ ਜੋ ਆਪਸ ਵਿੱਚ ਮਾਮਾ-ਭਾਣਜਾ ਹਨ ਅਤੇ ਆਪਸ ਵਿੱਚ ਮਿਲ ਕੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ ਅਤੇ ਮੋਟਰਸਾਈਕਲ ਚੋਰੀ ਕਰਕੇ ਸਤੇਤੇ ਭਾਅ ਵੇਚਦੇ ਸਨ, ਇਨ੍ਹਾਂ ਦੇ ਨਿਸ਼ਾਨੇ ਤੇ ਜਿਆਦਾਤਰ ਰੋਇਲ ਇੰਨਫੀਲਡ ਬੁਲੇਟ ਮੋਟਰਸਾਈਕਲ ਹੁੰਦੇ ਹਨ। ਕਾਬੂ ਕੀਤੇ ਗਏ ਚੋਰਾਂ ਕੋਲੋਂ ਹੁਣ ਤੱਕ ਕੁੱਲ 7 ਮੋਟਰਸਾਈਕਲ (4 ਬੁਲੇਟ 3 ਸਪਲੈਂਡਰ ਮੋਟਰਸਾਈਕਲ ) ਬਰਾਮਦ ਕੀਤੇ ਜਾ ਚੁੱਕੇ ਹਨ। ਇਸ ਸਬੰਧੀ ਡੀਐੱਸਪੀ ਸਬ ਡਵੀਜਨ ਜ਼ੀਰਕਪੁਰ ਜਸਪਿੰਦਰ ਸਿੰਘ ਨੇ ਦੱਸਿਆ ਐਸਐਸਪੀ ਮੁਹਾਲੀ ਦੀਪਕ ਪਾਰੀਕ ਦੇ ਦਿਸਾ ਨਿਰਦੇਸਾ ਅਨੁਸਾਰ ਐਸਪੀ (ਦਿਹਾਤੀ) ਮਨਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਮਿਤੀ 29 ਅਗਸਤ ਨੂੰ ਐਸਐਚਓ ਥਾਨੇ ਢਕੋਲੀ ਇੰਸਪੈਕਟਰ ਗੁਰਮੇਹਰ ਸਿੰਘ ਵੱਲੋਂ ਗਠਿਤ ਕੀਤੀ ਗਈ ਪੁਲਿਸ ਪਾਰਟੀ ਨੇ ਵਹੀਕਲ ਚੋਰਾਂ ਖਿਲਾਫ ਵੱਡੀ ਸਫਲਤਾ ਹਾਸਲ ਕੀਤੀ ਹੈ। ਏ.ਐਸ.ਆਈ ਮੇਵਾ ਸਿੰਘ ਸਮੇਤ ਪੁਲਿਸ ਪਾਰਟੀ ਦੇ ਪੀਰਮੁਛੈਲਾ ਵਿਖੇ ਨੇੜੇ ਮਿਡ ਟਾਉਨ ਹੋਟਲ ਮੌਜੂਦ ਸੀ ਤਾਂ ਦੋਰਾਨੇ ਨਾਕਾਬੰਦੀ ਪੁਲਿਸ ਪਾਰਟੀ ਨੇ ਸਪਲੈਂਡਰ ਮੋਟਰਸਾਇਕਲ ਤੇ ਆਉਦੇ 02 ਨੌਜਵਾਨਾ ਨੂੰ ਸ਼ਕ ਦੇ ਆਧਾਰ ਤੇ ਰੋਕ ਪੁੱਛ ਪੜਤਾਲ ਕੀਤੀ। ਜਿਨ੍ਹਾਂ ਦੀ ਪਛਾਣ ਚਮਕੌਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਪਿੰਡ ਸਾਰਵਾਲਾ, ਥਾਣਾ ਸਦਰ ਜੀਰਾ ਜਿਲਾ ਫਿਰੋਜਪੁਰ ਅਤੇ ਹਰਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਅੰਸਲ ਥਾਣਾ ਪੱਟੀ ਮੋਡ ਜਿਲਾ ਤਰਨਤਾਰਨ ਹੋਈ ਜੋ ਚੋਰੀ ਦੇ ਮੋਟਰਸਾਇਕਲ ਤੇ ਸਵਾਰ ਸ਼ਨ ਜੋ ਰਿਸ਼ਤੇ ਵਿੱਚ ਮਾਮਾ ਭਾਣਜਾ ਹਨ। ਤਫਤੀਸ ਦੌਰਾਨ ਦੋਸ਼ੀਆਨ ਕੋਲੋਂ 6 ਹੋਰ ਮੋਟਰਸਾਇਕਲ ਬ੍ਰਾਮਦ ਕੀਤੇ ਗਏ ਹਨ। ਜਿਹਨਾ ਵਿੱਚ 4 ਰੋਇਲ ਇੰਨਫੀਲਡ ਕਲਾਸਿਕ 350 ਅਤੇ 1 ਹੀਰੋ ਸਪਲੰਡਰ ਪਰੋ, 1 ਹੀਰੋ ਡੀਲਕਸ ਹਨ। ਕਥਿੱਤ ਦੋਸ਼ੀ ਚਮਕੌਰ ਸਿੰਘ ਅਤੇ ਹਰਪ੍ਰੀਤ ਸਿੰਘ ਵੱਲੋ ਉਕਤ ਮੋਟਰਸਾਈਕਲ ਜ਼ੀਰਕਪੁਰ, ਢਕੋਲੀ ਅਤੇ ਪੰਚਕੂਲਾ ਖ਼ੇਤਰ ਵਿੱਚੋ ਚੋਰੀ ਕੀਤੇ ਗਏ ਹਨ। ਚਮਕੋਰ ਸਿੰਘ ਖਿਲਾਫ ਪਹਿਲਾ ਵੀ ਚੋਰੀ ਦੇ 3 ਮੁਕੱਦਮੇ ਦਰਜ ਹਨ। ਜਿਨ੍ਹਾਂ ਵਿੱਚ ਫਿਰੋਜਪੁਰ ਅਤੇ ਬੁੜੈਲ ਜੇਲ ਚੰਡੀਗੜ ਵਿਖੇ ਬੰਦ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੁਲਾਜਮਾਂ ਦਾ 4 ਦਿਨ ਦਾ ਰਿਮਾਂਡ ਹਾਸਲ ਕਰ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

## ਪੰਜਾਬ ਦੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਪੀ.ਐਸ.ਡੀ.ਐਮ. ਵੱਲੋਂ ਰੈਨਾ ਐਜੂਕੇਸ਼ਨ ਫਾਊਂਡੇਸ਼ਨ ਨਾਲ ਸਮਝੌਤਾ ਸਹੀਬੱਧ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-:**

ਰੋਜ਼ਗਾਰ ਦੇ ਬਦਲਦੇ ਰੁਝਾਨਾਂ ਮੁਤਾਬਕ ਪੰਜਾਬ ਦੇ ਨੌਜਵਾਨਾਂ ਦੀ ਯੋਗਤਾ ਅਤੇ ਉੱਦਮੀ ਹੁਨਰ ਨੂੰ ਹੋਰ ਹੁਲਾਰਾ ਦੇਣ ਵਾਸਤੇ ਅੱਜ ਪੰਜਾਬ ਹੁਨਰ ਵਿਕਾਸ ਮਿਸ਼ਨ (ਪੀ.ਐਸ.ਡੀ.ਐਮ) ਨੇ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਦੀ ਮੌਜੂਦਗੀ ਵਿੱਚ ਰੈਨਾ ਐਜੂਕੇਸ਼ਨ ਫਾਊਂਡੇਸ਼ਨ ਨਾਲ ਸਮਝੌਤਾ ਸਹੀਬੱਧ ਕੀਤਾ ਹੈ। ਇਸ ਸਮਝੌਤੇ ’ਤੇ ਪੀ.ਐਸ.ਡੀ.ਐਮ. ਦੇ ਮਿਸ਼ਨ ਡਾਇਰੈਕਟਰ ਮਿਸ ਅੰਮ੍ਰਿਤ ਸਿੰਘ (ਆਈ.ਏ.ਐਸ.) ਅਤੇ ਤਾਲੇਰੰਗ ਦੀ ਸਹਿਯੋਗੀ ਸੰਸਥਾ ਰੈਨਾ ਐਜੂਕੇਸ਼ਨ ਫਾਊਂਡੇਸ਼ਨ ਦੀ ਮੁਖੀ ਸ਼ਵੇਤਾ ਰੈਨਾ ਨੇ ਹਸਤਾਖ਼ਰ ਕੀਤੇ। ਇਸ ਭਾਈਵਾਲੀ ਦਾ ਉਦੇਸ਼ ਰੋਜ਼ਗਾਰ ਸਬੰਧੀ ਸਿਖਲਾਈ, ਹੁਨਰ ਵਿਕਾਸ, ਇੰਟਰਨਸ਼ਿਪਸ ਅਤੇ ਨੌਕਰੀ ਦੀ ਪੇਸ਼ਕਸ਼ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣਾ ਹੈ।

ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਸਮੱਰਥ ਬਣਾਉਣ ਦੇ ਆਪਣੇ ਉਦੇਸ਼ ਵੱਲ ਅੱਗੇ ਵਧਣ ਲਈ ਸਮੁੱਚੇ ਵਿਭਾਗ ਦੀ ਸ਼ਲਾਘਾ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਭਾਈਵਾਲੀ ਪੰਜਾਬ ਵਿੱਚ ਹੁਨਰਮੰਦ ਅਤੇ ਰੋਜ਼ਗਾਰ ਯੋਗਤਾ ਵੱਲ ਅਹਿਮ ਕਦਮ ਨੂੰ ਦਰਸਾਉਂਦੀ ਹੈ, ਜੋ ਟਿਕਾਊ ਰੋਜ਼ਗਾਰ ਸੰਭਾਵਨਾਵਾਂ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਤ ਕਰਨ ਦੇ ਵੱਡੇ ਟੀਚੇ ਦੀ ਤਰਜ਼ ’ਤੇ ਹੈ। ਉਨ੍ਹਾਂ ਕਿਹਾ ਕਿ ਵਿਭਾਗ ਸੂਬੇ ਦੇ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਨ ਅਤੇ ਉਨ੍ਹਾਂ ਨੂੰ ਭਵਿੱਖੀ ਰੋਜ਼ਗਾਰ ਲਈ ਤਿਆਰ ਕਰਨ ਵਾਸਤੇ ਸਰਗਰਮੀ ਨਾਲ ਕੰਮ ਕਰ ਰਿਹਾ ਹੈ।



ਇਸ ਭਾਈਵਾਲੀ ਬਾਰੇ ਵਿਸਥਾਰ ਵਿੱਚ ਦੱਸਦਿਆਂ ਮਿਸ਼ਨ ਡਾਇਰੈਕਟਰ ਮਿਸ ਅੰਮ੍ਰਿਤ ਸਿੰਘ ਨੇ ਦੱਸਿਆ ਕਿ ਇਸ ਪਹਿਲਕਦਮੀ ਨੂੰ ਆਨਲਾਈਨ ਅਤੇ ਆਫ਼ਲਾਈਨ ਢੰਗ ਨਾਲ ਇੱਕ ਹਾਈਬ੍ਰਿਡ ਮਾਡਲ ਰਾਹੀਂ ਲਾਗੂ ਕੀਤਾ ਜਾਵੇਗਾ, ਜਿਸ ਵਿੱਚ ਹਿੱਸਾ ਲੈਣ ਵਾਲਿਆਂ ਲਈ ਕੋਈ ਫ਼ੀਸ ਨਹੀਂ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸ਼ੁਰੂਆਤੀ ਤੌਰ ‘ਤੇ 10,000 ਯੋਗ ਉਮੀਦਵਾਰਾਂ ਦੇ ਸਮੂਹ ਵਿੱਚੋਂ ਸਿਖਰਲੇ 1,000 ਉਮੀਦਵਾਰਾਂ ਦੀ ਚੋਣ ਸਮੂਹ ਦੇ ਸਲਾਹਕਾਰ ਅਤੇ ਸਿਖਲਾਈਕਰਤਾ ਵਜੋਂ ਕੀਤੀ ਜਾਵੇਗੀ। ਇਨ੍ਹਾਂ ਵਿੱਚੋਂ ਸਿਖਰਲੇ 500 ਉਮੀਦਵਾਰ ਇੱਕ ਆਨਲਾਈਨ ਪਲੇਟਫਾਰਮ ਅਤੇ ਮੁਲਾਂਕਣ ਸਾਧਨਾਂ ਤੱਕ ਪਹੁੰਚ ਕਰ ਸਕਣਗੇ, ਜਿਸ ਵਿੱਚੋਂ ਸਿਖਰਲੇ 100 ਉਮੀਦਵਾਰ ਇੰਟਰਨਸ਼ਿਪ ਅਤੇ ਪਲੇਸਮੈਂਟ ਲਈ ਚੁਣੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਪ੍ਰਾਜੈਕਟ ਦਾ ਉਦੇਸ਼ ਉਨ੍ਹਾਂ ਦੇ ਚੁਣੇ ਹੋਏ ਹੁਨਰ ਖੇਤਰਾਂ ਵਿੱਚ ਵਿਹਾਰਕ ਅਨੁਭਵ ਲਈ ਮਾਈਕਰੋ-ਇੰਟਰਨਸ਼ਿਪ ਪ੍ਰਦਾਨ ਕਰਨਾ, ਵਿਅਕਤੀਗਤ ਸਲਾਹ ਦੇਣਾ ਜਿਵੇਂ ਵਨ-ਟੂ-ਵਨ ਮੌਕ ਇੰਟਰਵਿਊ ਤੇ ਫੀਡਬੈਕ ਅਤੇ ਐਪ ਜ਼ਰੀਏ ਨਿਰੰਤਰ ਸਹਾਇਤਾ ਪ੍ਰਦਾਨ ਕਰਨਾ ਹੈ।

ਪੀ.ਐਸ.ਡੀ.ਐਮ. ਅਤੇ ਰੈਨਾ ਐਜੂਕੇਸ਼ਨ ਫਾਊਂਡੇਸ਼ਨ ਦਰਮਿਆਨ ਭਾਈਵਾਲੀ ਬਾਰੇ ਹੋਰ ਜਾਣਕਾਰੀ ਦਿੰਦਿਆਂ ਮਿਸ ਅੰਮ੍ਰਿਤ ਸਿੰਘ ਨੇ ਕਿਹਾ ਕਿ ਇਹ ਸਾਂਝਾ ਯਤਨ ਉਮੀਦਵਾਰਾਂ ਨੂੰ ਗਤੀਸ਼ੀਲ ਨੌਕਰੀ ਲਈ ਤਿਆਰ ਕਰਨ ਵਾਸਤੇ ਫਾਊਂਡੇਸ਼ਨ ਦੀ ਮੁਹਾਰਤ ਦੀ ਵਰਤੋਂ ਕਰਦਿਆਂ ਮੁਲਾਂਕਣ ਅਤੇ ਸਿਖਲਾਈ ਵਿੱਚ ਅਹਿਮ ਭੂਮਿਕਾ ਨਿਭਾਏਗਾ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਪੰਜਾਬ ਦੇ ਨੌਜਵਾਨਾਂ ਦੀ ਰੋਜ਼ਗਾਰ ਯੋਗਤਾ ਅਤੇ ਉੱਦਮੀ ਹੁਨਰ ਨੂੰ ਹੁਲਾਰਾ ਦੇਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਨੌਜਵਾਨ ਉਦਯੋਗ ਦੀਆਂ ਲੋੜਾਂ ਮੁਤਾਬਕ ਹੁਨਰਮੰਦ ਬਣ ਸਕਣ ਅਤੇ ਮੌਕਿਆਂ ਦਾ ਪੂਰਾ ਲਾਭ ਲੈ ਸਕਣ।

## ਬੇਬੇ ਨਾਨਕੀ ਸਮਾਜ ਸੇਵਾ ਸੁਸਾਇਟੀ ਵੱਲੋਂ ਚਾਰ ਲੋੜਵੰਦ ਧੀਆਂ ਦੇ ਆਨੰਦ ਕਾਰਜ ਕਰਵਾਏ ਗਏ



**ਮਾਛੀਵਾੜਾ ਸਾਹਿਬ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜਾਂ ’ਚ ਆਪਣਾ ਵੱਡਾ ਯੋਗਦਾਨ ਪਾਉਣ ਅਤੇ ਹਰ ਸਾਲ ਗਰੀਬ ਧੀਆਂ ਦੇ ਵਿਆਹ ਕਰਵਾਉਣ ਵਾਲੀ ਸੰਸਥਾ ਬੇਬੇ ਨਾਨਕੀ ਸਮਾਜ ਸੇਵਾ ਸੁਸਾਇਟੀ ਵੱਲੋਂ ਅੱਜ ਪਿੰਡ ਈਸਾਪੁਰ ਵਿਖੇ ਚਾਰ ਗਰੀਬ ਲੋੜਵੰਦ ਧੀਆਂ ਦੇ ਵਿਆਹ ਕਰਵਾਏ ਗਏ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਬਾਬਾ ਬੂਟਾ ਸਿੰਘ ਨੇ ਦੱਸਿਆ ਕਿ ਤਿੰਨ ਧੀਆਂ ਲੁਧਿਆਣਾ ਜ਼ਿਲ੍ਹੇ ਨਾਲ ਸੰਬੰਧਿਤ ਵੱਖ-ਵੱਖ ਪਿੰਡਾਂ ਤੋਂ ਸਨ ਅਤੇ ਇੱਕ ਧੀ ਦੇ ਪਰਿਵਾਰਕ ਮੈਂਬਰ ਨਵਾਂ ਸ਼ਹਿਰ ਜ਼ਿਲ੍ਹੇ ਨਾਲ ਸੰਬੰਧਿਤ ਸਨ। ਉਨ੍ਹਾਂ ਦੱਸਿਆ ਕਿ ਵਿਆਹ ਦੇ ਰੀਤੀ ਰਿਵਾਜ ਅਨੁਸਾਰ ਚਾਰੇ ਧੀਆਂ ਦੀਆਂ ਬਰਾਤਾਂ ਵੱਖੋ-ਵੱਖ ਇਲਾਕਿਆਂ ਤੋਂ ਆਪਣੇ ਪਰਿਵਾਰਿਕ ਮੈਂਬਰਾਂ ਅਤੇ ਸੱਜਣ ਸਨੇਹੀਆਂ ਸਮੇਤ ਇੱਥੇ ਪੁੱਜੀਆਂ, ਅਤੇ ਵਿਆਹ ਦੀ ਪਰੰਪਰਾ ਨੂੰ ਮੁੱਖ ਰੱਖਦਿਆਂ ਸਾਡੀ ਸੁਸਾਇਟੀ ਵੱਲੋਂ ਵਿਸ਼ੇਸ਼ ਪ੍ਰਕਾਰ ਦੇ ਲੰਗਰ ਤਿਆਰ ਕੀਤੇ ਗਏ। ਇਸ ਦੌਰਾਨ ਜੁੱਗੋ ਜੁਗ ਅਟੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ’ਚ ਸਿੱਖ ਰੀਤੀ ਰਿਵਾਜਾਂ ਅਨੁਸਾਰ ਚਾਰੇ ਧੀਆਂ ਦੇ ਵਿਆਹ ਸੰਪੂਰਨ ਹੋਏ। ਬਾਬਾ ਬੂਟਾ ਸਿੰਘ ਨੇ ਦੱਸਿਆ ਕਿ ਸਾਡੇ ਵੱਲੋਂ ਧੀਆਂ ਨੂੰ ਡਬਲ ਬੈੱਡ, ਸੋਫਾ ਸੈੱਟ, ਪੇਟੀ, ਅਲਮਾਰੀ ਅਤੇ ਬਿਸਤਰੇ ਤੇ ਭਾਂਡੇ ਵੀ ਦਿੱਤੇ ਗਏ।

ਇਸ ਮੌਕੇ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੋਸਾਇਟੀ (ਐੱਨ.ਜੀ.ਓ.) ਵੱਲੋਂ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ ਜਿੱਥੇ ਕਿ ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ ਇਸ ਮੌਕੇ ਐੱਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਇਹੋ ਜਿਹੇ ਕਾਰਜਾਂ ਉੱਤੇ ਜਰੂਰ ਖ਼ੂਨ ਦਾਨ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਡੇ ਦੁਆਰਾ ਦਿੱਤਾ ਹੋਏ ਖ਼ੂਨ ਨਾਲ ਕਿਸੇ ਦੀ ਜਾਨ ਬਚਦੀ ਹੈ। ਇਸ ਮੌਕੇ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਮਾਛੀਵਾੜਾ ਸੋਸ਼ਲ ਵੈਲਫੇਅਰ ਸੋਸਾਇਟੀ (ਐੱਨ.ਜੀ.ਓ.) ਦੁਆਰਾ ਬਹੁਤ ਵਧੀਆ ਕਾਰਜ ਕੀਤਾ ਜਾ ਰਿਹਾ ਹੈ ਜੋ ਉਹ ਲੋੜਵੰਦਾਂ ਨੂੰ ਖ਼ੂਨ ਮੁਹਈਆ ਕਰਵਾਉਂਦੇ ਹਨ।

## ਕੈਬਨਿਟ ਮੰਤਰੀ ਜਿੰਪਾ ਨੇ ਨਿਊ ਗੌਤਮ ਨਗਰ ਪਾਰਕ ’ਚ ਵਾਟਰ ਕੂਲਰ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਗੌਤਮ ਨਗਰ ਪਾਰਕ ਵਿਖੇ ਟਰਾਂਸਪੋਰਟਰ ਰਾਕੇਸ਼ ਸੇਠੀ ਵਲੋਂ ਲਗਾਏ ਗਏ ਵਾਟਰ ਕੂਲਰ ਦਾ ਰਸਮੀ ਉਦਘਾਟਨ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਕਰ-ਕਮਲਾਂ ਨਾਲ ਕੀਤਾ। ਇਸ ਮੌਕੇ ਨੇਤਾ ਸੁਮੇਸ਼ ਸੋਨੀ ਨੇ ਜਾਣਕਾਰੀ ਦਿੱਤੀ ਕਿ ਸ਼੍ਰੀ ਸੇਠੀ ਨੇ ਪਾਰਕ ਵਿਚ ਵਾਟਰ ਕੂਲਰ ਲਗਾਉਣ ਦੀ ਇੱਛਾ ਪ੍ਰਗਟਾਈ ਸੀ। ਉਨ੍ਹਾਂ ਦੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਨਿਊ ਗੌਤਮ ਨਗਰ ਪਾਰਕ ਵਿਚ ਬਿਜਲੀ ਦਾ ਮੀਟਰ ਲਗਵਾ ਕੇ ਵਾਟਰ ਕੂਲਰ ਨੂੰ ਚਾਲੂ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਇਸ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਪਹਿਲ ਤਹਿਤ ਪਾਰਕ ਵਿਚ ਹੁਣ ਲੋਕਾਂ ਨੂੰ ਠੰਡੇ ਪਾਣੀ ਦੀ ਸੁਵਿਧਾ ਉਪਲਬੱਧ ਹੋਵੇਗੀ, ਜੋ ਸਥਾਨਿਕ ਨਿਵਾਸੀਆਂ ਲਈ ਇਕ ਵੱਡੀ ਰਾਹਤ ਸਾਬਤ ਹੋਵੇਗੀ। ਉਨ੍ਹਾਂ ਇਸ ਮੌਕੇ ਰਾਕੇਸ਼ ਸੇਠੀ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾ ਦੇ ਉਪਰਾਲੇ ਨਾਲ ਸਮਾਜ ਵਿਚ ਸਕਾਰਾਤਮਕ ਬਦਲਆ ਆ ਰਹੇ ਹਨ ਅਤੇ ਸਥਾਨਿਕ ਲੋਕਾਂ ਨੂੰ ਬੇਹਤਰ ਸੁਵਿਧਾਵਾਂ ਮਿਲ ਰਹੀਆਂ ਹਨ। ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਰਾਕੇਸ਼ ਸੇਠੀ ਦੇ ਇਸ ਉਪਰਾਲੇ ਨੇ ਸਾਬਤ ਕਰ ਦਿੱਤਾ ਹੈ ਕਿ ਸਾਂਝੇ ਸਹਿਯੋਗ ਅਤੇ ਲੋਕਹਿਤ ਦੀ ਸੋਚ ਨਾਲ ਹੀ ਸਮਾਜ ਵਿਚ ਬਦਲਾਅ ਸੰਭਵ ਹੈ। ਉਨ੍ਹਾਂ ਸਾਰੇ ਮੌਜੂਦ ਲੋਕਾਂ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਲੋਕਹਿਤਕਾਰੀ ਕਾਰਜ ਹੁੰਦੇ ਰਹਿਣਗੇ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਕ ਦੇ ਵਿਕਾਸ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਵਰਿੰਦਰ ਦੱਤ ਵੈਦ, ਤੇਜਿੰਦਰ ਓਹਰੀ, ਕੌਸ਼ਲ ਖੁੱਲਰ, ਵਿਨੋਦ ਪਸਾਨ, ਕੁਲਦੀਪ ਸਿੰਘ, ਸੰਜੀਵ ਓਹਰੀ, ਰਾਕੇਸ਼ ਸੂਦ, ਸੁਨੀਲ ਕਪੂਰ, ਅਜੇ ਕਪੂਰ, ਸ਼ਗੁਨ ਮੁਰਗਈ, ਸੰਜੀਵ ਠਾਕੁਰ ਅਤੇ ਜਸਵੰਤ ਸਿੰਘ ਵੀ ਮੌਜੂਦ ਸਨ।



# ਨਗਰ ਕੌਂਸਲ ਜ਼ੀਰਕਪੁਰ ਦੇ ਕਾਰਜਸਾਧਕ ਅਫ਼ਸਰ ਨੇ ਇੰਫੋਰਸਮੈਂਟ ਟੀਮ ਨੂੰ ਦਿੱਤੀਆਂ ਵਰਦੀਆਂ ਪਰ ਸ਼ਹਿਰ ਨਹੀਂ ਹੋ ਸਕਿਆ ਕਬਜ਼ਿਆਂ ਤੋਂ ਮੁਕਤ



**ਜ਼ੀਰਕਪੁਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਜ਼ੀਰਕਪੁਰ ਦੇ ਕਾਰਜਸਾਧਕ ਅਫਸਰ ਅਸ਼ੋਕ ਪਥਰੀਆ ਨੇ ਸ਼ੁੱਕਰਵਾਰ ਨੂੰ ਸ਼ਹਿਰ ਵਿੱਚ ਕਬਜ਼ੇ ਹਟਾਉਣ ਲਈ ਇੰਫੋਰਸਮੈਂਟ ਟੀਮ ਦੇ ਇੰਚਾਰਜ ਨੂੰ ਵਰਦੀਆਂ ਦਿੱਤੀਆਂ। ਹਾਲਾਂਕਿ, ਹੁਣ ਤੱਕ ਹਰ ਤਰੀਕੇ ਲੋੜੀਂਦੇ ਸਾਜ਼ੋ-ਸਾਮਾਨ ਹੋਣ ਦੇ ਬਾਵਜੂਦ, ਇਨਫੋਰਸਮੈਂਟ ਟੀਮ ਸ਼ਹਿਰ ਦੀਆਂ ਸੜਕਾਂ ਨੂੰ ਕਬਜ਼ਿਆਂ ਤੋਂ ਮੁਕਤ ਕਰਨ ਵਿੱਚ ਅਸਮਰੱਥ ਰਹੀ ਹੈ, ਜਦਕਿ ਸ਼ਹਿਰ ਦੀਆਂ ਸੜਕਾਂ ਤੇ ਕਿਤੇ ਗਏ ਕਬਜ਼ੇ ਲਗਾਤਾਰ ਟਰੈਫਿਕ ਸਮੱਸਿਆ ਦਾ ਕਾਰਨ ਬਣਦੇ ਆ ਰਹੇ ਹਨ। ਇਸ ਤੋਂ ਇਲਾਵਾ ਕਬਜ਼ੇ ਹਟਾਉਣ ਵਾਲੀ ਇੰਕਰੋਚਮੈਂਟ ਟੀਮ, ਜੋ ਕਿ ਪਿਛਲੇ ਕਈ ਸਾਲਾਂ ਤੋਂ ਚੱਲ ਰਹੀ ਹੈ ਵਿੱਚ ਕੋਈ ਰੋਟੇਸ਼ਨਲ ਬਦਲਾਵ ਨਹੀਂ ਕੀਤਾ ਗਿਆ ਹੈ।

ਇਸ ਨਾਲ ਨਵੇਂ ਦ੍ਰਿਸ਼ਟੀਕੋਣਾਂ ਅਤੇ ਰਣਨੀਤੀਆਂ ਦੀ ਘਾਟ ਹੋ ਗਈ ਹੈ, ਨਤੀਜੇ ਵਜੋਂ ਟੀਮ ਕਬਜ਼ੇ ਅਤੇ ਗੈਰ-ਕਾਨੂੰਨੀ ਵਿਕਾਸ ਦੇ ਮੁੱਦੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਿੱਚ ਅਸਮਰੱਥ ਹੈ। ਟੀਮ ਵੱਲੋਂ ਗੋਗਲੂਆ ਤੋਂ ਮਿੱਟੀ ਝਾੜਨ ਵਾਲੀ ਕੀਤੀ ਜਾਂਦੀ ਕਾਰਵਾਈ ਕਾਰਨ ਨਾਜਾਇਜ਼ ਉਸਾਰੀਆਂ ਅਤੇ ਕਬਜ਼ਿਆਂ ਦੀ ਸਮੱਸਿਆ ਵੱਧ ਗਈ ਹੈ ਜਿਸ ਨਾਲ ਸ਼ਹਿਰ ਵਾਸੀਆਂ ਨੂੰ ਅਸੁਵਿਧਾ ਹੋ ਰਹੀ ਹੈ ਅਤੇ ਸ਼ਹਿਰ ਦੇ ਵਿਕਾਸ ਵਿੱਚ ਅੜਿੱਕਾ ਪੈ ਰਿਹਾ ਹੈ। ਹਾਲਾਂਕਿ ਨਗਰ ਕੌਂਸਲ ਜ਼ੀਰਕਪੁਰ ਦੇ ਅਧਿਕਾਰੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ ਅਤੇ ਸਮੱਸਿਆ ਦਾ ਹੱਲ ਕੱਢਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਇਸ ਸੰਬਧੀ ਜ਼ੀਰਕਪੁਰ ਨਗਰ ਕੌਂਸਲ ਦੇ ਕਾਰਜਕਾਰੀ ਅਧਿਕਾਰੀ ਅਸ਼ੋਕ ਪਥਰੀਆ ਨੇ ਕਿਹਾ ਕਿ ਨਗਰ ਕੌਂਸਲ ਵੱਲੋਂ ਕਬਜ਼ੇ ਹਟਾਉਣ ਵਾਲੀ ਇੰਕਰੋਚਮੈਂਟ ਟੀਮ ਦੀ ਕਾਰਜਪ੍ਰਣਾਲੀ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਨ੍ਹਾਂ ਦੀ ਪ੍ਰਭਾਵਸ਼ੀਲਤਾ ਨੂੰ ਸੁਧਾਰਨ ਲਈ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਵਸਨੀਕਾਂ ਤੋਂ ਖੇਤਰ ਵਿੱਚ ਕਿਸੇ ਵੀ ਗੈਰ-ਕਾਨੂੰਨੀ ਵਿਕਾਸ ਜਾਂ ਕਬਜ਼ੇ ਦੀ ਸੂਚਨਾ ਦੇਣ ਲਈ ਸਹਿਯੋਗ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ।ਸਾਰੀਆਂ ਦੇ ਸਹਿਯੋਗ ਨਾਲ ਹੀ ਜ਼ੀਰਕਪੁਰ ਨੂੰ ਇੱਕ ਸਾਫ਼-ਸੁਥਰਾ ਅਤੇ ਵਧੀਆ ਵਿਕਸਤ ਸ਼ਹਿਰ ਬਣਾ ਸਕਦੇ ਹਾਂ।

# ਸੁਸਾਇਟੀਆਂ ਨੇ ਰੁੱਖਾਂ ਦੀ ਸਾਂਭ-ਸੰਭਾਲ ਦਾ ਲਿਆ ਪ੍ਰਣ



**ਜਲੰਧਰ, 5 ਸਤੰਬਰ,**
**-ਕੌਮੀ ਪੱਤ੍ਰਿਕਾ ਬਿਊਰੋ-**

ਰੁੱਖ ਲਗਾਉਣ ਦੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਅੱਜ ਜਲੰਧਰ ਸਾਹਿਤ ਮੰਚ, ਸਹਿਯੋਗ ਸੰਗਠਨ ਅਤੇ ਜਗਦਾ ਪੰਜਾਬ ਐਨਜੀਓ ਨੇ ਮਾਸਟਰ ਤਾਰਾ ਸਿੰਘ ਨਗਰ ਵੈਲਫੇਅਰ ਸੁਸਾਇਟੀ ਜਲੰਧਰ ਦੇ ਮੈਂਬਰਾਂ ਨਾਲ ਮਿਲ ਕੇ ਮਾਸਟਰ ਤਾਰਾ ਸਿੰਘ ਨਗਰ ਜਲੰਧਰ ਦੇ ਪਾਰਕ ਵਿੱਚ ਬੂਟੇ ਲਗਾਏ। ਬੂਟੇ ਲਗਾਉਣ ਦੀ ਸ਼ੁਰੂਆਤ ਸਾਹਿਤਕ ਮੰਚ ਦੇ ਕਨਵੀਨਰ ਨਵਜੋਤ ਸਿੰਘ ਅਤੇ ਜਗਦਾ ਪੰਜਾਬ ਦੇ ਸੀਨੀਅਰ ਪੱਤਰਕਾਰ ਰਾਕੇਸ਼ ਸ਼ਾਂਦਿਤ ਨੇ ਗੁਰੂ ਨਾਨਕ ਸਾਹਿਬ ਜੀ ਦੇ ਫਲਸਫੇ ਅਤੇ ਵਾਤਾਵਰਣ ਬਾਰੇ ਜਾਣਕਾਰੀ ਦੇ ਕੇ ਕੀਤੀ। ਕਿਹਾ ਇੱਕ ਸੰਪੂਰਨ ਜੀਵਨ ਚੱਕਰ ਜੀਉਣ ਲਈ ਵਾਤਾਵਰਣ ਸਾਨੂੰ ਬਹੁਤ ਸਾਰੀਆਂ ਅਤੇ ਸਿਹਤਮੰਦ ਕੁਦਰਤੀ ਚੀਜ਼ਾਂ ਪ੍ਰਦਾਨ ਕਰਦਾ ਹੈ, ਪਰ ਕਿਤੇ ਕਿਤੇ ਮਨੁੱਖਾਂ ਦੀਆਂ ਗਤੀਵਿਧੀਆਂ ਨਾਲ ਵਾਤਾਵਰਣ ਪ੍ਰਭਾਵਿਤ ਹੋ ਰਿਹਾ ਹੈ. ਸਾਨੂੰ ਇਸ ਵਿਸ਼ੇ ਤੇ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਇਹ ਬਹੁਤ ਮਹੱਤਵਪੂਰਣ ਅਤੇ ਸੰਵੇਦਨਸ਼ੀਲ ਹੈ. ਵਧੇਰੇ ਵਿਚਾਰ-ਵਟਾਂਦਰੇ ਸਾਡੇ ਵਾਤਾਵਰਣ ਨੂੰ ਬਚਾਉਣ ਲਈ ਮਨੁੱਖਾਂ ਵਿੱਚ ਵਧੇਰੇ ਜਾਗਰੂਕਤਾ ਪੈਦਾ ਕਰਨਗੀਆਂ।

ਇਸ ਮੌਕੇ ਸੋਸਾਇਟੀ ਦੇ ਅਹੁਦੇਦਾਰ ਅਤੇ ਹੋਰ ਇਲਾਕਾ ਨਿਵਾਸੀ ਹਾਜ਼ਰ ਸਨ ਅਤੇ ਨਵੇਂ ਲਗਾਏ ਬੂਟਿਆਂ ਦੀ ਸੰਭਾਲ ਕਰਨ ਦਾ ਪ੍ਰਣ ਲਿਆ।

ਇਸ ਪ੍ਰੋਗਰਾਮ ਵਿਚ ਸ੍ਰੀ ਚੰਦਰ ਮੋਹਨ ਕਾਲੀਆ ਕੈਸ਼ੀਅਰ, ਜਤਿੰਦਰ ਸਿੰਘ ਜੱਗਾ ਮੀਤ ਪ੍ਰਧਾਨ, ਅਨਿਲ ਸਚਦੇਵਾ, ਸ੍ਰੀ ਸੁਨੀਲ ਸਚਦੇਵਾ, ਸ. ਵਿਨੋਦ, ਸ਼ਕੇਸ਼ ਸ਼ੰਡੀਸ਼ੂਤ, ਐਡਵੋਕੇਟ ਨਵਜੋਤ ਸਿੰਘ, ਅਜੇ ਟੰਡਨ, ਐਡਵੋਕੇਟ ਜੇ.ਪੀ.ਸਿੰਘ, ਵਿਨੀਤ ਓਬਰਾਏ, ਸੁਰਜੀਤ ਸਿੰਘ, ਪਰਵੀਨ ਚੋਪੜਾ ਅਤੇ ਮੰਚ ਦੇ ਹੋਰ ਮੈਂਬਰ ਅਤੇ ਹੋਰ ਸੁਸਾਇਟੀਆਂ ਦੇ ਮੈਂਬਰ ਹਾਜ਼ਰ ਸਨ।

# ਵਿਸ਼ਾਲ ਧਰਮ ਸੰਮੇਲਨ ਚ ਸ਼ਾਮਿਲ ਹੋਏ ਭਾਰੀ ਗਿਣਤੀ ਚ ਲੋਕ




**ਬਰਨਾਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਂ ਸ਼ਕਤੀਕਲਾ ਮੰਦਿਰ ਬਰਨਾਲਾ ਵਿਖੇ ਵਿਸ਼ਵ ਹਿੰਦੂ ਪ੍ਰੀਸ਼ਦ ਬਜਰੰਗ ਦਲ ਜ਼ਿਲ੍ਹਾ ਬਰਨਾਲਾ ਵੱਲੋਂ ਵਿਸ਼ਾਲ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਸਮੂਹਿਕ ਹਨੂੰਮਾਨ ਚਾਲੀਸਾ ਦੇ ਪਾਠ ਨਾਲ ਹੋਈ ਅਤੇ ਵੰਦੇ ਮਾਤਰਮ ਨਾਲ ਸਮਾਪਤ ਹੋਈ, ਜਿਸ ਦਾ ਮੁੱਖ ਮੰਤਵ ਹਿੰਦੂਆਂ ਤੇ ਹੋ ਰਹੇ ਹਮਲਿਆਂ ਨੂੰ ਉਜਾਗਰ ਕਰਨਾ ਸੀ। ਬੰਗਲਾਦੇਸ਼ ਚ ਹਿੰਦੂਆਂ ਤੇ ਹੋ ਰਹੇ ਅੱਤਿਆਚਾਰ ਅਤੇ ਮਾਵਾਂਭੈਣਾਂ ਨਾਲ ਹੁੰਦੇ ਬਲਾਤਕਾਰ, ਪੰਜਾਬ ਵਿੱਚ ਹੋ ਰਹੇ ਹਿੰਦੂ ਮੰਦਰਾਂ ਦੀ ਬੇਅਦਬੀ, ਲਵ ਜੇਹਾਦ, ਧਰਮ ਪਰਿਵਰਤਨ ਆਦਿ ਦੇ ਵਿਰੋਧ ਵਿੱਚ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਵਿਸ਼ਾਲ ਧਰਮ ਸੰਮੇਲਨ ਕੀਤਾ ਗਿਆ, ਜਿਸ ਵਿੱਚ ਧਰਮ ਜਾਗਰਣ ਮੰਚ ਦੇ ਮੁਖੀ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੂਬਾ ਕਾਰਜਕਾਰੀਪ੍ਰਧਾਨ ਰਾਮ ਗੋਪਾਲ , ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੂਬਾ ਸਹਿਮੰਤਰੀ ਵਿਜੇ ਛਾਬੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸ਼ਿਵਮੱਠ ਦੇ ਸਵਾਮੀ ਰਾਮਸ਼ਰਨ ਦਾਸ ਸਮੇਤ ਕਈ ਸਾਧੂਸੰਤਾਂ ਨੇ ਵੀ ਆਸ਼ੀਰਵਾਦ ਦਿੱਤਾ। ਮੋੜਾਂ ਵਾਲੀ ਕੁਟੀਆ ਦੇ ਸੰਚਾਲਕ ਸਹਿਜ ਪ੍ਰਕਾਸ਼, ਅਚਾਰੀਆ ਸ੍ਰੀਨਿਵਾਸ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪੂਰਵ ਪ੍ਰਧਾਨ ਸਾਧਵੀ ਸਰਿਸਕਾ, ਵਾਲਮੀਕਿ ਸਮਾਜ ਦੇ ਸੰਤ ਅਨਿਲ ਹਮਦਰਦ ਅਤੇ ਬਰਨਾਲਾ ਦੇ ਸੈਂਕੜੇ ਸਨਾਤਨੀ ਭਰਾਵਾਂ ਨੇ ਲਗਭਗ 1100 ਦੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਿਭਾਗ ਦੀ ਸਹਿ ਸਕੱਤਰ ਨੀਲਮਣੀ ਸਮਾਧੀਆ ਨੇ ਦੱਸਿਆ ਕਿ ਇਸ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ 60 ਸਾਲ ਪੂਰੇ ਹੋਣ ਤੇ ਇਕ ਵਿਸ਼ਾਲ ਧਾਰਮ ਇਕਸੰਮੇਲਨ ਕਰਵਾਇਆ ਗਿਆ।

ਇਸ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜਿਲ੍ਹਾ ਪ੍ਰਧਾਨ ਯਸ਼ਪਾਲ ਸ਼ਰਮਾ, ਜਿਲ੍ਹਾ ਮੰਤਰੀ ਰਾਜ ਧੂਰਕੋਟ, ਮੀਤ ਪ੍ਰਧਾਨ ਪ੍ਰੇਮ ਚੰਦ, ਵਿਸ਼ੇਸ਼ ਸੰਪਰਕ ਪ੍ਰਮੁੱਖ ਰਾਜੇਸ਼ ਚੀਮਾ,ਰਾਕੇਸ਼ ਗੋਇਲ, ਮਿੰਟੂ, ਸਤੀਸ਼ ਕੁਮਾਰ,ਖਜਾਨਚੀ ਦੀਪਕ ਕੁਮਾਰ, ਸਤੀਸ਼,ਹਰੀਸ ਗੋਇਲ,ਵਿਦਿਆਰਥੀ ਕਾਲਜ ਪ੍ਰਮੁੱਖ,ਹਿਮੇਸ਼ ਗੋਇਲ, ਬਜਰੰਗ ਦਲ ਦੇ ਜਿਲ੍ਹਾ ਕੋਆਰਡੀਨੇਟਰ ਰਾਹੁਲ ਬਾਲੀ, ਕੋਆਰਡੀਨੇਟਰ ਵਿਮਲ ਕੁਮਾਰ ਤੇਜੇਂਦਰ ਪਿੰਟਾ, ਦੇਵੀ ਪ੍ਰਸ਼ਾਦ, ਸ਼ਹਿਰ ਦੇ ਕੋਆਰਡੀਨੇਟਰ ਸ਼ਮਸ਼ੇਰ ਭੰਡਾਰੀ, ਵਿਭਾਗ ਤੋਂ ਸੋਨੀ ਗੋਇਲ, ਪਵਨ ਕੁਮਾਰ, ਅਨੁਜ ਕੁਮਾਰ, ਮਨਦੀਪ ਸਿੰਘ, ਪ੍ਰਦੀਪ ਕੁਮਾਰ, ਅਸ਼ੀਸ਼ ਕੁਮਾਰ, ਸੰਘ ਜ਼ਿਲ੍ਹਾ ਕਾਰਜਕਾਰ ਮੈਂਬਰ ਰੋਸ਼ਨ ਲਾਲ, ਸਿਟੀ ਕਾਰਜਕਾਰੀ ਐਡਵੋਕੇਟ ਦੀਪਕ ਰਾਏ ਜਿੰਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਬਜਰੰਗ ਦਲ ਦੇ ਕਾਰਜਕਰਤਾ ਹਾਜ਼ਰ ਸਨ।

# ਚੋਣ ਪ੍ਰਚਾਰ ਵਿਚ ਸੁਰੱਖਿਆ ਵਾਹਨ ਨੂੰ ਛੱਡ ਕੇ 10 ਤੋਂ ਵੱਧ ਵਾਹਨਾਂ ਦੇ ਕਾਫਿਲੇ ਨੂੰ ਚੱਲਣ ਦੀ ਨਹੀਂ ਹੋਵੇਗੀ ਮੰਜ਼ੂਰੀ - ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਦਸਿਆ ਕਿ ਵਿਧਾਨਸਭਾ ਆਮ ਚੋਣ 2024 ਦੀ ਨਾਮਜਦਗੀ ਪ੍ਰਕ੍ਰਿਆ ਸ਼ੁਰੂ ਹੋਣ ਦੇ ਨਾਲ ਹੀ ਚੋਣ ਲੜ ਰਹੇ ਉਮੀਦਵਾਰਾਂ ਤੇ ਰਾਜਨੀਤਕ ਪਾਰਟੀਆਂ ਦੇ ਚੋਣ ਪ੍ਰਚਾਰ ਦੇ ਸਮੇਂ ਰੋਡ ਸ਼ੌਅ, ਚੋਣ ਰੈਲੀਆਂ ਦੌਰਾਨ ਜਨਸਾਧਾਰਣ ਨੂੰ ਅਸਹੂਲਤ ਨਾ ਹੋਵੇ ਇਸ ਦੇ ਲਈ ਉਮੀਦਵਾਰਾਂ ਤੇ ਰਾਜਨੀਤਕ ਪਾਰਟੀਆਂ ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਹੋਵੇਗੀ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਕਿਸੇ ਵੀ ਉਮੀਦਵਾਰ ਜਾਂ ਰਾਜਨੀਤਕ ਪਾਰਟੀ ਨੂੰ ਚੋਣ ਪ੍ਰਚਾਰ ਲਈ ਵਾਹਨਾਂ ਦੀ ਮੰਜ਼ੂਰੀ ਲੈਣਾ ਜਰੂਰੀ ਹੈ, ਬਿਨ੍ਹਾਂ ਮੰਜ਼ੂਰੀ ਦੇ ਪ੍ਰਚਾਰ ਵਿਚ ਵਾਹਨਾਂ ਦੀ ਵਰਤੋ ਨਹੀਂ ਕਰ ਸਕਦੇ। ਉਮੀਦਵਾਰ ਜਾਂ ਰਾਜਨੀਤਕ ਪਾਰਟੀ ਵੱਲੋਂ ਪ੍ਰਚਾਰ ਲਈ ਜਿਨ੍ਹਾਂ ਵਾਹਨਾਂ ਦਾ ਰਜਿਸਟ੍ਰੇਸ਼ਣ ਕਰਵਾਇਆ ਗਿਆ ਹੈ ਉਨ੍ਹਾਂ ਦਾ ਵੇਰਵਾ ਖਰਚ ਸੁਪਰਵਾਈਜਰ ਨੂੰ ਦੱਸਣਾ ਜਰੂਰੀ ਹੈ ਤਾਂ ਜੋ ਉਨ੍ਹਾਂ ਦੇ ਚੋਣ ਖਰਚ ਵਿਚ ਜੋੜਿਆ ਜਾ ਸਕੇ।

ਇਸ ਤੋਂ ਇਲਾਵਾ, ਕਿਸੇ ਵੀ ਵੱਧ ਵਾਹਨ ਦੀ ਤੈਨਾਤੀ ਤਾਂਹੀ ਹੋ ਸਕਦੀ ਹੈ, ਜਦੋਂ ਉਮੀਦਵਾਰ ਜਾਂ ਉਸ ਦੇ ਏਜੰਟ ਵੱਲੋਂ ਵਾਹਨਾਂ ਦੀ ਮੌਜੂਦਾ ਤੈਨਾਤੀ ਤੋਂ ਕਾਫੀ ਪਹਿਲਾਂ ਇਸ ਸਬੰਧ ਦੀ ਸੂਚਨਾ ਦਿੱਤੀ ਗਈ ਹੋਵੇ। ਚੋਣ ਪ੍ਰਚਾਰ ਲਈ ਇਸਤੇਮਾਲ ਕੀਤੇ ਜਾ ਰਹੇ ਵਾਹਨਾਂ ਦਾ ਬਿਊਰਾ ਦਿੰਦੇ ਸਮੇਂ ਉਨ੍ਹਾਂ ਖੇਤਰਾਂ, ਤਹਿਸੀਲਾਂ ਦਾ ਬਿਊਰਾ ਵੀ ਦੱਸਣਾ ਚਾਹੀਦਾ ਹੈ, ਜਿਨ੍ਹਾਂ ਵਿਚ ਵਾਹਨ ਚੱਲਣਗੇ।

ਉਨ੍ਹਾਂ ਨੇ ਦਸਿਆ ਕਿ ਚੋਣ ਵਿਚ ਪ੍ਰਚਾਰ ਲਈ ਵਾਹਨਾਂ ਦੀ ਵਰਤੋ ਆਵਾਜਾਈ ਨਿਯਮਾਂ ਅਨੁਸਾਰ ਹੀ ਕਰਨੀ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਸੁਰੱਖਿਆ ਵਾਹਨ ਨੂੰ ਛੱਡ ਕੇ 10 ਤੋਂ ਵੱਧ ਵਾਹਨਾਂ ਦੇ ਕਾਫਿਲੇ ਨੂੰ ਚੱਲਣ ਦੀ ਮੰਜ਼ੂਰੀ ਨਹੀਂ ਹੋਵੇਗੀ। ਵਾਹਨਾਂ ਦੇ ਵੱਡੇ ਕਾਫਿਲੇ ਨੂੰ ਛੋਟੇ-ਛੋਟੇ ਕਾਫਲਿਆਂ ਵਿਚ ਤੋੜਿਆ ਜਾਵੇਗਾ ਅਤੇ ਦੋ ਕਾਫਲਿਆਂ ਵਿਚ ਘੱਟ ਤੋਂ ਘੱਟ 100 ਮੀਟਰ ਦਾ ਫਾਸਲਾ ਹੋਣਾ ਚਾਹੀਦਾ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਜਨ ਪ੍ਰਤੀਨਿਧੀ ਐਕਟ, 1951 ਦੀ ਧਾਰਾ 100 ਵਿਚ ਪਰਿਭਾਸ਼ਤ ਸਾਈਕਲ ਰਿਕਸ਼ਾ ਵੀ ਇਕ ਅਜਿਹਾ ਵਾਹਨ ਹੈ, ਜਿਸ ਦੀ ਵਰਤੋ ਚੋਣ ਪ੍ਰਚਾਰ ਲਈ ਕੀਤੀ ਜਾ ਸਕਦੀ ਹੈ। ਜੇਕਰ ਇਸ ਦੀ ਵਰਤੋ ਕੀਤੀ ਜਾ ਰਹੀ ਹੈ, ਤਾਂ ਉਮੀਦਵਾਰ ਨੂੰ ਆਪਣੇ ਚੋਣ ਖਰਚ ਖਾਤੇ ਵਿਚ ਇਸ ਦੇ ਖਰਚ ਦਾ ਹਿਸਾਬ ਦੇਣਾ ਹੋਵੇਗਾ। ਇਹ ਯਕੀਨੀ ਕਰਨ ਲਈ, ਉਮੀਦਵਾਰ ਨੂੰ ਆਪਣੇ ਚੋਣ ਪ੍ਰਚਾਰ ਲਈ ਵਰਤੋ ਕੀਤੇ ਜਾ ਰਹੇ ਅਜਿਹੇ ਰਿਕਸ਼ਾ ਦਾ ਵੇਰਵਾ ਦੇਣਾ ਚਾਹੀਦਾ ਹੈ ਅਤੇ ਜੇਕਰ ਰਿਕਸ਼ਾ ਦੇ ਕੋਲ ਆਪਣੀ ਪਹਿਚਾਣ ਲਈ ਕੋਈ ਨਗਰਪਾਲਿਕਾ ਰਜਿਸਟ੍ਰੇਸ਼ਣ/ਪਰਮਿਟ ਨਹੀਂ ਹੈ, ਤਾਂ ਰਿਕਸ਼ਾ ਚਾਲਕ ਨੂੰ ਰਿਟਰਨਿੰਗ ਅਧਿਕਾਰੀ ਵੱਲੋਂ ਉਨ੍ਹਾਂ ਦੇ ਨਿਜੀ ਨਾਂਅ @ਤੇ ਇਕ ਪਰਮਿਟ ਦਿੱਤਾ ਜਾ ਸਕਦਾ ਹੈ, ਜਿਸ ਨੂੰ ਰਿਕਸ਼ਾ ਚਾਲਕ ਨੂੰ ਮੁਹਿੰਮ ਉਦੇਸ਼ਾਂ ਲਈ ਉਸ ਰਿਕਸ਼ਾ ਦੀ ਵਰਤੋ ਕਰਨ ਸਮੇਂ ਆਪਣੇ ਨਾਲ ਰੱਖਣਾ ਚਾਹੀਦਾ ਹੈ।

ਉਨ੍ਹਾਂ ਨੇ ਦਸਿਆ ਕਿ ਚੋਣ ਪ੍ਰਚਾਰ ਦੌਰਾਨ ਪਬਲਿਕ ਸਟੇਜਾਂ ਜਾਂ ਵਾਹਨਾਂ @ਤੇ ਲਗਾਏ ਗਏ ਲਾਊਡਸਪੀਕਰਾਂ ਦੀ ਵਰਤੋ @ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤਕ ਪਾਬੰਦੀ ਰਹੇਗੀ। ਜਿਲ੍ਹਾ ਚੋਣ ਅਧਿਕਾਰੀ ਤੇ ਰਿਟਰਨਿੰਗ ਅਧਿਕਾਰੀ ਹਰ ਤਰ੍ਹਾ ਦੇ ਚੋਣ ਪ੍ਰਚਾਰ @ਤੇ ਨਿਗਰਾਨੀ ਰੱਖਣਗੇ ਅਤੇ ਨਿਯਮਾਂ ਦੀ ਉਲੰਘਣਾ ਪਾਏ ਜਾਣ @ਤੇ ਨਿਯਮ ਅਨੁਸਾਰ ਕਾਰਵਾਈ ਕਰਣਗੇ।

# ਸਿਵਲ ਸੇਵਾਵਾਂ ਪ੍ਰੀਖਿਆ ਆਈ. ਏ. ਐਸ. ਅਤੇ ਪੀ. ਸੀ. ਐਸ. ਦੀ ਮੁਫ਼ਤ ਕੋਚਿੰਗ




**ਜਲੰਧਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਖੇ ਸਬਰ ਫਾਊਂਡੇਸ਼ਨ ਖਾਲਸਾ ਏਡ ਇੰਟਰਨੈਸ਼ਨਲ ਅਤੇ ਲਬਾਸਨਾ ਆਈ ਏ ਐਸ ਅਕੈਡਮੀ ਦੇ ਸਹਿਯੋਗ ਨਾਲ ਫਾਊਂਡੇਸ਼ਨ ਪੰਜਾਬ UPSC ਅਤੇ ਪੰਜਾਬ PPSC ਦੀ ਕੋਚਿੰਗ ਦਾ ਦੂਜਾ ਫੇਜ਼ ਸ਼ੁਰੂ ਕਰਨ ਜਾ ਰਹੇ ਹਾਂ। ਇਹ ਪ੍ਰਾਜੈਕਟ ਮੁੱਖ ਤੌਰ ਤੇ ਪੰਜਾਬ ਦੇ ਵਿਦਿਆਰਥੀਆਂ ਲਈ ਹੈ ਤਾਂ ਜੋ ਰਾਸ਼ਟਰੀ ਅਤੇ ਰਾਜ ਪੱਧਰ ਤੇ ਅਫ਼ਸਰਸ਼ਾਹੀ ਵਿਚ ਪੰਜਾਬ ਦੀ ਸ਼ਮੂਲੀਅਤ ਵਧ ਸਕੇ। ਪਿਛਲੇ ਕੁਝ ਸਾਲਾਂ ਤੋਂ UPSC ਅਤੇ PPSC ਵਿਚ ਪੰਜਾਬ ਦੇ ਵਿਦਿਆਰਥੀਆਂ ਦੀ ਗਿਣਤੀ ਕਾਫ਼ੀ ਘਟ ਰਹੀ ਹੈ ਜੋ ਕਿ ਇਕ ਚਿੰਤਾਜਨਕ ਸੰਕੇਤ ਹੈ ।ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਵਿੱਚ ਦੂਜੇ ਰਾਜਾਂ ਮੁਕਾਬਲੇ ਸਿਵਿਲ ਸੇਵਾਵਾਂ ਵਿਚ ਪ੍ਰਤੀਸ਼ਤ ਦਰ ਬਹੁਤ ਘਟ ਹੈ ਜਿਸਦੇ ਕਈ ਕਾਰਨ ਹਨ ਜਿਵੇਂ ਕਿ ਚੰਗੀ ਉੱਚ ਪੱਧਰੀ ਕੋਚਿੰਗ ਦੀ ਘਾਟ, ਵਿਦਿਆਰਥੀਆਂ ਦੇ ਆਰਥਿਕ ਵਸੀਲਿਆਂ ਦੀ ਘਾਟ, ਪੇਂਡੂ ਅਤੇ ਸ਼ਹਿਰੀ ਵਿਦਿਆਰਥੀਆਂ ਵਿਚ ਮੌਕਿਆਂ ਦੀ ਘਾਟ, ਫਾਊਂਡੇਸ਼ਨ ਪੰਜਾਬ ਇਹਨਾਂ ਕਾਮਿਆਂ ਨੂੰ ਪੂਰਾ ਕਰਕੇ, ਲੋੜਵੰਦ ਵਿਦਿਆਰਥੀਆਂ ਲਈ ਲਬਾਸਨਾ ਅਕੈਡਮੀ ਨਾਲ ਮਿਲਕੇ ਉੱਚ ਪੱਧਰੀ ਕੋਚਿੰਗ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ।

ਇਸ ਉਪਰਾਲੇ ਤਹਿਤ ਪਹਿਲਾਂ ਤੋਂ ਹੀ 500 ਲੋੜਵੰਦ ਵਿਦਿਆਰਥੀਆਂ ਨੂੰ ਆਨਲਾਈਨ ਕੋਚਿੰਗ ਦਿੱਤੀ ਜਾ ਰਹੀ ਹੈ। ਹੁਣ ਅਸੀਂ ਆਪਣਾ ਪਹਿਲਾ ਔਫਲਇਨ ਬੈਚ ਸ਼ੁਰੂ ਕਰਨ ਜਾ ਰਹੇ ਹਾਂ ਜਿਸ ਵਿਚ ਸਿਫ 50 ਸੀਟਾਂ ਹੋਣਗੀਆਂ।

ਦਾਖਲੇ ਲਈ ਹੇਠ ਦਿੱਤੀ ਵੈੱਬਸਾਈਟ ਤੇ ਰਜਿਸਟ੍ਰੇਸ਼ਨ ਕਰਕੇ ਫਾਰਮ ਭਰ ਸਕਦੇ ਹੋ www.sabar.in ਸੀਟਾਂ ਸੀਮਿਤ ਹਨ ਇਸ ਲਈ ਹੋ ਪਹਿਲਾਂ ਫਾਰਮ ਭਰੇਗਾ ਉਸਨੂੰ ਦਾਖਲਾ ਮਿਲੇਗਾ।

# ਦਫ਼ਤਰ ਭਾਸ਼ਾ ਵਿਭਾਗ ਵੱਲੋਂ ਉਰਦੂ ਆਮੋਜ਼ ਕੋਰਸ ਸਰਟੀਫਿਕੇਟ ਵੰਡ ਸਮਾਗਮ



**ਹੁਸ਼ਿਆਰਪੁਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਵੱਲੋਂ ਕਰਵਾਏ ਜਾ ਰਹੇ ਛੇ ਮਹੀਨੇ ਦੇ ਉਰਦੂ ਆਮੋਜ਼ ਕੋਰਸ ਦੇ ਬੈਚ ਜਨਵਰੀ-ਜੂਨ 2024 ਦੇ ਵਿਦਿਆਰਥੀਆਂ ਨੂੰ ਇਹ ਕੋਰਸ ਸੰਪੰਨ ਕਰਨ ਉਪਰੰਤ ਸਰਟੀਫਿਕੇਟ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਮਹਿਮਾਨ ਨੂੰ ਜੀ ਆਇਆਂ ਸ਼ਬਦ ਆਖਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ ਨੇ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾ ਰਹੇ ਉਰਦੂ ਆਮੋਜ਼ ਕੋਰਸ ਅਤੇ ਭਾਸ਼ਾ ਵਿਭਾਗ ਦੀਆਂ ਬਾਕੀ ਸਾਹਿਤਕ ਅਤੇ ਸਿਰਜਣਾਤਮਕ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਰਾਹੁਲ ਚਾਬਾ ਨੇ ਉਰਦੂ ਆਮੋਜ਼ ਦਾ ਇਮਿਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਭਾਰਤ ਦੀ ਪ੍ਰਾਚੀਨ ਬਹੁਤ ਖ਼ੂਬਸੂਰਤ ਜ਼ੁਬਾਨ ਹੈ। ਮੇਰਾ ਇਸ ਜ਼ੁਬਾਨ ਨਾਲ ਅੱਛਾ ਖ਼ਾਸਾ ਰਿਸ਼ਤਾ ਰਿਹਾ ਹੈ। ਸਾਡੀ ਪੰਜਾਬੀ ਭਾਸ਼ਾ ਦਾ ਹਾਜ਼ਮਾ ਦਰੁਸਤ ਹੋਣ ਕਰਕੇ ਅਰਬੀ ਫ਼ਾਰਸੀ ਦੇ ਬਹੁਤ ਸਾਰੇ ਸ਼ਬਦਾਂ ਦਾ ਖ਼ਜ਼ਾਨਾ ਇਸ ਵਿਚ ਰਲ ਗਿਆ ਹੈ। ਇਸ ਨਾਲ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿਚ ਸਿਰਫ਼ ਵਾਧਾ ਹੀ ਨਹੀਂ ਹੋਇਆ ਸਗੋਂ ਇਸ ਜ਼ੁਬਾਨ ਵਿਚ ਰੌਚਕਤਾ ਅਤੇ ਖ਼ੂਬਸੂਰਤੀ ਵੀ ਵਧੀ ਹੈ। ਭਾਸ਼ਾ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਉਰਦੂ ਆਮੋਜ਼ ਦਾ ਕੋਰਸ ਪੰਜਾਬੀ ਭਾਸ਼ਾ ਦੇ ਲੰਬੇ ਚੌੜੇ ਇਤਿਹਾਸ ਨੂੰ ਟਟੋਲਣ ਅਤੇ ਖੰਘਾਲਣ ਵਿਚ ਹੋਰ ਵਾਧਾ ਕਰੇਗਾ।ਇਸ ਕਰਕੇ ਵੱਧ ਤੋਂ ਵੱਧ ਵਿਦਿਆਰਥੀਆਂ ਅਤੇ ਪਾਠਕਾਂ ਨੂੰ ਇਸ ਕੋਰਸ ਨਾਲ ਜੁੜਨ ਦੀ ਲੋੜ ਹੈ।ਉਨ੍ਹਾਂ ਉਰਦੂ ਆਮੋਜ਼ ਦਾ ਇਮਿਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕਰਕੇ ਵਧਾਈ ਦਿੱਤੀ।ਇਸ ਮੌਕੇ ਭਾਸ਼ਾ ਵਿਭਾਗ ਵੱਲੋਂ ਰਾਹੁਲ ਚਾਬਾ ਦਾ ਭਾਈ ਕਾਹਨ ਸਿੰਘ ਨਾਭਾ ਵੱਲੋਂ ਰਚਿਤ ਕਲਾਸੀਕਲ ਗ੍ਰੰਥ ਮਹਾਨ ਕੋਸ਼ ਦੇ ਕੇ ਸਨਮਾਨ ਕੀਤਾ ਗਿਆ।ਇਸ ਸਮੇਂ ਲਵਪ੍ਰੀਤ, ਲਾਲ ਸਿੰਘ, ਪੁਸ਼ਪਾ ਰਾਣੀ, ਡਾ. ਦਰਸ਼ਨ ਸਿੰਘ, ਐਡਵੋਕੇਟ ਮਨਦੀਪ ਸਿੰਘ ਗਿੱਲ, ਭਾਈ ਗੁਰਜਿੰਦਰ ਸਿੰਘ, ਸੁਰਜੀਤ ਸਿੰਘ, ਲੈਕ. ਸੁਖਜੀਤ ਕੌਰ ਆਦਿ ਹਾਜ਼ਰ ਸਨ।

# ਐਸ.ਡੀ.ਐਮ.ਅਮਰਗੜ੍ਹ ਨੇ ਪਿੰਡ ਵਸਨੀਕਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਕੀਤੀ ਅਪੀਲ

**ਮਲੇਰਕੋਟਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਮੈਜਿਸਟਰੇਟ ਸ੍ਰੀ ਸੁਰਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਆਦੇਸਾ ਤੇ ਆਮ ਲੋਕਾਂ ਦੀਆਂ ਮੁਸਕਿਲਾਂ/ਸਮੱਸਿਆਵਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੱਲ ਕਰਨ ਲਈ ÷ਆਪ ਦੀ ਸਰਕਾਰ, ਆਪ ਦੇ ਦੁਆਰ÷ ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਅਜਿਹੇ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਆਪਣੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਵਾਉਣ ਲਈ ਸਰਕਾਰੀ ਦਫ਼ਤਰਾਂ ਵਿੱਚ ਖੱਜਲ ਖੁਆਰ ਨਾ ਹੋਣਾ ਪਵੇ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਆਦੇਸ਼ ਅਨੁਸਾਰ ਇਸੇ ਕੜੀ ਤਹਿਤ ਸਬ ਡਵੀਜਨ ਅਮਰਗੜ੍ਹ ਦੇ ਪਿੰਡ ਮੰਨਵੀ ਵਿਖੇ 04 ਸਤੰਬਰ ਨੂੰ ਲੋਕਾਂ ਦੀਆਂ ਮੁਸ਼ਕਿਲਾਂ/ਸਮੱਸਿਆਵਾਂ ਹੱਲ ਕਰਨ ਲਈ ਵਿਸ਼ੇਸ ਜਨ ਸੁਣਵਾਈ ਕੈਂਪ ਦਾ



ਆਯੋਜਨ ਕੀਤਾ ਜਾਵੇਗਾ ।

ਐਸ.ਡੀ.ਐਮ. ਨੇ ਦੱਸਿਆ ਕਿ ਇਹ ਕੈਂਪ ਸਵੇਰੇ 11.00 ਵਜੇ ਤੋਂ ਦੁਪਹਿਰ ਤੱਕ ਧਰਮਸ਼ਾਲਾ, ਨੇੜੇ ਪਿੰਡ ਦਾ ਦਰਵਾਜਾ ਵਿਖੇ ਲੱਗੇਗਾ। ਉਨ੍ਹਾਂ ਦੱਸਿਆ ਕਿ ਸਮੂਹ ਵਿਭਾਗ ਜਿਵੇਂ ਮਾਲ ਵਿਭਾਗ ਨਾਲ ਸਬੰਧਤ ਇੰਤਕਾਲ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਜ਼ਿਲ੍ਹਾ ਖੁਰਾਕ ਤੇ ਸਪਲਾਈ ਵਿਭਾਗ, ਸੇਵਾ ਕੇਂਦਰ ਨਾਲ ਸੰਬਧਤ, ਸਿਹਤ ਵਿਭਾਗ ਨਾਲ ਸਬੰਧਤ ਕੰਮ ਦੀਆਂ ਸੁਵਿਧਾਵਾਂ ਦਿੱਤੀਆਂ ਜਾਣਗੀਆਂ।

ਇਸ ਤੋਂ ਇਲਾਵਾ ਖੇਤੀਬਾੜੀ ਵਿਭਾਗ/ਲੀਡ ਬੈਂਕ ਮੈਨੇਜਰ, ਪਸੂ ਪਾਲਣ, ਡੇਅਰੀ, ਮੱਛੀ ਪਾਲਣ ਵਿਭਾਗ, ਕੋਆਪਰੇਟਿਵ ਸੋਸਾਇਟੀ, ਉਦਯੋਗ ਕੇਂਦਰ, ਆਦਿ ਵਿਭਾਗ ਆਪੋ-ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਗੇ। ਉਨ੍ਹਾ ਹੋਰ ਦੱਸਿਆ ਕਿ ਇਸੇ ਕੜੀ ਤਹਿਤ ਮਿਤੀ 06 ਸਤੰਬਰ ਨੂੰ ਸਬ ਡਵੀਜਨ ਅਹਿਮਦਗੜ੍ਹ ਦੇ ਪਿੰਡ ਜੰਡਾਲੀ ਖੁਰਦ(ਮਲਕਪੁਰ) ਦੀ ਐਸ.ਸੀ.ਧਰਮਸ਼ਾਲਾ ਵਿਖੇ ਵੀ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਵਿਸ਼ੇਸ ਜਨ ਸੁਣਵਾਈ ਕੈਂਪ ਲਗਾਇਆ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਆਪਣੇ ਰੋਜਮਰ੍ਹਾਂ ਦੇ ਕੰਮ ਕਰਵਾਉਣ ਲਈ ਦੂਰ ਨਾ ਜਾਣਾ ਪਵੇ ਤੇ ਘਰ ਨੇੜੇ ਹੀ ਸਰਕਾਰੀ ਕੰਮ ਹੋ ਸਕਨ ।

# ਡਿਪਟੀ ਕਮਿਸ਼ਨਰ ਨੇ ਨਗਰ ਸੁਧਾਰ ਟਰੱਸਟ ਦੀ ਅਚਨਚੇਤ ਚੈਕਿੰਗ ਕੀਤੀ



**ਰੂਪਨਗਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਵੱਲੋਂ ਅੱਜ ਨਗਰ ਸੁਧਾਰ ਟਰੱਸਟ ਰੂਪਨਗਰ ਦੀ ਅਚਨਚੇਤ ਚੈਕਿੰਗ ਕੀਤੀ ਗਈ।

ਇਸ ਦੌਰਾਨ ਉਨਾਂ ਵੱਲੋਂ ਸਟਾਫ ਦੇ ਪੁਰਾਣੇ ਰਿਕਾਰਡ ਅਤੇ ਰਜਿਸਟਰਾਂ ਦੀ ਚੈਕਿੰਗ ਕੀਤੀ ਗਈ ਅਤੇ ਲੰਬਿਤ ਪਏ ਟਰਸਟ ਦੇ ਮਾਮਲਿਆਂ ਸਬੰਧੀ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਗਈ ।

ਉਹਨਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਰਾ ਪੁਰਾਣਾ ਪਿਆ ਰਿਕਾਰਡ ਨੂੰ 7 ਦਿਨਾਂ ਦੇ ਅੰਦਰ ਅੰਦਰ ਆਨਲਾਈਨ ਕਰਕੇ ਇਸ ਦੀ ਰਿਪੋਰਟ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਆਪਣੀ ਡਿਊਟੀ ਪ੍ਰਤੀ ਵਰਤੀ ਜਾਂਦੀ ਅਣਗਹਿਲੀ ਕਾਰਨ ਜੇਕਰ ਆਮ ਜਨਤਾ ਨੂੰ ਮੁਸ਼ਕਲਾਂ ਤੇ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਡਿਊਟੀ ਉੱਤੇ ਕੁਤਾਹੀ ਕਰਨ ਵਾਲੇ ਅਫਸਰਾਂ ਅਤੇ ਕਰਮਚਾਰੀਆਂ ਨੂੰ ਕਿਸੇ ਵੀ ਕੀਮਤ ਉਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਖਿਲਾਫ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਕਿਸਾਨ ਅੰਦੋਲਨ 'ਚ ਕੰਗਨਾ ਬਲਾਤਕਾਰ ਦੇ ਸਬੂਤ ਦੇਵੇ, ਨਹੀਂ ਤਾਂ ਸੰਸਦ ਮੈਂਬਰ ਤੋਂ ਅਸਤੀਫਾ ਦੇਵੇ - ਜੀਵਨ ਜੋਤ ਕੌਰ




**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੀ ਵਿਧਾਇਕ ਜੀਵਨ ਜੋਤ ਕੌਰ ਨੇ ਭਾਜਪਾ ਸੰਸਦ ਕੰਗਣਾ ਰਣੌਤ ਤੇ ਹਮਲਾ ਬੋਲਦਿਆਂ ਕਿਹਾ ਕਿ ਕੰਗਨਾ ਆਪਣੇ ਬਿਆਨ ਮੁਤਾਬਕ ਕਿਸਾਨ ਅੰਦੋਲਨ ਦੌਰਾਨ ਹੋਏ ਬਲਾਤਕਾਰ ਦਾ ਸਬੂਤ ਦੇਵੇ, ਨਹੀਂ ਤਾਂ ਸੰਸਦ ਮੈਂਬਰ ਤੋਂ ਅਸਤੀਫਾ ਦੇਵੇ।

ਆਪ ਵਿਧਾਇਕਾ ਅਮਨਦੀਪ ਕੌਰ ਅਰੋੜਾ ਅਤੇ ਪਾਰਟੀ ਮਹਿਲਾ ਵਿੰਗ ਦੀ ਪ੍ਰਧਾਨ ਪ੍ਰੀਤੀ ਮਲਹੋਤਰਾ ਦੇ ਨਾਲ ਸੋਮਵਾਰ ਨੂੰ ਚੰਡੀਗੜ੍ਹ ਪਾਰਟੀ ਦਫਤਰ ਵਿਖੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਜੀਵਨ ਜੋਤ ਕੌਰ ਨੇ ਕਿਹਾ ਕਿ ਕੰਗਨਾ ਨੇ ਜਾਣਬੁੱਝ ਕੇ ਪੰਜਾਬ ਦੇ ਕਿਸਾਨਾਂ ਅਤੇ ਔਰਤਾਂ ਨੂੰ ਬਦਨਾਮ ਕਰਨ ਵਾਲੇ ਬਿਆਨ ਦਿੱਤੇ ਹਨ।

ਹਾਲ ਹੀ ਵਿੱਚ ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿੱਚ ਔਰਤਾਂ ਨਾਲ ਬਲਾਤਕਾਰ ਹੋਇਆ, ਮੇਰੇ ਕੋਲ ਇਸ ਦਾ ਸਬੂਤ ਹੈ। ਜੇਕਰ ਕੰਗਨਾ ਕੋਲ ਇਸ ਦਾ ਸਬੂਤ ਹੈ ਤਾਂ ਉਹ ਪੇਸ਼ ਕਰੇ। ਜੇਕਰ ਨਹੀਂ ਤਾਂ ਉਹ ਆਪਣੇ ਘਟੀਆ ਬਿਆਨ ਲਈ ਪੰਜਾਬ ਦੇ ਕਿਸਾਨਾਂ ਅਤੇ ਔਰਤਾਂ ਤੋਂ ਮੁਆਫੀ ਮੰਗਣ ਅਤੇ ਸੰਸਦ ਮੈਂਬਰ ਦਾ ਅਹੁਦਾ ਛੱਡ ਦੇਣ।

ਜੀਵਨ ਜੋਤ ਨੇ ਕਿਹਾ ਕਿ ਪੰਜਾਬ ਭਾਜਪਾ ਆਗੂਆਂ ਨੂੰ ਵੀ ਕੰਗਣਾ ਦੇ ਬਿਆਨ @ਤੇ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਦਸਣਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਕਿਸਾਨਾਂ ਅਤੇ ਔਰਤਾਂ ਦੇ ਨਾਲ ਖੜ੍ਹੇ ਹਨ ਜਾਂ ਆਪਣੀ ਪਾਰਟੀ ਦੀ ਸੰਸਦ ਮੈਂਬਰ ਕੰਗਨਾ ਰਣੌਤ ਨਾਲ।

ਜੇਕਰ ਉਹ ਕਿਸਾਨਾਂ ਦੇ ਨਾਲ ਖੜ੍ਹੇ ਹਨ ਤਾਂ ਕੰਗਣਾ ਦਾ ਮੁੱਦਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਕੋਲ ਉਠਾਓਣ ਅਤੇ ਉਸ ਨੂੰ ਪਾਰਟੀ ਤੋਂ ਕੱਢਣ ਦੀ ਮੰਗ ਕਰਨ।

ਉਨ੍ਹਾਂ ਕਿਹਾ ਕਿ ਕੰਗਣਾ ਹੀ ਨਹੀਂ ਬਲਕਿ ਪੂਰੀ ਭਾਜਪਾ ਪੰਜਾਬ ਦੇ ਖਿਲਾਫ ਕੰਮ ਕਰਦੀ ਹੈ।

ਜਦੋਂ ਤੋਂ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣੀ ਹੈ, ਉਹ ਲਗਾਤਾਰ ਪੰਜਾਬ ਨੂੰ ਜ਼ਲੀਲ ਕਰਨ ਦਾ ਕੰਮ ਕਰ ਰਹੀ ਹੈ। ਪਿਛਲੇ ਸਾਲ 26 ਜਨਵਰੀ ਦੀ ਪਰੇਡ ਵਿੱਚੋਂ ਪੰਜਾਬ ਦੀ ਝਾਂਕੀ ਹਟਾਈ ਗਈ ਸੀ।

ਇਸ ਵਾਰ ਦੇ ਬਜਟ ਵਿੱਚ ਪੰਜਾਬ ਦਾ ਨਾਂ ਵੀ ਨਹੀਂ ਲਿਆ ਗਿਆ।

ਇਸ ਦੇ ਨਾਲ ਹੀ ਕਈ ਸਾਲਾਂ ਤੋਂ ਕੇਂਦਰ ਸਰਕਾਰ ਨੇ ਪੰਜਾਬ ਦੇ ਪੇਂਡੂ ਵਿਕਾਸ ਫੰਡ ਅਤੇ ਨੈਸ਼ਨਲ ਹੈਲਥ ਮਿਸ਼ਨ ਦੇ ਹਜ਼ਾਰਾਂ ਕਰੋੜਾਂ ਰੁਪਏ ਰੋਕੇ ਹੋਏ ਹਨ। ਕੇਂਦਰ ਸਰਕਾਰ ਦਾ ਪੰਜਾਬ ਪ੍ਰਤੀ ਰਵੱਈਆ ਬੇਹੱਦ ਨਫ਼ਰਤ ਭਰਿਆ ਅਤੇ ਪੱਖਪਾਤੀ ਹੈ।

ਆਪ ਵਿਧਾਇਕ ਅਮਨਦੀਪ ਕੌਰ ਅਰੋੜਾ ਨੇ ਭਾਜਪਾ ਆਗੂ ਹਰਜੀਤ ਗਰੇਵਾਲ ਦੇ ਬਿਆਨ @ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਜਨਤਕ ਤੌਰ @ਤੇ ਕੰਗਣਾ ਦੀ ਨਿੰਦਾ ਕਰਨੀ ਚਾਹੀਦੀ ਹੈ ਅਤੇ ਪਾਰਟੀ ਤੋਂ ਕੰਗਣਾ ਵਿਰੁੱਧ ਕਾਰਵਾਈ ਦੀ ਮੰਗ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਆਪਣੀ ਫਿਲਮ ਚਲਾਉਣ ਲਈ ਅਜਿਹੀਆਂ ਘਟੀਆ ਗੱਲਾਂ ਕਰਦਾ ਹੈ ਤਾਂ ਪੰਜਾਬੀ ਹੋਣ ਦੇ ਨਾਤੇ ਹਰਜੀਤ ਗਰੇਵਾਲ ਨੂੰ ਪੰਜਾਬ ਦੇ ਕਿਸਾਨਾਂ ਅਤੇ ਔਰਤਾਂ ਨਾਲ ਖੜ੍ਹਨਾ ਚਾਹੀਦਾ ਹੈ।

# ਵਿਧਾਇਕ ਪਠਾਣਮਾਜਰਾ ਤੇ ਗੁਰਲਾਲ ਘਨੌਰ ਨੇ 2.54 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਦੋ ਪੁੱਲਾਂ ਦੇ ਨੀਂਹ ਪੱਥਰ ਰੱਖੇ



**ਪਟਿਆਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਹਲਕੇ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਅਤੇ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਨੇ ਆਪਣੇ ਹਲਕੇ ਦੇ ਦਰਜਨਾਂ ਪਿੰਡਾਂ ਦੇ ਵਸਨੀਕਾਂ ਦੀ ਚਿਰੋਕਣੀ ਮੰਗ ਪੂਰੀ ਕਰਦਿਆਂ ਅੱਜ 2.55 ਕਰੋੜ ਰੁਪਏ ਦੀ ਲਾਗਤ ਨਾਲ ਦੋ ਡਰੇਨਾਂ ਦੇ ਦੋ ਪੁੱਲਾਂ ਦੀ ਉਸਾਰੀ ਦੇ ਨੀਂਹ ਪੱਥਰ ਰੱਖੇ।

ਦੋਵਾਂ ਵਿਧਾਇਕਾਂ ਨੇ ਪੰਜਾਬ ਮੰਡੀ ਬੋਰਡ ਵੱਲੋਂ ਲਿੰਕ ਸੜਕ ਕੌਲੀ ਤੋਂ ਬਾਰਨ ਵਾਇਆ ਪਨੌਦੀਆਂ ਵਿੱਚ ਨਿੰਮ ਸਾਹਿਬ ਡਰੇਨ ਉਪਰ ਗੁਰਦੁਆਰਾ ਨਿੰਮ ਸਾਹਿਬ ਨੇੜੇ 1 ਕਰੋੜ 74.45 ਲੱਖ ਰੁਪਏ ਦੀ ਲਾਗਤ ਨਾਲ ਅਤੇ ਲਿੰਕ ਸੜਕ ਗੌਂਸਪੁਰ ਤੋਂ ਸ਼ੰਕਰਪੁਰ ਵਿੱਚ ਕੌਲੀ ਕਰੀਕ ਡਰੇਨ ਉਪਰ 80 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਦੋ ਪੁੱਲ ਦੀ ਉਸਾਰੀ ਦਾ ਕਾਰਜ ਸ਼ੁਰੂ ਕਰਵਾਇਆ।

ਉਨ੍ਹਾਂ ਨੇ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਲਕਾ ਸਨੌਰ ਤੇ ਘਨੌਰ ਲਈ ਫੰਡ ਮੁਹੱਈਆ ਕਰਵਾਉਣ ਲਈ ਧੰਨਵਾਦ ਕੀਤਾ ਉਥੇ ਹੀ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਹਰਮੀਤ ਸਿੰਘ ਪਠਾਣਮਾਜਰਾ ਤੇ ਗੁਰਲਾਲ ਘਨੌਰ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਪਹਿਲ ਦੇ ਅਧਾਰ @ਤੇ ਪ੍ਰਦਾਨ ਕਰਨ ਅਤੇ ਲੋਕ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਦੋਵਾਂ ਵਿਧਾਇਕਾਂ ਨੇ ਸਥਾਨਕ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਹ ਦੋਵੇਂ ਪੁੱਲ ਮਿਥੇ ਸਮੇਂ ਦੇ ਅੰਦਰ-ਅੰਦਰ ਬਣਾ ਕੇ ਚਾਲੂ ਕਰ ਦਿੱਤੇ ਜਾਣਗੇ।

ਪਠਾਣਮਾਜਰਾ ਅਤੇ ਗੁਰਲਾਲ ਘਨੌਰ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਦੌਰਾਨ ਇਹ ਦੋਵੇਂ ਹਲਕੇ ਪੱਛੜੇ ਰਹਿ ਗਏ ਪਰੰਤੂ ਅੱਜ ਹਰੇਕ ਪਿੰਡ ਵਿੱਚ ਵਿਕਾਸ ਕੰਮ ਚੱਲ ਰਹੇ ਹਨ।

ਇਸ ਤੋਂ ਬਿਨ੍ਹਾਂ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਰਕੇ ਹੀ ਦੋਵੇਂ ਹਲਕੇ ਹੜ੍ਹਾਂ ਦੀ ਮਾਰ ਹੇਠ ਆਉਂਦੇ ਹਨ ਪਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੌਜੂਦਾ ਸਰਕਾਰ ਨੇ ਹੜ੍ਹਾਂ ਤੋਂ ਬਚਾਅ ਲਈ ਪੱਕਾ ਹੱਲ ਕਰਨ ਦੀ ਵਿਊਂਤਬੰਦੀ ਕੀਤੀ ਹੈ।

ਇਸ ਮੌਕੇ ਹਰਜਸ਼ਨ ਸਿੰਘ ਪਠਾਣਮਾਜਰਾ, ਮੰਡੀ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਅੰਮ੍ਰਿਤਪਾਲ ਸਿੰਘ, ਐਸ.ਡੀ.ਓ. ਸਤਨਾਮ ਸਿੰਘ, ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਪਹਿਲ ਦੇ ਅਧਾਰ ਤੇ ਪ੍ਰਦਾਨ ਕਰਨ ਅਤੇ ਲੋਕਜੇ.ਈ.ਅਸ਼ਵਨੀ ਕੁਮਾਰ ਸਮੇਤ ਇਲਾਕੇ ਦੇ ਵਸਨੀਕ ਵੀ ਮੌਜੂਦ ਸਨ।

# ਡਾਕਟਰ ਇੰਦਰਜੀਤ ਕੌਰ 'ਟੀਚਰਜ਼ ਐਕਸੀਲੈਂਸ ਐਵਾਰਡ' ਨਾਲ ਸਨਮਾਨਿਤ

**ਪਟਿਆਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਜੀ. ਸੀ. ਮਿਸ਼ਰਾ ਮੈਮੋਰੀਅਲ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਮਾਨਵ ਮੰਗਲ ਗਰੁੱਪ ਆਫ਼ ਸਕੂਲਜ਼ ਦੇ ਸਹਿਯੋਗ ਨਾਲ ਅਧਿਆਪਕ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬੰਠਿਡਾ ਦੇ ਵਾਈਸ–ਚਾਂਸਲਰ ਅਤੇ ਇੰਡੀਅਨ ਇੰਸਟੀਚਿਊਟ ਆਫ਼ ਐਡਵਾਸਡ ਸਟੱਡੀ (ਰਾਸ਼ਟਰਪਤੀ ਨਿਵਾਸ), ਸ਼ਿਮਲਾ ਦੇ ਡਾਇਰੈਕਟਰ ਪ੍ਰੋ. ਰਾਘਵੇਂਦਰ ਤਿਵਾੜੀ ਨੇ ਬਤੌਰ ਮੁੱਖ ਮਹਿਮਾਨ ਅਤੇ ਐਮਿਟੀ ਯੂਨੀਵਰਸਿਟੀ, ਮੁਹਾਲੀ ਦੇ ਵਾਈਸ–ਚਾਂਸਲਰ ਪ੍ਰੋ. ਆਰ. ਕੇ. ਕੋਹਲੀ ਨੇ ਗੈਸਟ ਆਫ਼ ਆਨਰ ਵੱਜੋ ਸ਼ਿਰਕਤ ਕੀਤੀ।ਇਸ ਮੋਕੇ ਤੇ ਵਾਈਸ–ਚਾਂਸਲਰ ਪੋ ?ਫੈਸਰ ਤਿਵਾੜੀ ਵੱਲੋ ਸਰਕਾਰੀ ਸਮਾਰਟ ਸਕੂਲ, ਦਾਣਾ ਮੰਡੀ ਪਟਿਆਲਾ ਦੇ ਮੁੱਖ–ਅਧਿਆਪਕਾ ਡਾ. ਇੰਦਰਜੀਤ ਕੌਰ ਨੂੰ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਦੇ ਬਦਲੇ ਵਿਸੇਸ਼ ਤੋਰ ਤੇ 'ਟੀਚਰਜ਼ ਐਕਸੀਲੈਸ ਐਵਾਰਡ'



ਨਾਲ ਸਨਮਾਨਿਤ ਕੀਤਾ ਗਿਆ। ਪੋ ?ਫੈਸਰ ਤਿਵਾੜੀ ਨੇ ਡਾ. ਇੰਦਰਜੀਤ ਕੌਰ ਦੀ ਸ਼ਲਾਘਾ ਕਰਦਿਆ ਕਿਹਾ ਕਿ ਉਨ੍ਹਾਂ ਵੱਲੋ ਸਿੱਖਿਆ ਦੇ ਖੇਤਰ ਵਿੱਚ ਬਹੁਤ ਹੀ ਸ਼ਾਨਦਾਰ ਕੰਮ ਕੀਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਡਾ. ਇੰਦਰਜੀਤ ਕੌਰ ਨੇ ਹਾਲ ਹੀ ਵਿੱਚ ਏਕਤਾ ਅਤੇ ਪ੍ਰੇਰਨਾ ਦੇ ਦਿਲ ਨੂੰ ਛੂਹਣ ਵਾਲੇ ਵਿਲੱਖਣ ਕੰਮ ਨੂੰ ਕਰਦਿਆਂ ਆਪਣੇ ਵਿਦਿਆਰਥੀਆਂ ਵਾਂਗ ਸਕੂਲ ਦੀ ਵਰਦੀ ਪਹਿਨਣੀ ਸੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਂਵੇ ਇਹ ਕੰਮ ਸਧਾਰਨ ਹੈ, ਪ੍ਰੰਤੂ ਸਕੂਲ ਦੇ ਮੁੱਖ–ਅਧਿਆਪਕਾ ਵੱਲੋਂ ਆਪਣੇ ਆਪਨੂੰ ਵਿਦਿਆਰਥੀਆਂ ਦੇ ਬਰਾਬਰ ਰੱਖਣ ਲਈ ਬਹੁਤ ਹਿੰਮਤ ਅਤੇ ਵਚਨਬੱਧਤਾ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਡਾ. ਇੰਦਰਜੀਤ ਕੌਰ ਨੇ ਆਪਣੇ ਸਕੂਲ ਦੀ ਨਵੀਂ ਬਿਲਡਿੰਗ ਦਾ ਨਿਰਮਾਣ ਕਰਵਾਕੇ ਸਕੂਲ ਨੂੰ ਸਮਾਰਟ ਬਣਵਾਇਆ।ਇਸ ਮੌਕੇ ਤੇ ਐਮਿਟੀ ਯੂਨੀਵਰਸਿਟੀ, ਮੁਹਾਲੀ ਦੇ ਵਾਈਸ–ਚਾਂਸਲਰ ਪ੍ਰੋਫੈਸਰ ਕੋਹਲੀ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸਮਾਜਿਕ ਵਿਗਿਆਨ ਵਿੱਚ ਡਾਕਟਰੇਟ ਡਿਗਰੀ ਪ੍ਰਾਪਤ ਡਾ. ਇੰਦਰਜੀਤ ਕੌਰ ਨੇ ਦੇਸ਼ ਦੀ ਅਜ਼ਾਦੀ ਵਿੱਚ ਪੰਜਾਬੀਆਂ ਵੱਲੋਂ ਪਾਏ ਵੱਡਮੁੱਲੇ ਯੋਗਦਾਨ ਬਾਰੇ ਦੋ ਖੋਜ਼ ਭਰਪੂਰ ਕਿਤਾਬਾਂ ਅੰਗਰੇਜ਼ੀ ਭਾਸ਼ਾ ਵਿੱਚ ਲਿਖ ਕੇ ਦੇਸ਼ ਦੀ ਅਜ਼ਾਦੀ ਦੇ ਸੰਘਰਸ ਬਾਰੇ ਸਿੱਖਿਆ ਦੇ ਖੇਤਰ ਵਿੱਚ ਕੌਮਾਂਤਰੀ ਪੱਧਰ ਤੇ ਆਪਣਾ ਅਹਿਮ ਯੋਗਦਾਨ ਪਾਇਆ ਹੈ। ਡਾ. ਇੰਦਰਜੀਤ ਕੌਰ ਦੇ ਹੁਣ ਤੱਕ ਅਜ਼ਾਦੀ ਸੰਘਰਸ਼ ਬਾਰੇ ਕਈ ਖੋਜ–ਪੱਤਰ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਪ੍ਰਸਿੱਧ ਰਿਸਰਚ ਜਰਨਲਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।ਜ਼ਿਕਰਯੋਗ ਹੈ ਕਿ ਡਾ. ਇੰਦਰਜੀਤ ਕੌਰ ਨੇ ਆਪਣੀ ਮੁੱਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ, ਗੁਰਦਵਾਰਾ ਦੂਖਨਿਵਾਰਨ ਸਾਹਿਬ ਤੋਂ ਅਤੇ 12ਵੀਂ ਤੱਕ ਦੀ ਸਿੱਖਿਆ ਬੀ. ਐਨ. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਤੋਂ ਪਹਿਲੇ ਦਰਜੇ ਵਿੱਚ ਪਾਸ ਕੀਤੀ ਹੈ। ਉਨ੍ਹਾਂ ਨੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਤੋਂ ਗ੍ਰੈਜੁਏਸ਼ਨ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਬੀ.ਐਡ. ਦੀ ਡਿਗਰੀ ਪਹਿਲੇ ਦਰਜੇ ਵਿੱਚ ਹਾਸਲ ਕੀਤੀ।

# ਯਿਸੂ ਨੂੰ ਹਿਸਾਬ 'ਚ ਸੀ ਦਿਲਚਸਪੀ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੁਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਇਸੇ ਵਰ੍ਹੇ ਯਿਸੂ ਦਮਿਸ਼ਕ (ਸੀਰੀਆ ਦੀ ਰਾਜਧਾਨੀ) ਤੋਂ ਆਏ ਗਣਿਤ ਦੇ ਅਧਿਆਪਕ ਨੂੰ ਮਿਲੇ ਸਨ ਅਤੇ ਉਨ੍ਹਾਂ ਤੋਂ ਸੰਖਿਆਵਾਂ ਦੀਆਂ ਨਵੀਆਂ ਤਕਨੀਕਾਂ ਸਿੱਖੀਆਂ ਸਨ। ਉਨ੍ਹਾਂ ਨੂੰ ਸੰਖਿਆਵਾਂ, ਦੂਰੀਆਂ ਤੇ ਅਨੁਪਾਤਾਂ ਦੇ ਪ੍ਰਸ਼ਨਾਂ ਵਿਚ ਬਹੁਤ ਦਿਲਚਸਪੀ ਰਹਿੰਦੀ ਸੀ (ਯੁਰੈਂਸ਼ੀਆ-123:6.3) ਇਸੇ ਵਰ੍ਹੇ ਯਿਸੂ ਆਪਣੇ ਸਕੇ ਦੁਨਿਆਵੀ ਭਰਾ ਜੇਮਸ (ਯਾਕੂਬ) ਨੂੰ ਕੁਝ ਨਵਾਂ ਸਿਖਾਉਣ ਵਿਚ ਵਧੇਰੇ ਦਿਲਚਸਪੀ ਲੈਣ ਲੱਗੇ ਸਨ। ਇਸੇ ਸਾਲ ਦੇ ਅੰਤ ਤਕ ਉਨ੍ਹਾਂ ਨੇ ਜੇਮਸ ਨੂੰ ਭਾਸ਼ਾ ਦੇ ਵੱਖੋ-ਵੱਖਰੇ ਅੱਖਰਾਂ ਦਾ ਗਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ (ਯੁਰੈਂਸ਼ੀਆ-123:6.4)

ਇਸੇ ਉਮਰ ਵਿਚ ਯਿਸੂ ਹਾਰਪ (ਸਿਤਾਰ ਜਾਂ ਵੀਣਾ ਜਿਹਾ ਇਕ ਸੰਗੀਤ ਯੰਤਰ) ਬਹੁਤ ਵਧੀਆ ਵਜਾ ਲੈਂਦੇ ਸਨ। ਉਨ੍ਹਾਂ ਨੂੰ ਸੰਗੀਤ ਦੀ ਬਹੁਤ ਵਧੀਆ ਸਮਝ ਸੀ। ਦੂਜੇ ਬੱਚਿਆਂ ਨੂੰ ਹਾਰਪ ਦੇ ਪਾਠ ਪੜ੍ਹਾਉਣ ਬਦਲੇ ਉਹ ਕਦੇ-ਕਦੇ ਡੇਅਰੀ ਉਤਪਾਦ ਵੀ ਲੈ ਲੈਂਦੇ ਸਨ। ਇਸੇ ਲਈ ਉਨ੍ਹਾਂ ਨੇ ਹੋਰ ਨੌਜਵਾਨਾਂ ਵਿਚ ਵੀ ਵੋਕਲ ਸੰਗੀਤ 'ਚ ਦਿਲਚਸਪੀ ਪੈਦਾ ਕਰਨ ਦੇ ਜਤਨ ਕੀਤੇ ਸਨ। ਗਿਆਰਾਂ ਸਾਲ ਦੀ ਉਮਰ 'ਚ ਤਾਂ ਉਹ ਹਾਰਪ ਵਜਾਉਣ ਵਿਚ ਮਾਹਿਰ ਹੋ ਗਏ ਸਨ। ਉਸੇ ਨਾਲ ਉਹ ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਦੋਸਤਾਂ ਦਾ ਮਨੋਰੰਜਨ ਕਰਦੇ ਸਨ। ਉਹ ਆਪਣੇ ਵੱਲੋਂ ਬਹੁਤ ਸਾਰੀਆਂ ਨਵੀਆਂ ਧੁਨਾਂ ਬਣਾਉਣ ਦੇ ਯੋਗ ਸਨ (ਯੁਰੈਂਸ਼ੀਆ-123:6.5)



ਸਕੂਲ ਵਿਚ ਬਾਲ ਯਿਸੂ ਦਾ ਇੰਨਾ ਮਾਣ-ਸਨਮਾਨ ਵੇਖ ਕੇ ਉਨ੍ਹਾਂ ਦੇ ਕੁਝ ਸਾਥੀ ਵਿਦਿਆਰਥੀਆਂ ਨੂੰ ਕਦੇ ਉਨ੍ਹਾਂ ਤੋਂ ਈਰਖਾ ਵੀ ਹੋਣ ਲੱਗਦੀ ਸੀ। ਅਧਿਆਪਕ ਵੀ ਬਹੁਤ ਵਾਰ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਘਬਰਾਉਂਦੇ ਸਨ ਕਿਉਂਕਿ ਉਹ ਵਿਗਿਆਨ ਤੇ ਧਰਮ ਨਾਲ ਸਬੰਧਤ ਕੁਝ ਅਜਿਹੇ ਵਿਲੱਖਣ ਕਿਸਮ ਦੇ ਪ੍ਰਸ਼ਨ ਪੁੱਛ ਲੈਂਦੇ ਸਨ ਕਿ ਜਿਨ੍ਹਾਂ ਦੇ ਉੱਤਰ ਛੇਤੀ ਕਿਤੇ ਕਿਸੇ ਅਧਿਆਪਕ ਕੋਲ ਵੀ ਨਹੀਂ ਹੁੰਦੇ ਸਨ। ਉਦਾਹਰਨ ਵਜੋਂ ਉਹ ਪੁੱਛਿਆ ਕਰਦੇ ਸਨ ਕਿ ਇਹ ਖ਼ੁਸ਼ਕ ਮੌਸਮ ਕਿਉਂ ਹੁੰਦਾ ਹੈ, ਫ਼ਲਸਤੀਨ ਵਿਚ ਵਰਖਾ ਕਿਉਂ ਹੁੰਦੀ ਹੈ।

ਇਕ ਇਹ ਪ੍ਰਸ਼ਨ ਵੀ ਉਹ ਆਮ ਪੁੱਛਦੇ ਸਨ ਕਿ ਨਾਸਰਤ ਤੇ ਜੌਰਡਨ (ਯਰਦਨ) ਵਾਦੀ ਦੇ ਤਾਪਮਾਨ ਵਿਚ ਇੰਨਾ ਜ਼ਿਆਦਾ ਫ਼ਰਕ ਕਿਉਂ ਹੈ। ਉਹ ਅਜਿਹੇ ਪ੍ਰਸ਼ਨਾਂ ਦੀ ਬੁਛਾੜ ਕਰ ਦਿੰਦੇ ਸਨ ਕਿ ਅਧਿਆਪਕ ਵੀ ਘਬਰਾ ਜਾਂਦਾ ਸੀ (ਯੁਰੈਂਸ਼ੀਆ-123:6.6)

ਇਸੇ ਵਰ੍ਹੇ ਭਾਵ ਸੰਨ 2 ਦੀ 14 ਅਪ੍ਰੈਲ ਸ਼ੁੱਕਰਵਾਰ ਸ਼ਾਮੀਂ ਯਿਸੂ ਦੇ ਤੀਜੇ ਦੁਨਿਆਵੀ ਭਰਾ ਸਾਈਮਨ (ਸ਼ਮੌਨ) ਦਾ ਜਨਮ ਹੋਇਆ ਸੀ (ਯੁਰੈਂਸ਼ੀਆ-123:6.7)

ਯੇਰੂਸਲੇਮ ਸਥਿਤ ਰੱਬੀਆਂ ਦੀ ਇਕ ਅਕੈਡਮੀ ਦੇ ਇਕ ਅਧਿਆਪਕ ਨਾਹੋਰ ਖ਼ਾਸ ਤੌਰ 'ਤੇ ਬਾਲ ਯਿਸੂ ਨੂੰ ਵੇਖਣ ਲਈ ਨਾਸਰਤ ਪੁੱਜੇ। ਜੌਨ (ਯੂਹੰਨਾ) ਦੇ ਪਿਤਾ ਨੇ ਇਸ ਵਿਲੱਖਣ ਬਾਲਕ ਨੂੰ ਵੇਖਣ ਲਈ ਸੱਦਿਆ ਸੀ। ਨਾਹੋਰ ਨੇ ਵੇਖਿਆ ਕਿ ਯਿਸੂ ਕਿਵੇਂ ਬੇਬਾਕ ਤਰੀਕੇ ਨਾਲ ਗੱਲ ਕਰਦੇ ਸਨ ਤੇ ਰਵਾਇਤ ਤੋਂ ਹਟ ਕੇ ਉਹ ਆਮ ਵਸਤਾਂ ਨੂੰ ਵੀ ਕਿੰਨੀ ਸਹਿਜਤਾ ਨਾਲ ਧਰਮ ਨਾਲ ਜੋੜ ਦਿੰਦੇ ਸਨ। ਯਿਸੂ ਦੀ ਸੂਝਬੂਝ ਨੂੰ ਪਰਖਣ ਤੋਂ ਬਾਅਦ ਅਧਿਆਪਕ ਨਾਹੋਰ ਤਦ ਪਿਤਾ ਯੂਸਫ਼ ਤੇ ਮਾਂ ਮਰੀਅਮ ਨੂੰ ਮਿਲੇ ਅਤੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਯਿਸੂ ਨੂੰ ਉਨ੍ਹਾਂ ਨਾਲ ਯੇਰੂਸਲੇਮ ਜਾਣ ਦੇਣ, ਜਿੱਥੋਂ ਦੇ ਪ੍ਰਮੁੱਖ ਯਹੂਦੀ ਕੇਂਦਰ ਵਿਚ ਉਹ ਹੋਰ ਵੀ ਉੱਚ ਮਿਆਰੀ ਸਿੱਖਿਆ ਤੇ ਸਿਖਲਾਈ ਹਾਸਲ ਕਰ ਸਕਦੇ ਹਨ। ਮਾਂ ਮਰੀਅਮ ਤਦ ਕੁਝ ਸੋਚੀਂ ਪੈ ਗਏ, ਉਨ੍ਹਾਂ ਨੂੰ ਆਪਣੇ ਅੰਦਰ ਪੂਰਨ ਵਿਸ਼ਵਾਸ ਸੀ ਕਿ ਉਨ੍ਹਾਂ ਦਾ ਵੱਡਾ ਬੇਟਾ ਇਕ ਦਿਨ ਜ਼ਰੂਰ 'ਮਸੀਹਾ' ਬਣੇਗਾ। ਪਿਤਾ ਯੂਸਫ਼ ਵੀ ਇਸ ਪ੍ਰਸਤਾਵ ਨੂੰ ਮੰਨਣ ਵਿਚ ਕੁਝ ਝਿਜਕਣ ਲੱਗੇ ਸਨ। ਉਨ੍ਹਾਂ ਨੂੰ ਵੀ ਆਪਣੇ ਪੁੱਤਰ ਯਿਸੂ ਵਿਚ ਬਹੁਤ ਸਾਰੀਆਂ ਗੱਲਾਂ ਅਦਭੁੱਤ ਲੱਗਦੀਆਂ ਸਨ (ਯੁਰੈਂਸ਼ੀਆ-123:6.8)

*ਅਨੁਵਾਦ -ਮਹਿਤਾਬ-ਉਦ-ਦੀਨ*

# ਇੱਛਾਵਾਂ ਪੂਰੀਆਂ ਕਰਦੇ ਨੇ ਨਰਾਤੇ

ਅਸੀ ਮਾਂ ਦੇ ਚਰਨਾਂ 'ਚ ਹੀ ਆਪਣੀ ਸਭ ਤੋਂ ਵੱਧ ਸ਼ਰਧਾ ਭੇਟ ਕਰਦੇ ਹਾਂ। ਸ਼ਕਤੀ ਦੀ ਭਗਤੀ ਕਰਨਾ ਸਾਡੇ ਸਭਿਆਚਾਰ ਦਾ ਅਧਾਰ ਹੈ। ਸਰਵਵਿਆਪੀ ਚੇਤਨਾ (ਸ਼ਕਤੀ) ਦੀ ਭਗਤੀ ਮਾਂ-ਰੂਪ 'ਚ ਕੀਤੀ ਜਾਂਦੀ ਹੈ। ਇਹ ਸਰਵ ਪ੍ਰਵਾਨਤ ਹੈ ਕਿ ਸੰਸਾਰ ਦੇ ਸਾਰੇ ਪ੍ਰਾਣੀਆਂ ਲਈ ਮਾਂ ਦੀ ਵਿਸ਼ੇਸ਼ ਮਹਿਮਾ ਹੈ। ਵਿਅਕਤੀ ਆਪਣੀ ਸਭ ਤੋਂ ਵੱਧ ਸ਼ਰਧਾ ਮਾਂ ਦੇ ਚਰਨਾਂ 'ਚ ਹੀ ਅਰਪਿਤ ਕਰਦਾ ਹੈ। ਸਭ ਤੋਂ ਪਹਿਲਾਂ ਮਾਂ 'ਚ ਹੀ ਦੇਵਤਵ ਦੇ ਦਰਸ਼ਨ ਹੁੰਦੇ ਹਨ। ਜੋ ਲੋਕ ਕਹਿੰਦੇ ਹਨ ਕਿ ਪੂਜਾ 'ਚ ਕੋਈ ਕਮੀ ਹੋ ਜਾਣ ਨਾਲ ਮਾਂ ਨਾਰਾਜ਼ ਹੋ ਜਾਂਦੀ ਹੈ,ਉਹ ਗ਼ਲਤ ਹਨ। ਭਗਤ ਜਗਦੰਬੇ ਮਾਂ ਦੀ ਕਿਰਪਾ ਤੋਂ ਵਿਰਵਾ ਨਹੀ ਹੁੰਦਾ। ਤੱਤ ਗਿਆਨ ਕਹਿੰਦਾ ਹੈ ਕਿ ਇਹ ਸੰਪੂਰਣ ਬ੍ਰਹਿਮੰਡ ਕਿਸੇ ਦੈਵੀ ਸ਼ਕਤੀ ਨਾਲ ਹੀ ਸੰਚਾਲਤ ਹੋ ਰਿਹਾ ਹੈ। ਉਹ ਪਰਮੇਸ਼ਵਰੀ ਹੀ ਵੱਖ ਵੱਖ ਸ਼ਕਤੀਆਂ ਦੇ ਰੂਪ 'ਚ ਸਦਾ ਕੰਮ ਕਰ ਰਹੀਆਂ ਹਨ। ਜਿਥੇ ਸ਼ਕਤੀ ਨਹੀ ਉੱਥੇ ਸੂਨਯਤਾ ਹੈ। ਦੇਵੀ ਭਾਗਵਤ 'ਚ ਖ਼ੁਦ ਭਗਵਤੀ ਆਪਣਾ ਪਰੀਚੈ ਦਿੰਦੇ ਹੋਏ ਕਹਿੰਦੇ ਨੇ ਇਹ ਸੰਪੂਰਣ ਜਗਤ ਮੈਂ ਹੀ ਹਾਂ ਮੇਰੇ ਬਿਨਾਂ ਹੋਰ ਕੋਈ ਅਵਿਨਾਸ਼ੀ ਤੱਤ ਨਹੀ ਹੈ। ਸ਼ਕਤੀ ਕਾਰਨ ਹੀ ਅਸੀ ਗਤੀਸ਼ੀਲ ਰਹਿ ਸਕਦੇ ਹਾਂ।

ਮਾਨਤਾ ਹੈ ਕਿ ਨਰਾਤਿਆਂ ਦੇ ਨੌਂ ਦਿਨ ਦਿਵਯ ਊਰਜਾ ਨਾਲ ਪੂਰੇ ਹੁੰਦੇ ਹਨ, ਇਸ ਲਈ ਇਹ ਸਮਾਂ ਸ਼ਕਤੀ ਦੀ ਅਰਾਧਨਾ ਲਈ ਸਭ ਤੋਂ ਢੁੱਕਵਾਂ ਮੰਨਿਆ ਜਾਂਦਾ ਹੈ। ਲੋਕ ਆਪਣੇ ਆਪ ਪਰੰਪਰਾ ਅਨੁਸਾਰ ਵਰਤ ਰੱਖਦੇ ਹਨ। ਦਰਅਸਲ, 'ਵਰਤ' ਦਾ ਮੂਲ ਉਦੇਸ਼ ਹੈ ਸੰਜਮ ਦੀ ਪ੍ਰਾਪਤੀ ਕਿਉਂਕਿ ਸੰਯਮੀ ਹੀ ਸ਼ਕਤੀ ਨੂੰ ਸਮੋ ਸਕਦਾ ਹੈ।



### ਨਰਾਤਿਆਂ ਦਾ ਸ਼ੁਭ ਆਰੰਭ

*ਆਮ ਤੌਰ 'ਤੇ ਨਰਾਤੇ-ਵਰਤ ਦਾ ਸ਼ੁਭ ਆਰੰਭ ਲੋਕ ਪਹਿਲੇ ਦਿਨ ਕਲਸ਼ ਸਥਾਪਨਾ ਨਾਲ ਕਰਦੇ ਹਨ। ਕਲਸ਼ ਆਮ ਤੌਰ 'ਤੇ ਮਿੱਟੀ ਦਾ ਘੜਿਆ ਹੁੰਦਾ ਹੈ। ਤੱਤ ਵਿਗਿਆਨ ਮੁਤਾਬਕ ਧਰਤੀ ਤੱਤ ਦੇ ਮਾਲਕ ਸ਼ਿਵ ਭਗਵਾਨ ਹਨ। ਕਲਸ਼ 'ਚ ਪਾਣੀ ਭਰਿਆ ਜਾਂਦਾ ਹੈ। ਜਲ ਤੱਤ ਦੇ ਮਾਲਕ ਗਣਪਤੀ ਗਣੇਸ਼ ਹਨ। ਸ਼ੁਧ ਪਾਣੀ ਨਾਲ ਭਰੇ ਕਲਸ਼ 'ਤੇ ਦੀਵਾ ਜਗਾਇਆ ਜਾਂਦਾ ਹੈ। ਅਗਨੀ ਤੱਤ ਦੀ ਅਧਿਸ਼ਠਾਤਰੀ ਭਵਾਨੀ (ਸ਼ਕਤੀ) ਹੈ। ਅਸਤੂ ਕਲਸ਼-ਸਥਾਪਨਾ ਨਾਲ ਦੁਰਗਾ ਜੀ ਆਪਣੇ ਪੁੱਤਰ ਗਣਪਤੀ ਅਤੇ ਪਤੀ ਸ਼ਿਵ ਜੀ ਨਾਲ ਵਿਰਾਜਮਾਨ ਹੋ ਜਾਂਦੀ ਹੈ।*

*ਤੱਤ ਵਿਗਿਆਨ ਦ੍ਰਿਸ਼ਟੀ ਤੋਂ ਕਲਸ਼ ਉਪਰ ਜਲ ਰਹੀ ਦੀਪ ਜੋਤੀ ਜਗਦੰਬਾ ਦੀ ਪ੍ਰਤੀਕ ਹੀ ਨਹੀ, ਪ੍ਰਤੀਨਿਧੀ ਵੀ ਹੈ। ਇਸ ਲਈ ਨਰਾਤੇ 'ਚ ਅਖੰਡ-ਜੋਤੀ ਜਲਾਈ ਜਾਂਦੀ ਹੈ ਤਾਂ ਕਿ ਇਸ ਮਹਾਂਪਰਬ ਦੇ ਪੂਰੇ ਸਮੇਂ ਦੇਵੀ ਮਾਂ ਘਰ 'ਚ ਹਾਜ਼ਰ ਰਹੇ। ਕੀਤੀ ਜਾ ਸਕਦੀ ਹੈ।*

ਵਰਤ ਦੇ ਚੱਕਰ 'ਚ ਕਦੇ-ਕਦੇ ਆਮ ਲੋਕ ਕਰਮਕਾਂਡ ਦੀ ਜਟਿਲਤਾ 'ਚ ਉਲਝ ਜਾਂਦੇ ਹਨ, ਜੋ ਉਚਿੱਤ ਨਹੀਂ। ਆਮ ਇਨਸਾਨ ਨੂੰ ਸਮਰੱਥਾ ਅਨੁਸਾਰ ਹੀ ਵਰਤ ਅਤੇ ਉਪਾਸਨਾ ਕਰਨੀ ਚਾਹੀਦੀ ਹੈ। ਵਰਤ ਦਾ ਉਹੋ ਵਿਧਾਨ ਅਪਨਾਉਣਾ ਉਚਿਤ ਹੈ, ਜੋ ਤੁਹਾਡਾ ਸਰੀਰ ਸਹਿ ਸਕੇ। ਵਰਤ ਦਾ ਮਤਲਬ ਸਰੀਰਕ ਕਸ਼ਟ ਭੋਗਣਾ ਬਿਲਕੁਲ ਨਹੀ ਹੈ। ਜਿਸ ਤਰ੍ਹਾਂ ਦੀਪ ਦੀ ਰੋਸ਼ਨੀ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਉਸੇ ਤਰ੍ਹਾਂ ਨਰਾਤਿਆਂ 'ਚ ਕਲਸ਼ 'ਤੇ ਸਥਾਪਤ ਅਖੰਡ-ਜੋਤੀ ਨਾਲ ਰੌਸ਼ਨ ਵਾਤਾਵਰਨ 'ਚ ਮਨ 'ਚ ਪਈ ਨਿਰਾਸ਼ਾ ਦਾ ਹਨੇਰਾ ਖ਼ਤਮ ਹੋ ਜਾਂਦਾ ਹੈ। ਅਧਿਆਤਮਕ ਊਰਜਾ ਦੇ ਸਿੰਜਣ ਨਾਲ ਮਨੋਬਲ ਵਧਦਾ ਹੈ। ਇਸ ਨਾਲ ਇੱਛਾ ਸ਼ਕਤੀ ਵੀ ਬਲਵਾਨ ਹੁੰਦੀ ਹੈ। ਮਨ ਜਦ ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦਾ ਹੈ ਉਦੋਂ ਉਸ ਨੂੰ ਉੱਥੋਂ ਕੱਢਣ ਲਈ ਪ੍ਰਬਲ ਇੱਛਾ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ। ਨਰਾਤਿਆਂ 'ਚ ਸ਼ਕਤੀ ਦੀ ਮੂਰਤ ਦੁਰਗਾ ਮਾਤਾ ਦੀ ਉਪਾਸਨਾ ਕਰਨ ਵਾਲਿਆਂ ਨੂੰ ਆਤਮਿਕ ਬਲ ਪ੍ਰਾਪਤ ਹੁੰਦਾ ਹੈ, ਜਿਸ ਨਾਲ ਸਫ਼ਲਤਾ ਦਾ ਮਾਰਗ ਖ਼ੁਦ ਖੁੱਲ੍ਹ ਜਾਂਦਾ ਹੈ।

**• ਡਾ. ਅਤੁਲ ਟੰਡਨ**

# ਯੌਮ-ਏ-ਆਸ਼ੂਰਾ ਦਾ ਇਸਲਾਮੀ ਮਹੱਤਵ

**ਹਜ਼ਰਤ ਹੁਸੈਨ ਉਹ ਅਜ਼ੀਮ ਵਿਅਕਤੀ ਸਾਬਿਤ ਹੋਏ ਜਿਨ੍ਹਾਂ ਇਕ-ਇਕ ਕਰ ਕੇ ਸਾਰੇ ਸਕੇ-ਸਬੰਧੀ ਸ਼ਹੀਦ ਕਰਵਾ ਦਿੱਤੇ ਪਰ ਜ਼ੁਲਮ ਤੇ ਜ਼ਾਲਿਮ ਅੱਗੇ ਸਿਰ ਨਹੀਂ ਝੁਕਾਇਆ। ਆਪ ਨੇ ਜ਼ਾਲਮ ਦੀ ਹਕੂਮਤ ਨੂੰ ਸਵੀਕਾਰ ਨਾ ਕੀਤਾ ਤੇ ਕੁਰਬਾਨੀ ਦੀ ਅਜਿਹੀ ਮਿਸਾਲ ਪੇਸ਼ ਕੀਤੀ ਕਿ ਅੱਜ ਵੀ ਦੁਨੀਆ ਹੈਰਾਨ ਹੈ...**

**ਪ੍ਰਿੰਸੀਪਲ ਯਾਸੀਨ ਅਲੀ**

"ਨਾ ਯਜ਼ੀਦ ਕਾ ਵੋਹ ਸਿਤਮ ਰਹਾ ਨਾ
ਜ਼ਿਆਦ ਕੀ ਵੋਹ ਜਫਾ ਰਹੀ,
ਜੋ ਰਹਾ ਤੋ ਨਾਮ ਹੁਸੈਨ ਕਾ ਜਿਸੇ
ਜ਼ਿੰਦਾ ਰੱਖਤੀ ਹੈ ਕਰਬਲਾ"

ਹਜ਼ਰਤ ਅਲੀ (ਰਜ਼ੀ:) ਦੀ ਸ਼ਹੀਦੀ ਤੋਂ ਬਾਅਦ ਖ਼ਿਲਾਫ਼ਤ (ਹਕੂਮਤ) ਦੇ ਮੁੱਦੇ 'ਤੇ ਇਕ ਵਾਰ ਫਿਰ ਮੁਸਲਮਾਨਾਂ 'ਚ ਤਲਵਾਰਾਂ ਤਣ ਗਈਆਂ ਅਤੇ ਉਹ ਸਮਾਂ ਦੂਰ ਨਹੀਂ ਸੀ ਜਦੋਂ ਮੁਸਲਮਾਨਾਂ ਦਾ ਖ਼ੂਨ ਪਾਣੀ ਦੀ ਤਰ੍ਹਾਂ ਵਹਿ ਜਾਂਦਾ। ਪ੍ਰੰਤੂ ਹਜ਼ਰਤ ਹਸਨ ਨੇ ਬੜੀ ਸਿਆਣਪ ਤੋਂ ਕੰਮ ਲੈਂਦਿਆਂ ਆਪਣਾ ਦਾਅਵਾ ਵਾਪਸ ਲੈ ਲਿਆ। ਜਦੋਂ ਕਿ ਉਨ੍ਹਾਂ ਦੇ ਭਰਾ ਹਜ਼ਰਤ ਹੁਸੈਨ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਿਆ ਵੀ। ਹਜ਼ਰਤ ਹਸਨ ਦੇ ਦਿਹਾਂਤ ਤੋਂ ਬਾਅਦ ਭਾਵੇਂ ਹਜ਼ਰਤ ਹੁਸੈਨ ਨੇ ਹਜ਼ਰਤ ਮਾਵੀਆ (ਉਸ ਸਮੇਂ ਦੇ ਖ਼ਲੀਫ਼ਾ) ਦੀ ਹਕੂਮਤ ਨੂੰ ਤਸਲੀਮ ਨਹੀਂ ਕੀਤਾ ਪਰ ਉਨ੍ਹਾਂ ਦਾ ਆਪਸ 'ਚ ਰਿਸ਼ਤਾ ਖ਼ੁਸ਼ਗਵਾਰ ਰਿਹਾ। ਅਮੀਰ ਮਾਵੀਆ ਨੇ ਆਪਣੀ ਜ਼ਿੰਦਗੀ 'ਚ ਹੀ ਆਪਣੇ ਪੁੱਤਰ ਯਜ਼ੀਦ ਨੂੰ ਆਪਣਾ ਉੱਤਰ-ਅਧਿਕਾਰੀ ਨਿਯੁਕਤ ਕਰ ਦਿੱਤਾ ਸੀ। ਕੁੱਝ ਲੋਕ ਅਜਿਹੇ ਵੀ ਸਨ ਜਿਨ੍ਹਾਂ ਨੇ ਉਸ ਨੂੰ ਖ਼ਲੀਫ਼ਾ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਜਿਨ੍ਹਾਂ 'ਚ ਹਜ਼ਰਤ ਹੁਸੈਨ ਦਾ ਨਾਂ ਸਭ ਤੋਂ ਮੂਹਰੇ ਸੀ। ਮਰਨ ਤੋਂ ਪਹਿਲਾਂ ਅਮੀਰ ਮਾਵੀਆ ਨੇ ਆਪਣੇ ਪੁੱਤਰ ਯਜ਼ੀਦ ਨੂੰ ਵਸੀਅਤ ਕੀਤੀ ਸੀ ਕਿ ਉਹ ਹਜ਼ਰਤ ਹੁਸੈਨ ਨੂੰ ਉਸ ਨੂੰ ਖ਼ਲੀਫ਼ਾ ਮੰਨਣ ਲਈ ਮਜਬੂਰ ਨਾ ਕਰੇ ਕਿਉਂਕਿ ਉਸ ਦੀਆਂ ਰਗਾਂ 'ਚ ਹਜ਼ਰਤ ਮੁਹੰਮਦ ਸਾਹਿਬ ਦਾ ਖ਼ੂਨ ਹੈ।

ਕਾਬਲੇ ਗੌਰ ਹੈ ਕਿ ਹਜ਼ਰਤ ਹਸਨ ਤੇ ਹਜ਼ਰਤ ਹੁਸੈਨ, ਮੁਹੰਮਦ ਸਾਹਿਬ ਦੇ ਦੋਹਤੇ ਤੇ ਹਜ਼ਰਤ ਅਲੀ ਦੇ ਬੇਟੇ ਸਨ। ਪ੍ਰੰਤੂ ਯਜ਼ੀਦ ਨੇ ਹਕੂਮਤ ਦੇ ਨਸ਼ੇ 'ਚ ਇਸ ਵਸੀਅਤ ਦੀ ਕੋਈ ਪਰਵਾਹ ਨਾ ਕੀਤੀ ਅਤੇ ਮਦੀਨੇ ਦੇ ਹਾਕਮ ਨੂੰ ਲਿਖ ਭੇਜਿਆ ਕਿ ਹਜ਼ਰਤ ਹੁਸੈਨ ਨੂੰ ਮੈਨੂੰ ਹਾਕਮ ਮੰਨਣ ਲਈ ਮਜਬੂਰ ਕਰੇ। ਹਜ਼ਰਤ ਹੁਸੈਨ ਕਿਸੇ ਤਰ੍ਹਾਂ ਵੀ ਨਾ ਮੰਨੇ ਅਤੇ ਕਿਹਾ ਕਿ ਭਾਵੇਂ ਮੇਰੀ ਜਾਨ ਜਾਵੇ, ਦੌਲਤ ਜਾਵੇ, ਔਲਾਦ ਜਾਵੇ ਜਾਂ ਦੁਨੀਆਂ ਦੀਆਂ ਮੁਸੀਬਤਾਂ ਮੇਰੇ ਉੱਪਰ ਟੁੱਟ ਪੈਣ ਪਰ ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਸੱਚ ਤੋਂ ਪਰੇ ਹਟ ਕੇ ਇਕ ਜ਼ਾਲਿਮ ਦੇ ਨਾਲ ਹੱਥ ਮਿਲਾ ਲਵਾਂ। ਨਤੀਜੇ ਵਜੋਂ ਆਪ ਮਦੀਨੇ ਤੋਂ ਮੱਕਾ-ਮੁਕੱਰਮਾ ਆ ਗਏ। ਸ਼ਹਿਰ ਕੂਫ਼ਾ ਜੋ ਕਿ ਹਜ਼ਰਤ ਅਲੀ ਦੀ ਖ਼ਿਲਾਫ਼ਤ ਸਮੇਂ ਰਾਜਧਾਨੀ ਰਹਿ ਚੁੱਕਾ ਸੀ। ਜਦੋਂ ਉੱਥੇ ਦੇ ਲੋਕਾਂ ਨੂੰ ਪਤਾ ਲੱਗਾ ਕਿ ਹਜ਼ਰਤ ਹੁਸੈਨ ਪਰੇਸ਼ਾਨ ਹਨ ਅਤੇ ਮੱਕਾ ਪਹੁੰਚ ਗਏ ਹਨ ਤਾਂ ਉਨ੍ਹਾਂ ਨੇ ਲਿਖ ਭੇਜਿਆ ਕਿ ਤੁਸੀਂ ਕੂਫ਼ਾ ਆ ਜਾਓ। ਉਨ੍ਹਾਂ ਹਜ਼ਰਤ ਹੁਸੈਨ ਨੂੰ ਇੱਥੋਂ ਤਕ ਭਰੋਸਾ ਦਿਵਾਇਆ ਕਿ ਸਾਡੀਆਂ ਫ਼ੌਜਾਂ ਤਕ ਤੁਹਾਡਾ ਸਾਥ ਦੇਣ ਲਈ ਤਿਆਰ ਹਨ। ਆਪ ਉਨ੍ਹਾਂ ਦੀ ਗੱਲ 'ਤੇ ਭਰੋਸਾ ਕਰ ਕੇ ਆਪਣੇ ਕਾਫ਼ਲੇ ਸਮੇਤ ਜਿਸ ਦੀ ਤਾਦਾਦ 72 ਸੀ, ਕੂਫ਼ਾ ਵੱਲ ਚੱਲ ਪਏ।

ਦੂਜੇ ਪਾਸੇ ਜਦੋਂ ਯਜ਼ੀਦ ਨੂੰ ਪਤਾ ਲੱਗਾ ਕਿ ਹਜ਼ਰਤ ਹੁਸੈਨ ਕੂਫ਼ਾ ਵੱਲ ਜਾ ਰਹੇ ਹਨ ਤਾਂ ਉਸ ਨੇ ਤੁਰੰਤ ਕੂਫ਼ਾ ਦੇ ਹਾਕਮ ਨੂੰ ਬਦਲ ਦਿੱਤਾ ਤੇ ਉਸ ਦੀ ਥਾਂ ਇਬਨੇ ਜ਼ਿਆਦ (ਜ਼ਿਆਦ ਦੇ ਪੁੱਤਰ) ਨੂੰ ਉੱਥੇ ਹਾਕਮ ਬਣਾ ਕੇ ਭੇਜ ਦਿੱਤਾ। ਉਹ ਬਹੁਤ ਸੰਗ-ਦਿਲ ਤੇ ਜ਼ਾਲਮ ਵਿਅਕਤੀ ਸੀ। ਉਸ ਨੇ ਕੂਫ਼ਾ ਦੇ ਬਹੁਤ ਸਾਰੇ ਲੋਕਾਂ ਨੂੰ ਡਰਾ ਧਮਕਾ ਕੇ ਆਪਣੇ ਨਾਲ ਲਾ ਲਿਆ। ਹਜ਼ਰਤ ਹੁਸੈਨ ਨੂੰ ਰਸਤੇ 'ਚ ਹੀ ਕੂਫ਼ਾ ਦੇ ਲੋਕਾਂ ਦੀ ਵਾਅਦਾ ਖ਼ਿਲਾਫ਼ੀ ਦਾ ਪਤਾ ਚੱਲ ਗਿਆ ਅਤੇ ਇਹ ਵੀ ਪਤਾ ਚੱਲ ਗਿਆ ਕਿ ਉਨ੍ਹਾਂ ਦੇ ਚਚੇਰੇ ਭਰਾ ਹਜ਼ਰਤ ਮੁਸਲਿਮ ਬਿਨ ਅਕੀਲ ਅਤੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਵੀ ਸ਼ਹੀਦ ਕਰ ਦਿੱਤਾ ਹੈ। ਹਜ਼ਰਤ ਹੁਸੈਨ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਜੇ ਤੁਹਾਡੇ ਵਿੱਚੋਂ ਕੋਈ ਵਾਪਸ ਜਾਣਾ ਚਾਹੇ ਤਾਂ ਉਹ ਜਾ ਸਕਦਾ ਹੈ ਪਰ ਮੈਂ ਰੱਬ ਦੀ ਰਜ਼ਾ (ਮਰਜ਼ੀ) ਨਾਲ ਨਿਕਲਿਆ ਹਾਂ ਤੇ ਇਸ ਲਈ ਵਾਪਸ ਨਹੀਂ ਜਾਵਾਂਗਾ। ਸਿੱਟੇ ਵਜੋਂ ਕੋਈ ਵੀ ਉਨ੍ਹਾਂ ਦਾ ਸਾਥੀ ਵਾਪਸ ਨਹੀਂ ਹੋਇਆ।





ਆਖ਼ਰਕਾਰ ਇਸਲਾਮੀ ਕੈਲੰਡਰ ਦੇ ਪਹਿਲੇ ਮਹੀਨੇ ਭਾਵ ਮੁਹੱਰਮ ਦੀ ਦੋ ਤਾਰੀਖ਼ ਨੂੰ ਇਹ ਕਾਫ਼ਲਾ "ਫ਼ਰਾਤ" ਦਰਿਆ ਦੇ ਕਿਨਾਰੇ ਕਰਬਲਾ ਦੇ ਮੈਦਾਨ 'ਚ ਪਹੁੰਚ ਗਿਆ। ਇੱਥੇ ਪਹੁੰਚ ਕੇ ਪਤਾ ਲੱਗਾ ਕਿ ਸਾਰਾ ਮਾਮਲਾ ਹੀ ਉਲਟ ਹੈ ਪਰ ਆਪ ਨੇ ਦੁਸ਼ਮਣਾਂ ਅੱਗੇ ਝੁਕਣ ਅਤੇ ਉਨ੍ਹਾਂ ਦੀ ਕੋਈ ਵੀ ਸ਼ਰਤ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਯਜ਼ੀਦ ਦੀਆਂ ਫ਼ੌਜਾਂ ਨੇ ਆਪ ਦੇ ਕਾਫ਼ਲੇ ਦਾ ਪਾਣੀ ਬੰਦ ਕਰ ਦਿੱਤਾ। ਹਜ਼ਰਤ ਹੁਸੈਨ ਨੇ ਯਜ਼ੀਦੀ ਫ਼ੌਜਾਂ ਨੂੰ ਮੁਖ਼ਾਤਿਬ ਕਰਕੇ ਜੋ ਭਾਸ਼ਣ ਦਿੱਤਾ ਉਸ ਤੋਂ ਉਨ੍ਹਾਂ ਦੀ ਅਕਲਮੰਦੀ ਤੇ ਦਲੇਰੀ ਦਾ ਪਤਾ ਚੱਲਦਾ ਹੈ। ਉਨਾਂ ਕਿਹਾ, "ਏ ਲੋਕੋ! ਜਲਦੀ ਨਾ ਕਰੋ। ਜਲਦਬਾਜ਼ੀ ਸ਼ੈਤਾਨ ਦਾ ਕੰਮ ਹੈ। ਮੇਰੀ ਗੱਲ ਸੁਣ ਲਵੋ। ਨਸੀਹਤ ਕਰਨਾ ਤੇ ਸਿੱਧੀ ਰਾਹ ਦਿਖਾਉਣਾ ਮੇਰਾ ਕੰਮ ਹੈ। ਉਸ ਨੂੰ ਮੰਨਣਾ ਜਾਂ ਨਾ ਮੰਨਣਾ ਤੁਹਾਡੀ ਮਰਜ਼ੀ ਹੈ। ਤੁਸੀਂ ਮੇਰੇ ਨਾਲ ਜੋ ਸਲੂਕ ਕਰਨਾ ਚਾਹੁੰਦੇ ਹੋ, ਕਰੋ। ਮੈਨੂੰ ਉਸ ਦੀ ਕੋਈ ਪਰਵਾਹ ਨਹੀਂ। ਅੱਲਾਹ ਮੇਰਾ ਹਾਮੀ ਤੇ ਮਦਦਗਾਰ ਹੈ। ਪ੍ਰੰਤੂ ਤੁਸੀਂ ਜ਼ਰਾ ਇਹ ਤਾਂ ਸੋਚੋ ਕਿ ਮੈਂ ਕੌਣ ਹਾਂ? ਆਪਣੇ ਦਿਲ ਤੋਂ ਪੁੱਛੋ ਕਿ ਕੀ ਮੇਰਾ ਕਤਲ ਜਾਂ ਮੇਰੀ ਬੇਇੱਜ਼ਤੀ ਤੁਹਾਨੂੰ ਸ਼ੋਭਾ ਦਿੰਦੀ ਹੈ। ਕੀ ਮੈਂ ਤੁਹਾਡੇ ਪਿਆਰੇ ਨਬੀ ਦੇ ਦਿਲ ਦਾ ਟੁਕੜਾ ਨਹੀਂ ਹਾਂ ਜਾਂ ਕੀ ਮੈਂ ਹਜ਼ਰਤ ਅਲੀ ਜੋ ਪਿਆਰੇ ਨਬੀ ਦੇ ਚਚੇਰੇ ਭਰਾ ਸਨ, ਦਾ ਬੇਟਾ ਨਹੀਂ ਹਾਂ? ਕੀ ਤੁਸੀਂ ਆਪਣੇ ਪਿਆਰੇ ਦੇ ਮੂੰਹੋਂ ਇਹ ਨਹੀ ਸੁਣਿਆ ਕਿ ਅਸੀਂ (ਹਸਨ ਤੇ ਹੁਸੈਨ) ਸਵਰਗ ਦੇ ਨੌਜਵਾਨਾਂ ਦੇ ਸਰਦਾਰ ਹਾਂ? ਕੀ ਮੈਂ ਹਜ਼ਰਤ ਫਾਤਮਾ ਜੋ ਪਿਆਰੇ ਨਬੀ ਦੀ ਪਿਆਰੀ ਬੇਟੀ ਸੀ, ਦਾ ਬੇਟਾ ਨਹੀਂ ਹਾਂ? ਦੱਸੋ ਮੈਂ ਤੁਹਾਡੇ ਵਿੱਚੋਂ ਕਿਸੇ ਦਾ ਖ਼ੂਨ ਵਹਾਇਆ ਹੈ ਜੋ ਤੁਸੀਂ ਮੇਰੇ 'ਤੇ ਜ਼ੁਲਮ ਕਰਨਾ ਚਾਹੁੰਦੇ ਹੋ। ਮੈਂ ਯਜ਼ੀਦ ਨੂੰ ਆਪਣਾ ਹਾਕਮ ਕਿਵੇਂ ਮੰਨ ਲਵਾਂ! ਖ਼ੁਦਾ ਦੀ ਕਸਮ ਮੈਂ ਆਪਣਾ ਹੱਥ ਉਸ ਜ਼ਲੀਲ ਤੇ ਜ਼ਾਲਿਮ ਦੇ ਹੱਥ 'ਚ ਨਹੀਂ ਦੇ ਸਕਦਾ"।

ਇਸ ਪਿੱਛੋਂ ਕਿਸੇ ਨੂੰ ਇਲਮ ਨਹੀਂ ਕਿ ਕੀ ਹੋਇਆ! ਕਰਬਲਾ ਦੇ ਮੈਦਾਨ ਦੀ ਤਪਦੀ ਰੇਤ ਉੱਪਰੋਂ ਪਾਣੀ ਬੰਦ। ਬੱਚਿਆਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਿਆਂ ਦੇਖਿਆ। ਹਜ਼ਰਤ ਹੁਸੈਨ ਨੇ ਇਕ-ਇਕ ਕਰ ਕੇ ਸਾਰੇ ਸਕੇ-ਸਬੰਧੀ ਸ਼ਹੀਦ ਕਰਵਾ ਦਿੱਤੇ ਪਰ ਜ਼ੁਲਮ ਤੇ ਜ਼ਾਲਿਮ ਅੱਗੇ ਸਿਰ ਨਹੀਂ ਝੁਕਾਇਆ। ਕਾਬਿਲੇਗੌਰ ਹੈ ਕਿ ਜੇ ਆਪ ਯਜ਼ੀਦ ਨੂੰ ਆਪਣਾ ਹਾਕਮ ਮੰਨ ਲੈਂਦੇ ਤਾਂ ਆਪ ਨੂੰ ਜਿਹੜਾ ਚਾਹੁੰਦੇ ਅਹੁੱਦਾ ਮਿਲ ਸਕਦਾ ਸੀ, ਦੌਲਤ ਦੇ ਢੇਰ ਮਿਲ ਸਕਦੇ ਸਨ, ਪਰ ਆਪ ਨੇ ਜ਼ਾਲਮ ਦੀ ਹਕੂਮਤ ਨੂੰ ਸਵੀਕਾਰ ਨਹੀਂ ਕੀਤਾ ਅਤੇ ਕੁਰਬਾਨੀ (ਤਿਆਗ) ਦੀ ਅਜਿਹੀ ਮਿਸਾਲ ਪੇਸ਼ ਕੀਤੀ ਕਿ ਅੱਜ ਤਕ ਦੁਨੀਆ ਹੈਰਾਨ ਹੈ। ਜਦੋਂ ਹਜ਼ਰਤ ਹੁਸੈਨ ਇਕੱਲੇ ਰਹਿ ਗਏ ਤਾਂ ਉਨ੍ਹਾਂ 'ਤੇ ਦੁਸ਼ਮਣ ਦੀਆਂ ਫੌਜਾਂ ਨੇ ਤੀਰਾਂ ਦੀ ਬੋਛਾੜ ਕਰ ਦਿੱਤੀ। ਤੀਰਾਂ ਨਾਲ ਆਪ ਦਾ ਜਿਸਮ ਛਲਣੀ ਹੋ ਗਿਆ ਅਤੇ ਆਪ ਘੋੜੇ ਤੋਂ ਗਿਰ ਗਏ। ਦੁਪਹਿਰ ਦੀ ਨਮਾਜ਼ ਦਾ ਸਮਾਂ ਸੀ। ਆਪ ਨੇ ਇਸੀ ਹਾਲਤ 'ਚ ਅੱਲਾਹ ਅੱਗੇ ਆਖ਼ਰੀ ਸਜਦੇ ਲਈ ਆਪਣਾ ਸਿਰ ਝੁਕਾ ਦਿੱਤਾ। ਆਪ ਸਜਦੇ 'ਚ ਸਨ ਕਿ ਪੱਥਰ ਦਿਲ ਦੁਸ਼ਮਣਾਂ ਨੇ ਆਪ ਦਾ ਸਿਰ ਜਿਸਮ ਤੋਂ ਅਲੱਗ ਕਰ ਦਿੱਤਾ। ਇਹ ਦਸ ਮੁਹੱਰਮ (ਯੌਮ-ਏ-ਆਸ਼ੂਰਾ) ਦਾ ਦਿਨ ਸੀ। ਸੱਚਾਈ ਦੀ ਰਾਹ 'ਚ ਇੰਨੀ ਵੱਡੀ ਕੁਰਬਾਨੀ ਲੱਭਣ 'ਤੇ ਵੀ ਨਹੀਂ ਮਿਲਦੀ। ਕਰਬਲਾ ਦੀ ਰੇਤ ਦਾ ਕਣ-ਕਣ ਪੁਕਾਰ ਕੇ ਕਹਿ ਰਿਹਾ ਹੈ ਕਿ ਹੁਸੈਨ ਹੀ 'ਦੀਨ-ਏ-ਮੁਹੰਮਦੀ' ਦੀ ਪੁਸ਼ਤ-ਪਨਾਹ ਹੈ। ਜਿਸ ਨੇ ਉੱਮਤ-ਏ-ਮੁਹੰਮਦੀਆ ਦੀ ਖੇਤੀ ਨੂੰ ਆਪਣੇ ਖ਼ੂਨ ਨਾਲ ਸਿੰਜਾਈ ਕਰ ਕੇ ਹਰਾ-ਭਰਾ ਕਰ ਦਿੱਤਾ ਅਤੇ ਇਸਲਾਮ ਨੂੰ ਇਕ ਨਵੀਂ ਜ਼ਿੰਦਗੀ ਬਖ਼ਸ਼ੀ।

**ਮੋਬਾਈਲ.** 092565-57957





ਅਨਹਦ ਦਾ ਸਬੰਧ ਰੂਹਾਨੀ ਸਾਧਨਾ ਨਾਲ ਹੈ। ਇਸ ਨੂੰ ਅਨਹਦ ਨਾਦ ਵੀ ਕਹਿ ਦਿੱਤਾ ਜਾਂਦਾ ਹੈ। ਸੂਫ਼ੀ ਫ਼ਕੀਰ ਇਸ ਨੂੰ ਬਾਂਗ-ਏ-ਆਸਮਾਨੀ ਅਤੇ ਨਦਾਇ-ਸੁਲਤਾਨੀ ਆਦਿ ਨਾਵਾਂ ਨਾਲ ਵੀ ਜ਼ਿਕਰ ਕਰਦੇ ਹਨ। ਅਨਹਦ ਨਾਦ ਨੂੰ ਹੀ ਸੌਤੇ-ਸਰਮੱਦੀ ਅਤੇ ਸਗਲੇ-ਸਰਮੱਦੀ ਵੀ ਕਹਿ ਦਿੱਤਾ ਜਾਂਦਾ ਹੈ। ਸੰਨਿਆਸੀਆਂ ਅਤੇ ਸਾਧੂਆਂ ਸੰਤਾਂ ਦਾ ਅਨਹਦ ਨਾਦ ਹੀ ਸੂਫ਼ੀਆਂ ਦੀ ਬਾਂਗ-ਏ-ਆਸਮਾਨੀ ਅਤੇ ਸੌਤੇ-ਸਰਮੱਦੀ ਹੈ। ਗ਼ੈਬ ਤੋਂ ਆ ਰਹੀ ਇਸ ਰੂਹਾਨੀ ਆਵਾਜ਼ ਨੂੰ ਸਾਧੂ, ਸੰਤ ਅਤੇ ਸੂਫ਼ੀ ਦਰਵੇਸ਼ ਰੂਹਾਨੀ ਅਭਿਆਸ ਕਰਦਿਆਂ ਸੁਣਦੇ ਹਨ। ਸੂਫ਼ੀ ਦਰਵੇਸ਼ ਮੁਰਾਕਬੇ ਦੀ ਅਵਸਥਾ ਵਿਚ ਜਦੋਂ ਉਨ੍ਹਾਂ ਦੀ ਲੌਅ ਅੱਲਾਹ ਨਾਲ ਲੱਗੀ ਹੁੰਦੀ ਹੈ, ਉਸ ਵੇਲੇ ਇਸ ਗ਼ੈਬੀ ਆਵਾਜ਼ ਨੂੰ ਸੁਣਦੇ ਹਨ। ਹਜ਼ਰਤ ਬਾਬਾ ਬੁੱਲ੍ਹੇ ਸ਼ਾਹ ਅਤੇ ਹਜ਼ਰਤ ਅਮੀਰ ਖੁਸਰੋ ਆਦਿ ਸੂਫ਼ੀ ਫ਼ਕੀਰਾਂ ਨੇ ਆਪਣੇ ਕਲਾਮ ਵਿਚ ਅਨਹਦ ਨਾਦ ਦਾ ਜ਼ਿਕਰ ਕੀਤਾ ਹੈ, ਅਨਹਦ, ਜਿਸ ਦੀ ਕੋਈ ਹੱਦ ਨਹੀਂ ਹੈ। ਇਬਾਦਤ ਅਤੇ ਰਿਆਜ਼ਤ ਕਰਦਿਆਂ ਸੂਫ਼ੀ ਸਾਲਿਕ ਦੀ ਰੂਹ ਜਦੋਂ ਵੱਖ-ਵੱਖ ਰੂਹਾਨੀ ਮੰਡਲਾਂ ਦੀ ਪਰਵਾਜ਼ ਕਰਦੀ ਹੈ ਤਾਂ ਉਨ੍ਹਾਂ ਮੰਡਲਾਂ ਵਿਚ ਅਨਹਦ ਨਾਦ ਦੀਆਂ ਵੱਖ-ਵੱਖ ਕਿਸਮ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਹਜ਼ਰਤ ਅਮੀਰ ਖੁਸਰੋ ਦੇ ਕਲਾਮ ਵਿਚ ਇਨ੍ਹਾਂ ਆਵਾਜ਼ਾਂ ਦਾ ਜ਼ਿਕਰ ਭੰਵਰੇ ਦੀ ਗੂੰਜ ਦੀ ਆਵਾਜ਼, ਸੰਖ ਅਤੇ ਘੰਟੇ ਦੀ ਆਵਾਜ਼, ਮਰਦਿੰਗ ਦੀ ਆਵਾਜ਼, ਮੁਰਲੀ ਜਾਂ ਬੰਸਰੀ ਦੀ ਆਵਾਜ਼ ਦੇ ਤੌਰ 'ਤੇ ਆਇਆ ਹੈ।

**• ਪ੍ਰੋ. ਗੁਰਚਰਨ ਸਿੰਘ ਤਲਵਾੜਾ**

# ਨਿੰਦਾ-ਚੁਗਲੀ ਤੇ ਨਫ਼ਰਤ ਦੀ ਅਗਨ-ਪ੍ਰੀਖਿਆ

ਸਾਡੇ ਸਨਾਤਨ ਵੈਦਿਕ ਗ੍ਰੰਥਾਂ ਵਿਚ ਲਿਖਿਆ ਗਿਆ ਹੈ ਕਿ "84 ਲੱਖ ਜੂਨੀਆਂ ਦੀ ਅਗਨ-ਪ੍ਰੀਖਿਆ ਵਿੱਚੋਂ ਪਾਸ ਹੋਣ ਤੋਂ ਬਾਅਦ ਹੀ ਈਸ਼ਵਰ ਵੱਲੋਂ ਮਨੁੱਖਾ ਜਨਮ ਵਰਦਾਨ ਰੂਪ ਵਿਚ ਦਿੱਤਾ ਜਾਂਦਾ ਹੈ। ਮਨੁੱਖ ਵੱਲੋਂ ਸਦਾ ਆਪਣੇ ਜੀਵਨ ਵਿਚ ਨਿੰਦਾ-ਚੁਗਲੀ ਤੇ ਨਫ਼ਰਤ ਜਿਹੀਆਂ ਬੁਰਾਈਆਂ ਤੋਂ ਨਿਰਲੇਪ ਰਹਿਣ ਦੀ ਅਗਨ-ਪ੍ਰੀਖਿਆ ਪਾਸ ਕਰਨ 'ਤੇ ਬ੍ਰਹਮ-ਤੱਤਵ ਦੀ ਪ੍ਰਾਪਤੀ ਹੁੰਦੀ ਹੈ।"

ਇਕ ਦਿਨ ਆਪਣੇ ਮਨ ਵਿਚ ਜਿਗਿਆਸਾ ਦੀ ਰੀਝ ਲਏ ਕਿਸੇ ਚੇਲੇ ਨੇ ਆਪਣੇ ਗੁਰੂਜਨ ਨੂੰ ਅਰਜ਼ੋਈ ਕੀਤੀ, 'ਗੁਰੂ ਜੀ! ਧਰਮ ਦੀ ਨਜ਼ਰ ਵਿਚ ਦੁਨੀਆ ਅੰਦਰ ਮਨੁੱਖ ਵੱਲੋਂ ਕੀਤਾ ਜਾਣ ਵਾਲਾ ਸਭ ਤੋਂ ਵੱਡਾ ਪਾਪ ਕਿਹੜਾ ਹੈ? ਅਤੇ ਕਿਸੇ ਵੀ ਮਨੁੱਖ ਵੱਲੋਂ ਕੀਤੇ ਉਸ ਮਹਾਪਾਪ ਦਾ ਨਿਵਾਰਨ ਕਿਵੇਂ ਕੀਤਾ ਜਾ ਸਕਦੈ?" ਧਰਮਗੁਰੂ ਨੇ ਉਪਦੇਸ਼ਾਤਮਕ ਲਹਿਜ਼ੇ ਤੇ ਪ੍ਰੇਮ ਭਾਵ ਨਾਲ ਉੱਤਰ ਦਿੱਤਾ,"ਬੇਟਾ! ਦੁਨੀਆ ਵਿਚ ਸਭ ਤੋਂ ਵੱਡਾ ਪਾਪ ਹੈ, ਕਿਸੇ ਦੂਜੇ ਵਿਅਕਤੀ ਦੀ ਨਿੰਦਾ ਜਾਂ ਚੁਗਲੀ ਕਰ ਕੇ/ਸੁਣ ਕੇ ਉਸ ਨੂੰ ਭੌਤਿਕ ਜਾਂ ਮਾਨਸਿਕ ਤੌਰ 'ਤੇ ਨੁਕਸਾਨ ਪਹੁੰਚਾਉਣਾ।"ਦੁਨੀਆ 'ਚ ਕੀਤੇ ਵੱਡੇ ਤੋਂ ਵੱਡੇ ਅਪਰਾਧ ਦਾ ਵੀ ਨਿਵਾਰਨ ਕੀਤਾ ਜਾ ਸਕਦਾ ਹੈ, ਜਿਸ ਦਾ ਇੱਕੋ-ਇਕ ਹੱਲ ਹੈ-'ਆਤਮਿਕ ਤੌਰ 'ਤੇ ਈਸ਼ਵਰ ਨੂੰ ਹਾਜ਼ਰ-ਨਾਜ਼ਰ ਸਮਝ ਕੇ ਪਸ਼ਚਾਤਾਪ' ਕਰਨਾ।ਪ੍ਰੰਤੂ ਚੁਗਲਖੋਰ ਜਾਂ ਨਿੰਦਕ ਵਿਅਕਤੀ ਵੱਲੋਂ ਕੀਤੇ ਮਹਾਂਪਾਪ ਤੋਂ ਮੁਕਤ ਹੋਣ ਦਾ ਉਪਾਅ ਅਧਿਆਤਮਿਕਤਾ ਦੀ ਕਠੋਰ ਸਾਧਨਾ ਰੂਪੀ ਅਗਨ-ਪ੍ਰੀਖਿਆ ਪਾਸ ਕਰਨ 'ਤੇ ਵੀ ਨਹੀ ਹੋ ਸਕਦੈ।'

ਕਹਿਣ ਨੂੰ ਤਾਂ ਆਧੁਨਿਕ ਦੌਰ ਦੇ ਮਨੁੱਖ ਨੇ ਬਹੁਤ ਵਿਕਾਸ ਕਰ ਲਿਆ ਹੈ। ਜੰਗਲਾਂ ਵਿਚ ਪਸ਼ੂਆਂ ਵਰਗਾ ਜੀਵਨ ਜੀਣਾ ਛੱਡ ਚੁੱਕੈ, ਦਰੱਖ਼ਤਾਂ ਦੀ ਛਿੱਲ ਤੇ ਪਸ਼ੂਆਂ ਦੀਆਂ ਖੱਲਾਂ ਦੇ ਪਹਿਰਾਵੇ ਦੀ ਥਾਵੇਂ ਕੋਟ, ਪੈਂਟ ਤੇ ਟਾਈਆਂ/ਨੇਕਟਾਈ ਤਕ ਪਹੁੰਚ ਗਿਆ ਹੈ।।ਸੰਗਮਰਮਰੀ ਮਹਿਲਾਂ, ਲਗਜ਼ਰੀ ਕਾਰਾਂ, ਮਹਿੰਗੀਆਂ ਐਨਕਾਂ, ਹੱਥਾਂ ਵਿੱਚਲੇ ਬੇਸ਼ਕੀਮਤੀ ਮੋਬਾਈਲਾਂ ਤੇ ਗਲ ਵਿਚ ਪਾਏ ਸੋਨੇ, ਚਾਂਦੀ, ਹੀਰੇ- ਮੋਤੀਆਂ ਜੜੇ ਹਾਰ-ਹਮੇਲਾਂ ਨੇ ਮਨੁੱਖ ਨੂੰ 'ਇਕ ਅਮੀਰ ਤੇ ਅਨੋਖੀ ਸ਼ੈਅ ਵਿਚ ਤਬਦੀਲ ਕਰ ਦਿੱਤੈ।।ਸ਼ਾਇਦ ਇਹੀ ਸੌਗਾਤਾਂ ਤਾਂ ਤਰੱਕੀ ਦੇ ਮੌਜੂਦਾ ਦੌਰ ਨੇ ਮਨੁੱਖ ਦੀ ਝੋਲੀ ਪਾਈਆਂ ਹਨ।ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਨੂੰ ਪ੍ਰਕਿਰਤੀ ਤੋਂ ਵੀ ਸ੍ਰੇਸ਼ਠ ਹੋਣ ਦਾ ਭਰਮ ਹੋ ਗਿਐ। ਬਾਵਜੂਦ ਇਸ ਦੇ ਮਨੁੱਖ ਨੇ 'ਨਿੰਦਾ, ਨਫ਼ਰਤ ਤੇ ਚੁਗਲੀ' ਨੂੰ ਜੀਵਨ ਵਿਚ ਅਹਿਮ ਥਾਂ ਦੇ ਕੇ, ਆਪਣੇ ਆਪ ਨੂੰ ਗੰਵਾਰ, ਅਸੱਭਿਅਕ ਬਣਾਉਣ ਵਿਚ ਵੀ ਕੋਈ ਕਸਰ ਨਹੀਂ ਛੱਡੀ। ਵਿਸ਼ਵ ਦਾ ਹਰੇਕ ਧਰਮ ਤੇ ਸੰਪਰਦਾ ਨਿੰਦਾ, ਚੁਗਲੀ ਜਿਹੀਆਂ ਪਾਪ ਭਾਵਨਾਵਾਂ ਪਾਲਦੇ ਲੋਕਾਂ ਦਾ ਵਿਰੋਧ ਕਰਦਾ ਹੈ।ਪ੍ਰੰਤੂ ਫਿਰ ਵੀ ਅੱਜ ਵਿਸ਼ਵ ਦੇ ਕੋਨੇ-ਕੋਨੇ ਵਿਚ ਰਹਿੰਦੇ ਮਨੁੱਖਾਂ ਅੰਦਰ ਨਿੰਦਾ-ਚੁਗਲੀ ਤੇ ਨਫ਼ਰਤ ਦੀ ਭਾਵਨਾ ਆਪਣੀ ਚਰਮ ਸੀਮਾ 'ਤੇ ਹੈ। ਜ਼ਿੰਦਗੀ ਦੇ ਸਾਰੇ ਖੇਤਰਾਂ ਦੇ ਕਣ-ਕਣ ਵਿਚ ਵੱਸ ਗਈ ਹੈ : ਨਿੰਦਾ, ਚੁਗਲੀ, ਨਫ਼ਰਤ ਤੇ ਈਰਖਾ।

ਇਹੀ ਨਹੀਂ ਅਜੋਕੇ ਮਨੁੱਖ ਨੂੰ ਆਪਣੇ ਸਮਾਜਿਕ ਜੀਵਨ ਵਿਚ ਨਿੰਦਿਆ-ਚੁਗਲੀਆਂ ਦਾ ਸੰਤਾਪ ਕਿਸੇ ਦੁਸ਼ਟ ਆਤਮਾ ਦੀ ਬਦੌਲਤ ਕਿਸੇ ਨਾ ਕਿਸੇ ਰੂਪ ਵਿਚ ਭੋਗਣਾ ਪਿਆ ਤੇ ਭੋਗਿਆ ਜਾ ਰਿਹੈ। ਮੋਹ ਭਰੇ ਰਿਸ਼ਤਿਆਂ ਦੇ ਦਿਲ ਰੂਪੀ ਸ਼ੀਸ਼ਿਆਂ ਵਿਚ ਅਕਸਰ ਤਰੇੜਾਂ ਪਾ ਦਿੱਤੀਆਂ ਜਾਂਦੀਆਂ ਹਨ। ਇਥੋਂ ਤਕ ਕਿ ਇੱਕੋ ਮਾਂ ਦੇ ਪੇਟੋਂ ਜਾਇਆਂ ਨੂੰ ਨਫ਼ਰਤ ਤੇ ਦੁਸ਼ਮਣੀ ਦੀ ਸੂਲੀ 'ਤੇ ਟੰਗ ਦਿੱਤਾ ਜਾਂਦਾ ਹੈ।

ਸਾਡੇ ਧਰਮ-ਗ੍ਰੰਥ ਸਦਾ ਹੀ ਨਿੰਦਾ, ਚੁਗਲੀ, ਨਫ਼ਰਤ ਤੇ ਈਰਖਾ ਵਰਗੀਆਂ ਦੂਸ਼ਿਤ ਭਾਵਨਾਵਾਂ ਦੇ ਵਿਰੁੱਧ ਰਹੇ ਹਨ।।ਪਵਿੱਤਰ ਗ੍ਰੰਥ 'ਸ੍ਰੀ ਰਾਮ ਚਰਿਤਮਾਨਸ' ਦੇ ਅਯੋਧਿਆ ਕਾਂਡ ਵਿਚ ਤਾਂ ਗੋਸੁਆਮੀ ਤੁਲਸੀਦਾਸ ਜੀ ਕੁਬੜੀ ਦਾਸੀ ਮੰਥਰਾ ਵਰਗੇ ਨਿੰਦਿਆ-ਚੁਗਲੀ ਕਰਦੇ ਲੋਕਾਂ ਦੇ ਵਚਨਾਂ ਬਾਰੇ ਕਹਿੰਦੇ ਹਨ,'ਉਨ੍ਹਾਂ ਦੀਆਂ ਗੱਲਾਂ ਸੁਣਨ ਵਿਚ ਕੋਮਲ ਤੇ ਮਿੱਠੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਪਰਿਣਾਮ ਭਿਆਨਕ ਹੁੰਦਾ ਹੈ।ਜਿਵੇਂ ਕੋਈ ਸ਼ਹਿਦ ਵਿਚ ਜ਼ਹਿਰ ਘੋਲ ਕੇ ਪਿਲਾ ਰਿਹਾ ਹੋਵੇ।"

ਕਿਹਾ ਗਿਐ :

"ਸੁਨਤ ਬਾਤ ਮ੍ਰਿਦੁ ਅੰਤ ਕਠੋਰੀ।ਦੇਤਿ ਮਨਹੁੰ ਮਧੁ ਮਾਹੁਰ ਘੋਰੀ।(ਅਯੋਧਿਆ ਕਾਂਡ-ਦੋਹਾ ੨੧-੨) "ਆਪਣੀਆਂ ਪਰਛਾਈਆਂ ਫੜੀਆਂ ਜਾ ਸਕਦੀਆਂ ਹਨ ਪ੍ਰੰਤੂ ਚੁਗਲੀਆਂ ਕਰਦੇ ਲੋਕਾਂ ਦੀ ਗਤੀ ਚਾਲ ਨਹੀਂ ਸਮਝੀ ਜਾ ਸਕਦੀ।"

ਤੁਲਸੀ ਦਾਸ ਜੀ ਕੁੱਬ ਪੈਣ ਨਾਲ ਝੁਕ ਕੇ ਚੱਲਣ ਵਾਲੀ ਮੰਥਰਾ ਨੂੰ ਘਰਤੋੜੂ ਤਾਂ ਕਹਿੰਦੇ ਹੀ ਹਨ ਸਗੋਂ ਉਸ ਦੀ ਤੁਲਨਾ ਅਯੋਧਿਆ ਨਗਰੀ ਲਈ ਸਾੜ੍ਹਸਤੀ (ਸ਼ਨੀ ਜੀ ਦੀ ਸਾਢੇ ਸੱਤ ਸਾਲ ਦੀ ਦਸ਼ਾ) ਨਾਂ ਨਾਲ ਵੀ ਕਰਦੇ ਹਨ। ਨੀਚ ਮੰਥਰਾ ਨੇ ਕਕੇਈ ਦੇ ਕੰਨਾਂ ਵਿਚ ਮਿੱਠੇ, ਰਸਭਿੰਨੇ ਪ੍ਰੰਤੂ ਜ਼ਹਿਰ ਘੁਲੇ ਬੋਲਾਂ ਦੀ ਸਹਾਇਤਾ ਨਾਲ ਰਾਜ ਤਿਲਕ ਦੇ ਅਧਿਕਾਰੀ ਭਗਵਾਨ ਸ੍ਰੀ ਰਾਮ ਜੀ, ਮਾਤਾ ਸੀਤਾ ਅਤੇ ਲਕਸ਼ਮਣ ਜੀ ਨੂੰ ਵੀ ਰਾਜ ਤੇ ਕੁਟੰਬ ਆਦਿ ਵੱਲੋਂ ਉਦਾਸੀਨ ਹੋ ਕੇ ਚੌਦਾਂ ਸਾਲ ਲਈ ਵਿਰਕਤ ਮੁਨੀਆਂ ਦੀ ਤਰ੍ਹਾਂ ਜੀਵਨ ਜਿਊਣ ਲਾ ਦਿੱਤਾ ਸੀ।

ਪਵਿੱਤਰ ਗ੍ਰੰਥ ਮਹਾਭਾਰਤ ਵਿਚ ਤਾਂ ਕਿਹਾ ਗਿਐ : "ਮਾੜੇ ਲੋਕਾਂ ਨੂੰ ਚੁਗਲੀ 'ਚ ਹੀ ਆਨੰਦ ਆਉਂਦਾ ਹੈ।ਇਨ੍ਹਾਂ ਲੋਕਾਂ ਦੀ ਤੁਲਨਾ ਉਸ ਕਾਂ ਨਾਲ ਕੀਤੀ ਜਾ ਸਕਦੀ ਹੈ, ਜੋ ਹਰ ਤਰ੍ਹਾਂ ਦੇ ਰਸ ਪੀ ਕੇ ਵੀ ਸੰਤੁਸ਼ਟ ਗੰਦਗੀ ਤੋਂ ਹੀ ਹੁੰਦਾ ਹੈ। ਰਬਿੰਦਰ ਨਾਥ ਟੈਗੋਰ ਤਾਂ ਕਹਿੰਦੇ ਹਨ, "ਜੇ ਕੋਈ ਤੁਹਾਡੀ ਚੁਗਲੀ ਕਰਦਾ ਹੈ ਤਾਂ ਅੰਦਰ ਹੀ ਅੰਦਰ ਖ਼ੁਸ਼ ਹੋਵੋ ਕਿਉਂਕਿ ਚੁਗਲੀ ਕਰ ਕੇ ਉਹ ਤੁਹਾਡਾ ਪਾਪ ਆਪਣੇ ਉੱਪਰ ਲੈ ਰਿਹਾ ਹੈ।"

ਕਬੀਰ ਜੀ ਲਿਖਦੇ ਹਨ : ਨਿੰਦਿਆ ਕਰਨ ਵਾਲੇ (ਨਿੰਦਕ) ਨੂੰ ਆਪਣੇ ਘਰ ਅੰਦਰ ਕੁਟੀਆ/ਝੌਂਪੜੀ ਬਣਾ ਕੇ ਰੱਖਣਾ ਚਾਹੀਦਾ ਹੈ ਕਿਉਂਕਿ ਉਹ ਬਿਨਾਂ ਪਾਣੀ ਅਤੇ ਸਾਬਨ ਦੇ ਸਾਡੇ ਸੁਭਾਅ ਨੂੰ ਨਿਰਮਲ ਕਰ ਦਿੰਦਾ ਹੈ- "ਨਿੰਦਕ ਨਿਯਰੇ ਰਾਖੀਏ ਆਂਗਣ ਕੁਟੀ ਛਵਾਇ। ਬਿਨੁ ਪਾਨੀ ਸਾਬੁਨ ਬਿਨਾ, ਨਿਰਮਲ ਕਰੇ ਸੁਭਾਇ।।

ਸਨਾਤਨ ਧਰਮ ਗ੍ਰੰਥ ਵਿਚ ਆਧੁਨਿਕ ਯੁਗ ਦੇ ਪਰਿਪੇਖ ਵਿਚ ਮਨੁੱਖੀ ਜੀਵ ਦੀ ਮਾਨਸਿਕ ਅਵਸਥਾ ਬਾਰੇ ਲਿਖਿਆ ਉਚਿੱਤ ਹੀ ਤਾਂ ਹੈ :

"ਚੁਗਲੀ ਨਿੰਦਿਆ ਭਜੁ ਭਜੁ ਕਰਦੀ, ਕਥਾ ਸੁਣਦੀ ਨੂੰ ਲੱਗਦੈ ਪਾਲਾ। ਜੁ ਹਰਿ ਨਾਮੁ ਨ ਜਪੇ, ਉਹਿ ਜੀਭਾ ਨੂੰ ਲਗਿ ਜਾਇ ਤਾਲਾ।।

ਨਿੰਦਿਆ-ਚੁਗਲੀ ਵਿਚ ਆਪਣੀ ਜ਼ਿੰਦਗੀ ਜੀਅ ਰਹੇ ਲੋਕਾਂ ਨੂੰ ਸ੍ਰੀ ਰਾਮ ਚਰਿਤ ਮਾਨਸੁ ਵਿਚ ਦਿੱਤੇ ਉਪਦੇਸ਼ ਨੂੰ ਧਾਰਣ ਕਰ ਲੈਣਾ ਬਣਦਾ ਹੈ, ਜਿਸਦੇ ਅਰਥ ਹਨ,"ਈਸ਼ਵਰ ਆਪਣੇ ਹਿਰਦੇ ਵਿਚ ਵਿਚਾਰਕੇ ਹੀ ਸ਼ੁਭ-ਅਸ਼ੁਭ ਕਰਮਾਂ ਦਾ ਫਲ ਦਿੰਦੇ ਹਨ।ਜੋ ਕੋਈ ਜਿਹੋ-ਜਿਹਾ ਕਰਮ ਕਰਦਾ ਹੈ, ਵੈਸਾ ਹੀ ਫਲ ਪ੍ਰਾਪਤ ਕਰਦਾ ਹੈ। ਇਹ ਵੇਦ ਨੀਤੀ ਵੀ ਹੈ, ਅਜਿਹਾ ਹਰ ਕੋਈ ਕਹਿੰਦਾ ਵੀ ਹੈ।

"ਸੁਭ ਅਰੁ ਅਸੁਭ ਕਰਮ ਅਨੁਹਾਰੀ।
ਈਸੁ ਦੇਇ ਫਲੁ ਹਰਿਦਯਮ ਬਿਚਾਰੀ।।

ਮਨੁੱਖ ਆਪਣੀ ਜ਼ਿੰਦਗੀ ਨੂੰ ਨਿੰਦਿਆ, ਚੁਗਲੀਆਂ ਤੇ ਈਰਖਾ ਦੀਆਂ ਬੁਰਾਈਆਂ ਤੋਂ ਬਚਾ ਕੇ ਪਵਿੱਤਰ ਵੇਦ-ਸ਼ਾਸਤਰਾਂ ਦੁਆਰਾ ਦੱਸੇ ਅਧਿਆਤਮਿਕਤਾ ਦੇ ਸਦਮਾਰਗ 'ਤੇ ਚੱਲਕੇ ਆਪਣਾ ਜਨਮ ਸਫਲਾ ਕਰੇ। ਕਿਸੇ ਦੂਜੇ ਦਾ ਮਨ-ਵਚਨ ਤੇ ਕਰਮ ਰਾਹੀਂ ਬੁਰਾ ਕਰਨ ਦੀ ਆਦਤ ਤੋਂ ਨਿਰਲੇਪ ਰਹਿਕੇ ਜ਼ਿੰਦਗੀ ਦੀ ਅਗਨ-ਪ੍ਰੀਖਿਆ ਪਾਸ ਕਰੇ।

ਇਹੀ ਮੁਕਤੀ ਦਾ ਰਾਹ ਹੈ। ਇਸ ਰਾਹ 'ਤੇ ਚੱਲਣ ਵਾਲੀਆਂ ਸ੍ਰੇਸ਼ਠ ਆਤਮਾਵਾਂ ਲਈ ਹੀ ਈਸ਼ਵਰ ਬੈਕੁੰਠ ਧਾਮ ਦੇ ਦਰਵਾਜ਼ੇ ਖੋਲ੍ਹਦੇ ਹਨ।

**• ਤਲਵਿੰਦਰ ਸ਼ਾਸਤਰੀ ਨਾਰੀਕੇ**
**ਮੋਬਾਈਲ** 94643-48258

# ਹਰਿਮੰਦਰ ਸਾਹਿਬ ਵਿਖੇ ਚੌਂਕੀ ਸ਼ਬਦ ਕੀਰਤਨ ਮਰਿਆਦਾ

**ਦਿਲਜੀਤ ਸਿੰਘ 'ਬੇਦੀ'**

ਸਿੱਖ ਧਰਮ ਵਿਚ ਚੌਕੀ ਦਾ ਸਬੰਧ ਚਾਰ ਰਾਗੀਆਂ ਦੀ ਕੀਰਤਨ ਸਭਾ ਨਾਲ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਤੋਂ ਹੀ ਚਾਰ ਚੌਕੀਆਂ ਸ਼ੁਰੂ ਕੀਤੀਆਂ ਸੀ। (1) ਅੰਮ੍ਰਿਤ ਵੇਲੇ ਦੀ ਆਸਾ ਕੀ ਵਾਰ ਦੀ ਚੌਕੀ। (2) ਸਵਾ ਪਹਿਰ ਦਿਨ ਚੜ੍ਹਨ 'ਤੇ ਕੀਤੀ ਜਾਣ ਵਾਲੀ ਚਰਨਕੰਵਲ ਕੀ ਚੌਕੀ। (3) ਸ਼ਾਮ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਕੀ ਚੌਕੀ। (4) ਚਾਰ ਘੜੀ ਰਾਤ ਦੇ ਬੀਤਣ ਉਪਰੰਤ ਕਲਿਆਣ ਦੀ ਚੌਕੀ। ਇਹ ਚੌਕੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਭਾਤ ਵੇਲੇ ਪ੍ਰਕਾਸ਼ ਹੋ ਚੁੱਕਣ ਤੋਂ ਸ਼ੁਰੂ ਹੋ ਕੇ ਰਾਤ ਨੂੰ ਮਰਿਆਦਾ ਦੀ ਸਮਾਪਤੀ ਤਕ ਹੁੰਦੀਆਂ ਹਨ ਅਤੇ ਹੁਣ ਵੀ ਕੁਝ ਸਮੇਂ ਦੇ ਵਾਧ ਘਾਟ ਨਾਲ ਪ੍ਰਚੱਲਿਤ ਚੱਲੀਆਂ ਆ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਰਸਾਲਾ ਗੁਰਦੁਆਰਾ ਗਜ਼ਟ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਪ੍ਰਕਾਸ਼ਤ ਕੀਤੀ ਜਾਂਦੀ ਹੈ। ਜੋ ਇਸ ਤਰ੍ਹਾਂ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਿਆਦਾ :

ਕਿਵਾੜ ਖੁੱਲ੍ਹਣ ਦਾ ਸਮਾਂ 2-00 ਵਜੇ ਅੰਮ੍ਰਿਤ ਵੇਲੇ, ਕੀਰਤਨ ਆਰੰਭ 2-00 ਵਜੇ ਅੰਮ੍ਰਿਤ ਵੇਲੇ, ਆਸਾ ਦੀ ਵਾਰ ਦਾ ਕੀਰਤਨ ਆਰੰਭ 3-00 ਵਜੇ ਸਵੇਰੇ, ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ 4-00 ਵਜੇ ਸਵੇਰੇ, ਪਹਿਲਾ ਹੁਕਮਨਾਮਾ 4-00 ਵਜੇ ਸਵੇਰੇ, ਪਹਿਲੀ ਅਰਦਾਸ 5-00 ਵਜੇ ਸਵੇਰੇ, ਆਸਾ ਦੀ ਵਾਰ ਦੀ ਸਮਾਪਤੀ 6-00 ਵਜੇ ਸਵੇਰੇ, ਦੂਸਰੀ ਅਰਦਾਸ ਤੇ ਹੁਕਮਨਾਮਾ 6-15 ਵਜੇ ਸਵੇਰੇ, ਸ਼ਾਮ ਨੂੰ ਸੋਦਰੁ, ਰਹਿਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ, ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ 10-30 ਵਜੇ ਰਾਤ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਚੱਲਣ ਦਾ ਸਮਾਂ 10-45 ਵਜੇ ਰਾਤ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ 11-00 ਵਜੇ ਰਾਤ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।

ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫ਼ਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ। ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।

ਫਿਰ ਤਿੰਨ-ਪਹਿਰੇ ਦੀ ਚੌਕੀ ਦਾ ਕੀਰਤਨ ਹੁੰਦਾ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।



ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਸ਼ਨਾਨ ਤੋਂ ਬਾਅਦ ਵਿਛਾਈਆਂ ਕੀਤੀਆਂ ਜਾਂਦੀਆਂ ਹਨ ਗੁਰੂ ਗ੍ਰੰਥ ਜੀ ਦੇ ਪ੍ਰਕਾਸ਼ ਲਈ ਸਿੰਘਾਸਨ ਤਿਆਰ ਕੀਤਾ ਜਾਂਦਾ ਹੈ। ਦੂਜੇ ਪਾਸੇ ਹਰਿਮੰਦਰ ਸਾਹਿਬ ਦੇ ਕਿਵਾੜ ਖੁੱਲ੍ਹਣ ਤੋਂ ਪਹਿਲਾਂ ਦਰਸ਼ਨੀ ਡਿਓੜੀ ਦੇ ਬਾਹਰ ਪ੍ਰੇਮੀ ਸਿੰਘ ਸ਼ਬਦ ਪੜ੍ਹਦੇ ਹਨ- ਉਦਰਮਾਦੇ ਠਾਢੇ ਦਰਬਾਰਿ। ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸ਼ਨ ਦੀਜੈ ਖੋਲਿ ਕਿਵਾਰ।" ਇਸ ਸ਼ਬਦ ਦੇ ਗਾਇਣ ਤੋਂ ਬਾਅਦ ਗਰਮੀਆਂ ਵਿਚ ਦੋ ਵਜੇ ਅਤੇ ਸਰਦੀਆਂ ਵਿਚ ਤਿੰਨ ਵਜੇ ਕਿਵਾੜ ਖੁੱਲ੍ਹਜਾਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਕੀਰਤਨ ਆਰੰਭ ਹੋ ਜਾਂਦਾ ਹੈ। ਇਕ ਘੰਟੇ ਦੀ ਇਹ ਚੌਕੀ ਸਰਦੀਆਂ ਵਿਚ ਚਾਰ ਵਜੇ ਅਤੇ ਗਰਮੀਆਂ ਵਿਚ ਤਿੰਨ ਵਜੇ ਸਮਾਪਤ ਹੁੰਦੀ ਹੈ।

ਤਿੰਨ ਪਹਿਰ ਵਾਲੀ ਚੌਕੀ ਤੋਂ ਬਾਅਦ ਦੂਜਾ ਰਾਗੀ ਜਥਾ 'ਆਸਾ ਕੀ ਵਾਰ' ਦਾ ਕੀਰਤਨ ਸ਼ੁਰੂ ਕਰ ਦਿੰਦਾ ਹੈ। ਇਕ ਘੰਟੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਗ੍ਰੰਥੀ ਸਿੰਘ, ਸੰਗਤ ਸਹਿਤ ਸ਼ਬਦ ਗਾਇਨ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਲੈ ਕੇ ਆਉਂਦੇ ਹਨ। ਮੁੱਖ ਦੁਆਰ ਉੱਤੇ ਪਹੁੰਚਣ 'ਤੇ ਪਾਲਕੀ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗ੍ਰੰਥੀ ਸਿੰਘ ਸਿੰਘਾਸਨ ਉੱਤੇ ਬਿਰਾਜਮਾਨ ਕਰਦੇ ਹਨ ਅਤੇ ਵਾਕ ਲੈਂਦੇ ਹਨ। 'ਆਸਾ ਕੀ ਵਾਰ' ਦਾ ਬੰਦ ਕੀਤਾ ਕੀਰਤਨ ਫਿਰ ਆਰੰਭ ਕਰ ਦਿੱਤਾ ਜਾਂਦਾ ਹੈ। ਕੀਰਤਨ ਦੀ ਸਮਾਪਤੀ ਤੋਂ ਬਾਅਦ ਸਰਦੀਆਂ ਵਿਚ ਸੱਤ ਵਜੇ ਅਤੇ ਗਰਮੀਆਂ ਵਿਚ ਛੇ ਵਜੇ ਅਰਦਾਸ ਹੁੰਦੀ ਹੈ।

'ਆਸਾ ਕੀ ਵਾਰ' ਤੋਂ ਬਾਅਦ ਦਿਨ ਦੇ 12 ਵਜੇ ਤਕ ਕੀਰਤਨ ਹੁੰਦਾ ਹੈ ਅਤੇ ਸ਼ਬਦ ਚੌਕੀ ਦੀ ਅਰਦਾਸ ਹੁੰਦੀ ਹੈ। ਫਿਰ ਕੀਰਤਨ ਆਰੰਭ ਹੋ ਜਾਂਦਾ ਹੈ। ਤਿੰਨ ਵਜੇ ਤੋਂ ਬਾਅਦ ਸ਼ਬਦ-ਚੌਕੀ ਚਰਨ ਕਮਲ ਦੀ ਅਰਦਾਸ ਹੁੰਦੀ ਹੈ। ਫਿਰ ਕੀਰਤਨ ਆਰੰਭ ਹੋ ਜਾਂਦਾ ਹੈ।

ਸੂਰਜ ਛਿਪਣ 'ਤੇ ਰਹਿਰਾਸ ਦੀ ਅਰਦਾਸ ਹੁੰਦੀ ਹੈ ਅਤੇ ਆਰਤੀ ਕਰ ਚੁੱਕਣ ਤੋਂ ਬਾਅਦ ਫਿਰ ਕੀਰਤਨ ਆਰੰਭ ਹੋ ਜਾਂਦਾ ਹੈ। ਇਸ ਚੌਕੀ ਨੂੰ ਆਰਤੀ ਅਤੇ ਕਲਿਆਣ ਦੀ ਚੌਕੀ ਕਹਿੰਦੇ ਹਨ। ਇਸ ਚੌਕੀ ਤੋਂ ਲਗਪਗ ਇਕ ਘੰਟੇ ਬਾਅਦ ਪ੍ਰੇਮੀ ਸਿੰਘਾਂ ਦੀ ਚੌਕੀ ਸ਼ਬਦ ਪੜ੍ਹਦੀ ਹੈ। ਅਰਦਾਸ ਤੋਂ ਬਾਅਦ ਫਿਰ ਕੀਰਤਨ ਸ਼ੁਰੂ ਹੋ ਜਾਂਦਾ ਹੈ। ਇਸ ਨੂੰ ਕੀਰਤਨ ਸੋਹਿਲੇ ਦੀ ਚੌਕੀ ਕਰ ਕੇ ਜਾਣਿਆ ਜਾਂਦਾ ਹੈ। ਇਹ ਚੌਕੀ ਗਰਮੀਆਂ ਵਿਚ 10.30 ਵਜੇ ਅਤੇ ਸਰਦੀਆਂ ਵਿਚ 9.30 ਵਜੇ ਸਮਾਪਤ ਹੁੰਦੀ ਹੈ। ਕੀਰਤਨ ਸੋਹਿਲੇ ਦਾ ਪਾਠ ਕਰਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਾਸਣ ਕਰ ਕੇ, ਅਰਦਾਸ ਕਰਨ ਉਪਰੰਤ ਗ੍ਰੰਥੀ ਸਿੰਘ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਆਦਰ ਸਹਿਤ ਸੰਗਤਾਂ ਵਲੋਂ ਲਿਆਂਦੀ ਹੋਈ ਪਾਲਕੀ ਵਿਚ ਸੁਸ਼ੋਭਿਤ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਦੁਆਰ ਬੰਦ ਕਰ ਦਿੱਤੇ ਜਾਂਦੇ ਹਨ। ਸੰਗਤਾਂ ਸ਼ਬਦ ਗਾਇਨ ਕਰਦੀਆਂ ਪਾਲਕੀ ਸਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਚੱਲ ਪੈਂਦੀਆਂ ਹਨ। ਉੱਥੇ ਪਹੁੰਚਣ 'ਤੇ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਸਹਿਤ ਸੁਖਾਸਣ ਵਾਲੇ ਕਮਰੇ (ਕੋਠਾ ਸਾਹਿਬ) ਵਿਚ ਪਲੰਘ ਉੱਤੇ ਬਿਰਾਜਮਾਨ ਕਰਦੇ ਹਨ। ਇਸ ਤਰ੍ਹਾਂ ਹਰ ਰੋਜ਼ 18 ਤੋਂ 20 ਘੰਟੇ ਤਕ ਸ੍ਰੀ ਹਰਿਮੰਦਰ ਸਾਹਿਬ ਵਿਚ ਵੱਖ-ਵੱਖ ਚੌਕੀਆਂ ਰਾਹੀਂ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਇਹ ਸਾਰੀ ਕੀਰਤਨ ਪ੍ਰਕਿਰਿਆ ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਤ ਚਾਰ ਚੌਕੀਆਂ ਦੇ ਅੰਤਰਗਤ ਹੈ।

**ਮੋਬਾਈਲ :** 98148 98570

# ਪੰਜਾਬ ਨੇ 30 ਲੱਖ ਪਸ਼ੂਧਨ ਦੇ ਮਸਨੂਈ ਗਰਭਧਾਨ ਦਾ ਟੀਚਾ ਮਿੱਥਿਆ: ਗੁਰਮੀਤ ਸਿੰਘ ਖੁੱਡੀਆਂ

## ➢ ਨਾਭਾ ਅਤੇ ਰੋਪੜ ਦੇ ਸੀਮਨ ਸਟੇਸ਼ਨਾਂ ’ਤੇ ਮੁਰ੍ਹਾ ਅਤੇ ਹੋਰ ਨਸਲਾਂ ਦੇ ਕੁੱਲ 139 ਸਾਨ੍ਹ ਰੱਖੇ ➢ ਪੰਜਾਬ ਵਿੱਚ ਮੁਰ੍ਹਾ ਅਤੇ ਸਾਹੀਵਾਲ ਦੀ ਪ੍ਰੋਜਨੀ ਟੈਸਟਿੰਗ ਅਤੇ ਨੀਲੀ ਰਾਵੀ ਦੀ ਪੈਡੀਗਿਰੀ ਸਿਲੈਕਸ਼ਨ ਦੇ ਪ੍ਰਾਜੈਕਟਾਂ ਨੂੰ ਕੀਤਾ ਜਾ ਰਿਹੈ ਲਾਗੂ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਪਸ਼ੂਆਂ ਦੀ ਨਸਲ ਵਿੱਚ ਸੁਧਾਰ ਕਰਕੇ ਦੁੱਧ ਦੇ ਉਤਪਾਦਨ ਅਤੇ ਪਸ਼ੂਆਂ ਦੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਦੇ ਉਦੇਸ਼ ਨਾਲ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਨੇ ਸੂਬੇ ਭਰ ਵਿੱਚ ਸਾਲਾਨਾ 30 ਲੱਖ ਦੁਧਾਰੂ ਪਸ਼ੂਆਂ ਦੇ ਮਸਨੂਈ ਗਰਭਧਾਰਨ ਦਾ ਟੀਚਾ ਮਿੱਥਿਆ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਅੱਜ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ ਨਾਭਾ ਅਤੇ ਰੋਪੜ ਵਿਖੇ ਦੋ ਸੀਮਨ ਸਟੇਸ਼ਨ ਹਨ। ਉਨ੍ਹਾਂ ਦੱਸਿਆ ਕਿ ਪਸ਼ੂਧਨ ਦੀ ਜੈਨੇਟਿਕ ਗੁਣਾਂ ਨੂੰ ਬਿਹਤਰ ਬਣਾਉਣ ਵਾਸਤੇ ਚੰਗੀ ਗੁਣਵੱਤਾ ਦੇ ਵੀਰਜ ਉਤਪਾਦਨ ਲਈ ਨਾਭਾ ਦੇ ਏ-ਗਰੇਡ ਸੀਮਨ ਸਟੇਸ਼ਨ ’ਤੇ ਕੁੱਲ 93 ਸਾਨ੍ਹ (ਬੁੱਲਜ਼) ਰੱਖੇ ਗਏ ਹਨ। ਇਨ੍ਹਾਂ ਵਿੱਚ 60 ਮੁਰ੍ਹਾ ਨਸਲ ਦੇ ਸਾਨ੍ਹ, 10 ਨੀਲੀ ਰਾਵੀ ਨਸਲ ਦੇ ਸਾਨ੍ਹ, 7 ਹੋਲਸਟਾਈਨ ਫ੍ਰੀਜ਼ੀਅਨ (ਐਚ.ਐਫ.), 4 ਐਚ.ਐਫ. ਕਰਾਸ, 3 ਜਰਸੀ ਅਤੇ 9 ਸਾਹੀਵਾਲ ਨਸਲ ਦੇ ਸਾਨ੍ਹ ਸ਼ਾਮਲ ਹਨ। ਇਸੇ ਤਰ੍ਹਾਂ ਰੋਪੜ ਦੇ ਬੀ-ਗਰੇਡ ਸੀਮਨ ਸਟੇਸ਼ਨ ’ਤੇ ਕੁੱਲ 46 ਸਾਨ੍ਹ ਰੱਖੇ ਗਏ ਹਨ। ਇਨ੍ਹਾਂ ਵਿੱਚ 26 ਮੁਰ੍ਹਾ ਨਸਲ ਦੇ ਅਤੇ 8 ਨੀਲੀ ਰਾਵੀ ਨਸਲ ਦੇ ਸਾਨ੍ਹਾਂ ਤੋਂ ਇਲਾਵਾ 4 ਹੋਲਸਟੀਨ ਫ੍ਰੀਜ਼ੀਅਨ (ਐਚ.ਐਫ.), 1 ਐਚ.ਐਫ. ਕਰਾਸ ਅਤੇ 7 ਸਾਹੀਵਾਲ ਨਸਲ ਦੇ ਬੁੱਲਜ਼ ਹਨ।



ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਨੀਲੀ ਰਾਵੀ ਲਈ ਪੈਡੀਗਿਰੀ ਸਿਲੈਕਸ਼ਨ ਅਤੇ ਮੁਰ੍ਹਾ ਤੇ ਸਾਹੀਵਾਲ ਲਈ ਪ੍ਰੋਜਨੀ ਟੈਸਟਿੰਗ (ਪੀ.ਟੀ) ਪ੍ਰਾਜੈਕਟ ਸ਼ੁਰੂ ਕੀਤੇ ਹਨ। ਇਹ ਪ੍ਰਾਜੈਕਟ ਰਾਸ਼ਟਰੀ ਗੋਕੁਲ ਮਿਸ਼ਨ ਤਹਿਤ ਰਾਸ਼ਟਰੀ ਡੇਅਰੀ ਵਿਕਾਸ ਬੋਰਡ (ਐਨ.ਡੀ.ਡੀ.ਬੀ.) ਰਾਹੀਂ ਮੁਰ੍ਹਾ, ਸਾਹੀਵਾਲ ਅਤੇ ਨੀਲੀ ਰਾਵੀ ਨਸਲਾਂ ਦੇ ਜੈਨੇਟਿਕ ਗੁਣਾਂ ਨੂੰ ਸੁਧਾਰਨ ’ਤੇ ਕੇਂਦਰਿਤ ਹਨ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੀ.ਟੀ.-ਮੁਰ੍ਹਾ ਪ੍ਰਾਜੈਕਟ ਪਟਿਆਲਾ, ਬਰਨਾਲਾ ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ ਹੈ ਜਦੋਂਕਿ ਪੀ.ਟੀ.-ਸਾਹੀਵਾਲ ਪ੍ਰਾਜੈਕਟ ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਲਾਗੂ ਹੈ। ਇਸਦੇ ਨਾਲ ਹੀ ਪੀ.ਐਸ.-ਨੀਲੀ ਰਾਵੀ ਪ੍ਰਾਜੈਕਟ ਪੰਜਾਬ ਦੇ ਅੰਮ੍ਰਿਤਸਰ, ਤਰਨ ਤਾਰਨ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਲਾਗੂ ਹੈ।

ਉਨ੍ਹਾਂ ਅੱਗੇ ਦੱਸਿਆ ਕਿ 2019-26 ਤੱਕ ਇਨ੍ਹਾਂ ਪ੍ਰਾਜੈਕਟਾਂ ਦਾ ਕੁੱਲ ਵਿੱਤੀ ਖਰਚ ਲਗਭਗ 57 ਕਰੋੜ ਰੁਪਏ ਹੈ, ਜਿਸ ਵਿੱਚੋਂ 28.5 ਕਰੋੜ ਰੁਪਏ ਪੀ.ਟੀ.- ਮੁਰ੍ਹਾ ਲਈ, 20.88 ਕਰੋੜ ਰੁਪਏ ਪੀ.ਟੀ.- ਸਾਹੀਵਾਲ ਲਈ ਅਤੇ 7.55 ਕਰੋੜ ਰੁਪਏ ਪੀ.ਐਸ.-ਨੀਲੀ ਰਾਵੀ ਪ੍ਰਾਜੈਕਟ ਲਈ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਇਨ੍ਹਾਂ ਪ੍ਰਾਜੈਕਟਾਂ ਤਹਿਤ ਕੁੱਲ 25.8 ਕਰੋੜ ਰੁਪਏ ਦੇ ਫੰਡਾਂ ਦੀ ਵਰਤੋਂ ਕੀਤੀ ਜਾ ਚੁੱਕੀ ਹੈ, ਜਿਸ ਵਿੱਚੋਂ ਸੂਬੇ ਦੇ ਇਨ੍ਹਾਂ ਚੋਣਵੇਂ ਜ਼ਿਲ੍ਹਿਆਂ ਵਿੱਚ ਕਿਸਾਨਾਂ ਦੀ ਭਲਾਈ ਲਈ 16.25 ਕਰੋੜ ਰੁਪਏ ਪੀ.ਟੀ.-ਮੁਰ੍ਹਾ, 6.89 ਕਰੋੜ ਰੁਪਏ ਪੀ.ਟੀ.-ਸਾਹੀਵਾਲ ਅਤੇ 2.66 ਕਰੋੜ ਰੁਪਏ ਪੀ.ਐਸ.-ਨੀਲੀ ਰਾਵੀ ਪ੍ਰਾਜੈਕਟਾਂ ਅਧੀਨ ਵਰਤੇ ਗਏ ਹਨ। ਇਨ੍ਹਾਂ ਪ੍ਰਾਜੈਕਟਾਂ ਅਧੀਨ 2019 ਤੋਂ ਹੁਣ ਤੱਕ ਕੁੱਲ 419 ਮੁਰ੍ਹਾ ਨਸਲ, 194 ਸਾਹੀਵਾਲ ਨਸਲ ਅਤੇ 19 ਨੀਲੀ ਰਾਵੀ ਨਸਲ ਦੇ ਚੰਗੇ ਜੈਨੇਟਿਕ ਗੁਣਾਂ ਵਾਲੇ ਝੋਟੇ/ਵੱਛੇ (ਕਾਲਵਜ਼) ਖਰੀਦੇ ਗਏ ਹਨ।

ਮਜ਼ਬੂਤ ਨਿਗਰਾਨ ਅਤੇ ਰਿਕਾਰਡਿੰਗ ਪ੍ਰਣਾਲੀਆਂ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਪਸ਼ੂਧਨ ਦੇ ਜੈਨੇਟਿਕ ਗੁਣਾਂ ਵਿੱਚ ਸੁਧਾਰ, ਦੁੱਧ ਉਤਪਾਦਨ ਵਿੱਚ ਵਾਧੇ, ਗੁਣਵੱਤਾ ਵਿੱਚ ਸੁਧਾਰ ਜ਼ਰੀਏ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਦਿਆਂ ਪੰਜਾਬ ਦੇ ਡੇਅਰੀ ਸੈਕਟਰ ਦੀ ਮਜ਼ਬੂਤੀ ਲਈ ਬੇਹੱਦ ਅਹਿਮ ਹਨ।

ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਨੇ ਕਿਹਾ ਕਿ ਵਿਭਾਗ ਨੇ ਪੰਜਾਬ ਨੂੰ ਕਿਸਾਨਾਂ ਦੀ ਤਰੱਕੀ ਲਈ ਇੱਕ ਮਿਸਾਲੀ ਸੂਬੇ ਵਜੋਂ ਸਥਾਪਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਲਈ ਡੇਅਰੀ ਪਸ਼ੂਧਨ ਦੀਆਂ ਪ੍ਰਜਣਨ ਅਤੇ ਦੁੱਧ ਚੁਆਈ ਸਮੇਤ ਵੱਖ-ਵੱਖ ਗਤੀਵਿਧੀਆਂ ਦੀ ਸਹੀ ਨਿਗਰਾਨੀ ਅਤੇ ਰਿਕਾਰਡਿੰਗ ਲਈ ਇੱਕ ਮਜ਼ਬੂਤ ਪ੍ਰਣਾਲੀ ਸਥਾਪਤ ਕੀਤੀ ਹੈ। ਇਹ ਪ੍ਰਾਜੈਕਟ ਸੂਬੇ ਨੂੰ ਡੇਅਰੀ ਵਿਕਾਸ ਦਾ ਧੁਰਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

# ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਆਪਣੇ ਨਰਮੇ ਦੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਨ ਦੀ ਅਪੀਲ

**ਫਾਜ਼ਿਲਕਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਫਾਜ਼ਿਲਕਾ ਸੰਦੀਪ ਕੁਮਾਰ ਰਿਣਵਾ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਵੀਰ ਹੁਣ ਆਪਣੇ ਨਰਮੇ ਦੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ ਕਿਉਂਕਿ ਇਹ ਸਮਾਂ ਹੁਣ ਗੁਲਾਬੀ ਸੁੰਡੀ ਦੇ ਹਮਲੇ ਲਈ ਢੁੱਕਵਾਂ ਹੈ ਕਿਉਂਕਿ ਹੁਣ ਨਰਮਾ ਫੁੱਲ੍ਹ ਗੁੱਡੀ ਨਾਲ ਭਰਪੂਰ ਹੈ।



ਉਨ੍ਹਾਂ ਦੱਸਿਆ ਕਿ ਗੁਲਾਬੀ ਸੁੰਡੀ ਦਾ ਪਤੰਗਾ ਫੁੱਲ ਗੁੱਡੀ ਤੇ ਅੰਡੇ ਦਿੰਦਾ ਹੈ ਅਤੇ ਅੰਡੇ ਵਿੱਚੋਂ ਸੁੰਡੀ ਨਿਕਲਣ ਤੋਂ ਬਾਅਦ ਉਹ ਫੁੱਲ, ਗੁੱਡੀ ਤੋਂ ਟਿੰਡੇ ਵਿੱਚ ਵੜ ਜਾਂਦੀ ਹੈ। ਜਿਸ ਦਾ ਕਿਸਾਨ ਨੂੰ ਬਾਅਦ ਵਿੱਚ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਕਿਸਾਨ ਹੁਣ ਤੋਂ ਹੀ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ ਅਤੇ ਆਪਣੀ ਫਸਲ ਵਿੱਚ ਫਿਰੋਮਾਨ ਟਰੈਪ ਲਗਾ ਦੇਣ। ਜੇਕਰ ਗੁਲਾਬੀ ਸੁੰਡੀ ਜਾਂ ਟਰੈਪ ਵਿੱਚ ਪਤੰਗਾ ਨਜ਼ਰ ਆਉਂਦਾ ਹੈ ਤਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਸ਼ ਅਨੁਸਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਨਰਮੇ ਦੀ ਫਸਲ ਦੇ ਪਹਿਲੇ 60 ਤੋਂ 120 ਦਿਨਾਂ ਵਿੱਚ ਪ੍ਰੋਕਲੇਨ 5 ਐੱਸ ਜੀ 100 ਗ੍ਰਾਮ, ਪ੍ਰੋਫੈਨੋਫਾਸ 50 ਈਸੀ 500 ਮਿ.ਲੀ.(ਫਲੂਬੈਂਡੀਆਮਾਈਡ) 40 ਮਿ.ਲਿ. ਅਤੇ ਨਰਮੇ ਦੀ 120 ਦਿਨਾਂ ਤੋਂ ਬਾਅਦ ਦੀ ਫਸਲ ਤੇ ਡੇਸਿਸ 2.8 ਈ.ਸੀ (ਡੈਲਟਾਮੈਥਰਿਨ) 160 ਮਿ.ਲਿ, ਫੈਨਵਲ 20 ਈ.ਸੀ (ਫੈਨਵਲਰੇਟ) 100 ਮਿ.ਲਿ, ਡੈਨੀਟੋਲ 10 ਈ.ਸੀ (ਫੈਨਪ੍ਰੋਪੈਥਰਿਨ) 300 ਮਿ.ਲਿ, ਮਾਈਪਰਗਾਰਡ 10 ਈ.ਸੀ (ਸਾਈਪਰਮੈਥਰਿਨ) 200 ਮਿ.ਲਿ. ਪ੍ਰਤੀ ਏਕੜ ਦੇ ਹਿਸਾਬ ਨਾਲ ਕੀਟਨਾਸ਼ਕਾਂ ਦੀ ਵਰਤੋਂ ਕਰੋ। ਜੇਕਰ ਫਿਰ ਵੀ ਸੁੰਡੀ ਦਾ ਹਮਲਾ ਨਜ਼ਰ ਆਉਂਦਾ ਹੈ ਤਾਂ 8 ਤੋਂ 10 ਦਿਨਾਂ ਤੋਂ ਇਨ੍ਹਾਂ ਕੀਟਨਾਸ਼ਕਾਂ ਦੀ ਵਰਤੋਂ ਦੁਬਾਰਾ ਕਰੋ।

ਉਨ੍ਹਾਂ ਨਰਮੇ ਦੀਆਂ ਬਿਮਾਰੀਆਂ ਬਾਰੇ ਕਾਸ਼ਤਕਾਰ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਬਾਰਿਸ਼ਾਂ ਹੋਣ ਕਰਕੇ ਪੱਤਿਆਂ ਉਪਰ ਉਲੀਆਂ ਦੇ ਧੱਬਿਆਂ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 200 ਮਿਲੀਲਿਟਰ ਐਮਿਸਟਾਰ ਟੌਪ 325 ਏਸ.ਸੀ.( ਅੱਜੋਕੱਸੀਸਟੋਬਿਨ + ਡਾਈਫੇਨਕੋਨੋਜ਼ੋਲ) ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨ!

ਇਸਦੇ ਨਾਲ ਹੀ ਉਨ੍ਹਾਂ ਜਾਣਕਾਰੀ ਦਿੰਦੇ ਹੋਏ ਕਿਸਾਨਾਂ ਨੂੰ ਉਚਿਤ ਮਾਤਰਾ ਵਿਚ ਖਾਦ ਪ੍ਰਬੰਧਨ ਦਾ ਧਿਆਨ ਰੱਖਣ ਅਤੇ 13.0.45 ( ਪੋਟਾਸ਼ੀਅਮ ਨਾਈਟ੍ਰੇਟ) ਦਾ ਅੱਧ ਸਤੰਬਰ ਤਕ ਦੇ ਛਿੜਕਾਅ 2.0 ਕਿਲੋਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨ ਦੇ ਅੰਤਰਾਲ ਤੇ ਕਰਨ ਦੀ ਸਲਾਹ ਦਿਤੀ! ਜਿਨ੍ਹਾਂ ਖੇਤਾਂ ਵਿਚ ਲਾਲੀ ਦੀ ਸਮਸਿਆਂ (ਹੇਠਲੇ ਪੱਤਿਆਂ ਦਾ ਲਾਲ) ਹੋਣਾ ਆਉਂਦੀ ਹੈ, ਕਾਸ਼ਤਕਾਰ ਵੀਰ ਏਨਾ ਖੇਤਾਂ ਵਿਚ ਮੈਗਨੀਸ਼ੀਅਮ ਸਲਫੇਟ ਦੇ 2 ਛਿੜਕਾਅ, 1.0 ਕਿਲੋਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 15 ਦਿਨਾਂ ਵਕਫ਼ੇ ਤੇ ਜ਼ਰੂਰ ਕਰਨ !

# ਨਾਬਾਲਗਾਂ ਨੂੰ ਸ਼ਰਾਬ ਪਰੋਸਣ ਵਿਰੁੱਧ ਆਬਕਾਰੀ ਵਿਭਾਗ ਵੱਲੋਂ ਲੁਧਿਆਣਾ ਵਿੱਚ ਦੋ ਦਿਨਾ ਮੁਹਿੰਮ ਚਲਾਈ ਗਈ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਨਾਬਾਲਗ ਗਾਹਕਾਂ ਨੂੰ ਸ਼ਰਾਬ ਪਰੋਸਣ ਵਾਲੇ ਠੇਕਿਆਂ, ਹੋਟਲਾਂ, ਕਲੱਬ, ਬਾਰ, ਅਤੇ ਪੱਬ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਆਬਕਾਰੀ ਵਿਭਾਗ ਦੀ ਲੁਧਿਆਣਾ ਪੂਰਬੀ ਰੇਂਜ ਵੱਲੋਂ 30 ਅਤੇ 31 ਅਗਸਤ ਨੂੰ ਦੋ ਰੋਜ਼ਾ ਵਿਸ਼ੇਸ਼ ਇਨਫੋਰਸਮੈਂਟ ਮੁਹਿੰਮ ਚਲਾਈ ਗਈ।



ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਕਰ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਸ ਦੋ ਰੋਜ਼ਾ ਇਨਫੋਰਸਮੈਂਟ ਮੁਹਿੰਮ ਦੌਰਾਨ 23 ਅਹਾਤਿਆਂ ਦਾ ਨਿਰੀਖਣ ਕੀਤਾ ਗਿਆ ਅਤੇ ਇਹ ਪਾਇਆ ਗਿਆ ਕਿ 9 ਬਾਰਾਂ ਨਾਬਾਲਗਾਂ ਨੂੰ ਸ਼ਰਾਬ ਪਰੋਸ ਕੇ ਕਾਨੂੰਨ ਦੀ ਉਲੰਘਣਾ ਕਰ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਆਬਕਾਰੀ ਤੇ ਕਰ ਮੰਤਰੀ ਨੇ ਕਿਹਾ ਕਿ ਇਹ ਮੁਹਿੰਮ ਨਿਰੰਤਰ ਜਾਰੀ ਯਤਨਾਂ ਦਾ ਹਿੱਸਾ ਹੈ ਅਤੇ ਵਧੀਕ ਮੁੱਖ ਸਕੱਤਰ ਕਮ ਵਿੱਤ ਕਮਿਸ਼ਨਰ (ਕਰ) ਵਿਕਾਸ ਪ੍ਰਤਾਪ ਸਿੰਘ ਅਤੇ ਆਬਕਾਰੀ ਤੇ ਕਰ ਕਮਿਸ਼ਨਰ ਵਰੁਣ ਰੂਜਮ ਦੀ ਸਿੱਧੀ ਨਿਗਰਾਨੀ ਹੇਠ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੀਆਂ ਕਾਰਵਾਈਆਂ ਨਿਯਮਿਤ ਤੌਰ ’ਤੇ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਟੀਮਾਂ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਸ਼ਰਾਬ ਵਿਕਰੇਤਾਵਾਂ ਦੇ ਸਥਾਨਾਂ ਦੀ ਲਗਾਤਾਰ ਨਿਗਰਾਨੀ ਅਤੇ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਇਨਟੌਕਸਿਕੈਂਟਸ ਲਾਇਸੈਂਸ ਐਂਡ ਸੇਲਜ਼ ਆਰਡਰ 1956 ਦੇ ਤਹਿਤ ਕਿਸੇ ਵੀ ਲਾਇਸੰਸਧਾਰਕ ਲਈ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਸ਼ਰਾਬ ਵੇਚਣ ਦੀ ਮਨਾਹੀ ਹੈ ਅਤੇ ਇਸ ਕਾਨੂੰਨ ਦੀ ਉਲੰਘਣਾ ਕਰਨ ’ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ ਸ਼ਰਾਬ ਵੇਚਣ ਦੇ ਲਾਇਸੈਂਸ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੋ ਰੋਜ਼ਾ ਮੁਹਿੰਮ ਦੌਰਾਨ ਸਬੰਧਤ ਅਦਾਰਿਆਂ ਦੇ ਮਾਲਕਾਂ ਅਤੇ ਪ੍ਰਬੰਧਕਾਂ ਨੂੰ ਨੌਜਵਾਨਾਂ ਅਤੇ ਸਮਾਜ ਪ੍ਰਤੀ ਉਨ੍ਹਾਂ ਦੀਆਂ ਅਹਿਮ ਸਮਾਜਿਕ ਜ਼ਿੰਮੇਵਾਰੀਆਂ ਬਾਰੇ ਵੀ ਯਾਦ ਕਰਵਾਇਆ ਗਿਆ। ਉਨ੍ਹਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸ਼ਰਾਬ ਪਰੋਸਣ ਤੋਂ ਪਹਿਲਾਂ ਗਾਹਕਾਂ ਦੀ ਉਮਰ ਦੀ ਤਸਦੀਕ ਸਮੇਤ ਆਬਕਾਰੀ ਪ੍ਰਬੰਧਾਂ ਅਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ।

ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਭਾਗ ਵੱਲੋਂ ਬਾਰ ਮਾਲਕਾਂ ਅਤੇ ਪ੍ਰਬੰਧਕਾਂ ਨੂੰ ਕਾਨੂੰਨ ਦੁਆਰਾ ਲੋੜੀਂਦੀਆਂ ਕਾਨੂੰਨੀ ਚੇਤਾਵਨੀਆਂ ਨੂੰ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨ ਅਤੇ ਉਨ੍ਹਾਂ ਦੀਆਂ ਸੰਚਾਲਨ ਪ੍ਰਕਿਰਿਆਵਾਂ ਦੀ ਸਮੀਖਿਆ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨਾ ਸ਼ਰਾਬ ਵਿਕਰੇਤਾਵਾਂ ਨੂੰ ਭਵਿੱਖ ਵਿੱਚ ਹੋਣ ਵਾਲੀਆਂ ਉਲੰਘਣਾਵਾਂ ਤੋਂ ਬਚਣ ਲਈ ਆਪਣੇ ਸਟਾਫ ਨੂੰ ਲੋੜੀਂਦੀ ਸਿਖਲਾਈ ਦੇਣ ਲਈ ਵੀ ਕਿਹਾ ਗਿਆ ਹੈ।

# ਕਪਤਾਨ ਪੁਲਿਸ ਇੰਨਵੈਸਟੀਗੇਸ਼ਨ ਰੂਪਨਗਰ ਰੁਪਿੰਦਰ ਕੌਰ ਸਰਾਂ ਦੀ ਸੁਪਰਵੀਜਨ ਹੇਠ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ



**ਰੂਪਨਗਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲਿਸ ਮੁਖੀ ਸ. ਗੁਲਨੀਤ ਸਿੰਘ ਖੁਰਾਣਾ ਦੇ ਹੁਕਮਾਂ ਅਨੁਸਾਰ ਪਿਛਲੇ ਸਮੇਂ ਦੌਰਾਨ ਰੂਪਨਗਰ ਜ਼ਿਲ੍ਹੇ ਅੰਦਰ ਚੋਰੀ ਦੀਆ ਹੋਈਆ ਵਾਰਦਾਤਾਂ ਨੂੰ ਟਰੇਸ ਕਰਨ ਲਈ ਕਪਤਾਨ ਪੁਲਿਸ ਇੰਨਵੈਸਟੀਗੇਸ਼ਨ ਰੂਪਨਗਰ ਰੁਪਿੰਦਰ ਕੌਰ ਸਰਾਂ ਦੀ ਸੁਪਰਵੀਜਨ ਹੇਠ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ ਕੀਤਾ ਗਿਆ ਸੀ।

ਇਸ ਇਨਵੈਸਟੀਗੇਸ਼ਨ ਟੀਮ ਵਿੱਚ ਡੀ.ਐਸ.ਪੀ. (ਡੀ) ਮਨਵੀਰ ਸਿੰਘ ਬਾਜਵਾ, ਉਪ ਕਪਤਾਨ ਪੁਲਿਸ ਸਬ-ਡਵੀਜਨ ਰੂਪਨਗਰ ਹਰਪਿੰਦਰ ਕੌਰ ਗਿੱਲ ਪੀ.ਪੀ.ਐਸ, ਮੁੱਖ ਅਫਸਰ ਥਾਣਾ ਸਦਰ ਰੂਪਨਗਰ, ਮੁੱਖ ਅਫਸਰ ਥਾਣਾ ਸਿਟੀ ਰੂਪਨਗਰ ਅਤੇ ਇੰਚਾਰਜ ਸੀ.ਆਈ.ਏ ਸਟਾਫ ਰੂਪਨਗਰ ਮੈਂਬਰ ਲਏ ਗਏ ਹਨ ਜੋ ਜ਼ਿਲ੍ਹੇ ਅੰਦਰ ਚੋਰੀ ਦੀਆ ਹੋਈਆ ਵਾਰਦਾਤਾਂ ਨੂੰ ਟਰੇਸ ਕਰਨ ਲਈ ਹਰ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰੇਗੀ ਅਤੇ ਜਲਦ ਮੁਲਜ਼ਮਾਂ ਦਾ ਪਤਾ ਲਗਾ ਕੇ ਜੇਲ ਦੀਆਂ ਸਲਾਖਾਂ ਪੀਛੇ ਭੇਜੇਗੀ।

ਕਪਤਾਨ ਪੁਲਿਸ ਇੰਨਵੈਸਟੀਗੇਸਨ ਰੂਪਨਗਰ ਵੱਲੋਂ ਅੱਜ ਸਾਰੇ ਸਿੱਟ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਇਨ੍ਹਾਂ ਚੋਰੀਆਂ ਨੂੰ ਟਰੇਸ ਕਰਨ ਲਈ ਹੁਣ ਤੱਕ ਦੇ ਕੀਤੇ ਗਏ ਉਪਰਾਲਿਆ ਬਾਰੇ ਜਾਇਜ਼ਾ ਲਿਆ ਗਿਆ।

ਚੋਰੀ ਦੀਆ ਵਾਰਦਾਤਾਂ ਨੂੰ ਰੋਕਣ ਅਤੇ ਅਮਨ ਕਾਨੂੰਨ ਨੂੰ ਕਾਇਮ ਰੱਖਣ ਦੇ ਮਕਸਦ ਨਾਲ ਦੇਰ ਰਾਤ ਦੀਆਂ ਗਸ਼ਤਾ/ਪੈਟਰੋਲਿੰਗ ਵਧਾ ਦਿੱਤੀਆ ਗਈਆ ਹਨ। ਪਿਛਲੇ ਦਿਨੀ ਹੋਈ ਵਾਰਦਾਤਾਂ ਦੀ ਹਰ ਪਹਿਲੂ ਤੋਂ ਜਾਂਚ ਕਰਨ ਵਿਚ ਐਸ ਆਈ ਟੀ ਟੀਮ ਨਿਰੰਤਰ ਕੰਮ ਕਰ ਰਹੀ ਹੈ।

ਰੁਪਿੰਦਰ ਕੌਰ ਸਰਾਂ ਨੇ ਕਿਹਾ ਕਿ ਇਨ੍ਹਾਂ ਚੋਰੀ ਦੀਆ ਵਾਰਦਾਤਾਂ ਨੂੰ ਟਰੇਸ ਕਰਨ ਲਈ ਸੀਸੀਟੀਵੀ ਕੈਮਰਿਆਂ ਦਾ ਨਿਰੀਖਣ ਕਰਨ ਵੱਧ ਤੋਂ ਵੱਧ ਸ਼ੱਕੀ ਪੁਰਸ਼ਾਂ ਨੂੰ ਸ਼ਾਮਲ ਤਫਤੀਸ਼ ਕਰਕੇ ਡੂੰਘਾਈ ਨਾਲ ਪੁੱਛ ਪੜਤਾਲ ਕਰਨ, ਟੈਕਨੀਕਲ ਮੱਦਦ ਹਾਸਲ ਕਰਕੇ ਉਪਰੋਕਤ ਚੋਰੀਆਂ ਅਤੇ ਇਸ ਤੋਂ ਇਲਾਵਾ ਹੋਰ ਗੁੰਮਨਾਮ ਚੋਰੀਆਂ ਨੂੰ ਪਹਿਲ ਦੇ ਅਧਾਰ ਤੇ ਟਰੇਸ ਕਰਨ ਲਈ ਖੁਫੀਆ ਸੋਰਸ ਕਾਇਮ ਕਰਨ ਅਤੇ ਸ਼ੱਕੀ ਵਿਅਕਤੀਆਂ ਉੱਤੇ ਰੇਡ ਕਰਨ ਸਬੰਧੀ ਟਾਸਕ ਦੇ ਕੇ ਸ਼ਪੈਸ਼ਲ ਇੰਨਵੈਸਟੀਗੇਸ਼ਨ ਟੀਮਾਂ ਦਾ ਗਠਨ ਕੀਤਾ ਗਿਆ ਅਤੇ ਸਿੱਟ ਮੈਂਬਰਾਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ ਗਏ।

ਉਨ੍ਹਾਂ ਅੱਗੇ ਦੱਸਿਆ ਕਿ ਗੁਰਜਿੰਦਰ ਸਿੰਘ ਪੁੱਤਰ ਰਘਵੀਰ ਸਿੰਘ ਵਾਸੀ ਕੀਰਤਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਦੀ ਮਿਤੀ 06.08.2024 ਨੂੰ ਜੇ.ਸੀ.ਬੀ. ਮਸ਼ੀਨ ਪਿੰਡ ਡੰਗੋਲੀ ਜ਼ਿਲ੍ਹਾ ਰੂਪਨਗਰ ਤੋਂ ਚੋਰੀ ਹੋਣ ਤੇ ਮੁਕੱਦਮਾ ਨੰਬਰ 72 ਮਿਤੀ 24.08.2024 ਅ/ਧ 303 (2) ਬੀ.ਐਨ.ਐਸ ਥਾਣਾ ਸਦਰ ਰੂਪਨਗਰ ਬਰਖਿਲਾਫ ਨਾ-ਮਾਲੂਮ ਵਿਅਕਤੀ/ਵਿਅਕਤੀਆ ਦੇ ਦਰਜ ਕੀਤਾ ਗਿਆ ਸੀ ਅਤੇ ਰਮਨ ਸ਼ਰਮਾ ਪੁੱਤਰ ਲੇਟ ਸੁਰਿੰਦਰ ਪਾਲ ਵਾਸੀ ਮਕਾਨ ਨੰਬਰ 1948, ਵਾਰਡ ਨੰਬਰ 7, ਅਲੀ ਮੁਹੱਲਾ ਰੂਪਨਗਰ ਥਾਣਾ ਸਿਟੀ ਰੂਪਨਗਰ ਦੀ ਹਿਤਾਂਸ਼ੀ ਮੋਬਾਈਲ ਸੋਲੂਏਸ਼ਨ ਦੀ ਦੁਕਾਨ ਵਿੱਚੋ ਸ਼ਟਰ ਤੋੜ ਕੇ ਇਲੈਕਟ੍ਰੌਨਿਕ ਦਾ ਸਮਾਨ ਅਤੇ ਮੋਬਾਇਲ ਚੋਰੀ ਹੋਣ ਤੇ ਮੁਕੱਦਮਾ ਨੰਬਰ 172 ਮਿਤੀ 24.08.2024 ਅ/ਧ 305,331 (4) ਬੀ.ਐਨ.ਐਸ ਥਾਣਾ ਸਿਟੀ ਰੂਪਨਗਰ ਬਰਖਿਲਾਫ ਨਾ-ਮਾਲੂਮ ਵਿਅਕਤੀਆ ਦੇ ਦਰਜ ਰਜਿਸਟਰ ਕੀਤੇ ਗਏ ਸਨ।

# ਮਨੁੱਖਤਾ ਦੀ ਭਲਾਈ ਲਈ,ਅਮਨ ਸ਼ਾਂਤੀ ਲਈ,ਲਾਮਬੰਦੀ ਕਰੋ ਅਪਣੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ ਜੱਥੇਬੰਦੀ ਕਰੋ ਮਜ਼ਬੂਤ -ਸਾਥੀ ਕੂੰਮਕਲਾਂ




**ਮਾਛੀਵਾੜਾ ਸਾਹਿਬ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ (ਵਫਟੂ) ਵਰਡ ਫੈਡਰੇਸ਼ਨ ਆਫ਼ ਟਰੇਡ ਯੂਨੀਅਨ ਦੇ ਸੱਦੇ ਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ,(ਸੀਟੂ) ਵੱਲੋਂ ਪਿੰਡ ਸਲੇਮਪੁਰ ਅਤੇ ਜਾਤੀਵਾਲ ਦੇ ਮਨਰੇਗਾ ਕਿਰਤੀਆਂ ਵੱਲੋਂ ਬੀਬੀ ਸੁਰਿੰਦਰ ਕੌਰ ਅਤੇ ਬੀਬੀ ਹਰਜਿੰਦਰ ਕੌਰ,ਹਰੀ ਰਾਮ ਭੱਟੀ ਦੀ ਅਗਵਾਈ ਵਿੱਚ ਵਿਸ਼ਵ ਅਮਨ ਦਿਵਸ ਮਨਾਇਆ ਗਿਆ।

ਮਨਰੇਗਾ ਕਿਰਤੀਆਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਪਹਿਲੀ ਸਤੰਬਰ 1945 ਨੂੰ ਸਾਮਰਾਜੀ ਮੁਲਕ ਜਪਾਨ ਵੱਲੋਂ ਹਥਿਆਰ ਸੁੱਟ ਦੇਣ ਬਾਅਦ ਦੂਜੀ ਸੰਸਾਰ ਜੰਗ ਦੇ ਖਾਤਮੇ ਦੇ ਦਿਨ ਨੂੰ ਵਿਸ਼ਵ ਅਮਨ ਅਤੇ ਸ਼ਾਂਤੀ ਦਿਵਸ ਵਜੋਂ ਤੇ ਸਾਮਰਾਜਵਾਦੀ ਧਿਰਾਂ ਵਿਰੁੱਧ ਸੰਸਾਰ ਭਰ ਵਿੱਚ ਮਜ਼ਦੂਰ - ਕਿਸਾਨ, ਮੁਲਾਜ਼ਮ ਬੁਧੀਜੀਵੀ ਜੱਥੇਬੰਦੀਆਂ ਵੱਲੋਂ ਮਨਾਇਆ ਜਾ ਰਿਹਾ ਹੈ।

ਸੀਟੂ ਆਗੂ ਸਾਥੀ ਕੂੰਮਕਲਾਂ ਨੇ ਕਿਹਾ ਕਿ ਦੁਨੀਆਂ ਅੰਦਰ ਸਾਮਰਾਜੀ ਮੁਲਕਾਂ ਵੱਲੋਂ ਆਪੋ ਆਪਣੇ ਵਪਾਰਿਕ ਹਿੱਤਾਂ ਲਈ ਅਪਣੀਆਂ ਵਪਾਰਿਕ ਮੰਡੀਆਂ ਦੇ ਵਿਸਥਾਰ ਨੂੰ ਹੋਰ ਮੁਲਕਾਂ ਵਿੱਚ ਵਧਾਉਣ ਲਈ ਧਾਰਮਿਕ ਸੰਸਥਾਵਾਂ, ਜਾਤੀਵਾਦ ਨੂੰ ਵਰਤਕੇ ਤਬਾਹੀ ਕਰਨ ਵਾਲੀਆਂ ਜੰਗਾਂ ਲਗਾਈਆਂ ਜਾਂਦੀਆਂ ਹਨ, ਅਜਿਹੀਆਂ ਜੰਗਾਂ ਕਰੋੜਾਂ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਖ਼ਤਮ ਕਰਨ ਤੋਂ ਇਲਾਵਾ ਮਨੁੱਖੀ ਜੀਵਨ ਦੇ ਸੁੱਖ, ਅਰਾਮ ਦੇ ਵਸੀਲਿਆਂ/ਸਿਹਤ, ਸਿੱਖਿਆ,ਖਾਣ ਪੀਣ ਵਾਲੀਆਂ ਵਸਤੂਆਂ ਦੀ ਸਮੱਗਰੀ ਤੋਂ ਲੈਕੇ ਹਰ ਤਰ੍ਹਾਂ ਦੀ ਮਸ਼ੀਨਰੀ ਆਦਿ ਦੀ ਭਾਰੀ ਤਬਾਹੀ ਕਰਦੀਆਂ ਹਨ। ਇਸ ਕਰਕੇ ਜਦੋਂ ਤੱਕ ਸਾਮਰਾਜ ਅਤੇ ਸਾਮਰਾਜੀ ਤਾਕਤਾਂ ਕਾਇਮ ਰਹਿਣਗੀਆਂ ਉਦੋਂ ਤੱਕ ਉਨ੍ਹਾਂ ਵੱਲੋਂ ਅਪਣੇ ਨਿੱਜੀ ਲਾਭਾਂ ਲਈ ਦੁਨੀਆਂ ਅੰਦਰ ਕੀਤੀ ਜਾ ਰਹੀ ਲੁੱਟ-ਖਸੁੱਟ ਵੀ ਜ਼ਾਰੀ ਰਹੇਗੀ ਅਤੇ ਇਸੇ ਕਰਕੇ ਉਦੋਂ ਤੱਕ ਵਿਸ਼ਵ ਵਿਆਪੀ ਸਾਮਰਾਜੀ ਜੰਗਾਂ ਦਾ ਖ਼ਤਰਾ ਵੀ ਬਣਿਆਂ ਰਹੇਗਾ। ਇਸੇ ਲਈ ਹਰ ਸਾਲ ਜੰਗ ਵਿਰੋਧੀ, ਅਤੇ ਅਮਨ ਪਸੰਦ ਤਾਕਤਾਂ -ਜਿੰਦਾਬਾਦ, ਜੰਗਬਾਜ਼ ਅਮਰੀਕਨ ਸਾਮਰਾਜਵਾਦ - ਮੁਰਦਾਬਾਦ ਅਤੇ ਵਰਡ ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ ਏਕਤਾ -ਜਿੰਦਾਬਾਦ ਦੇ ਨਾਅਰੇ ਨੂੰ ਬੁਲੰਦ ਕੀਤਾ ਜਾਂਦਾ ਹੈ।

ਸਾਥੀ ਕੂੰਮਕਲਾਂ ਨੇ ਮਜ਼ਦੂਰ ਜਮਾਤ ਨੂੰ ਸੱਦਾ ਦਿੱਤਾ ਕਿ ਉਹ ਅਮਨ ਸ਼ਾਂਤੀ ਲਈ, ਅਪਣੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ, ਲਾਮਬੰਦ ਹੋਣ ਅਤੇ ਅਪਣੀ ਜੱਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਸਮੇਂ ਦੀ ਇਤਿਹਾਸਕ ਲੋੜ, ਵਿਸ਼ਾਲ ਏਕਤਾ ਤਿੱਖੇ ਘੋਲ ਦੇ ਨਾਅਰੇ ਨੂੰ ਬੁਲੰਦ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਾ ਰਹਿਣ ਦੇਣ ਉਨ੍ਹਾਂ 9 ਸਤਬੰਰ ਦੀ ਜਲੰਧਰ ਸੀਟੂ ਦੀ ਸੂਬਾਈ ਕਨਵੈਨਸ਼ਨ ਵਿੱਚ ਮਜ਼ਦੂਰਾਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਕਨਵੈਨਸ਼ਨ ਨੂੰ ਸੀਟੂ ਦੇ ਕੁੱਲ ਹਿੰਦ ਪ੍ਰਧਾਨ ਡਾਕਟਰ ਹੇਮ ਲਤਾ ਅਤੇ ਜਨਰਲ ਸਕੱਤਰ ਸਾਥੀ ਤਪਨ ਸੇਨ ਸੰਬੋਧਨ ਕਰਨਗੇ।

# ਸੰਸਦ ਮੈਂਬਰ ਗਾਧੀ ਪਹੁੰਚੇ ਮਜ਼ਦੂਰਾਂ ਦੇ ਧਰਨੇ ਚ ਸੁਣੀਆਂ ਮੁਸ਼ਕਲਾਂ ਦਿੱਤਾ ਹੱਲ ਕਰਵਾਉਣ ਦਾ ਭਰੋਸਾ




**ਨਾਭਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਦ ਮੈਂਬਰ ਧਰਮਵੀਰ ਗਾਂਧੀ ਵਿਸ਼ੇਸ ਤੌਰ ਤੇ ਨਾਭਾ ਵਿਖੇ ਮਨਰੇਗਾ ਮਜ਼ਦੂਰਾਂ ਦੇ 31 ਜੁਲਾਈ ਤੋਂ ਪੱਕੇ ਧਰਨੇ ਵਿੱਚ ਪਹੁੰਚੇ ਤੇ ਉਹਨਾਂ ਦੀਆ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਉਹਨਾਂ ਨੇ ਸੇਫਟੀ ਸੰਦ ਤੋਂ ਬਿਨਾਂ ਕਥਿਤ ਗੈਰ ਮਨੁੱਖੀ ਥਾਂ ਤੇ ਕੰਮ ਲਾਉਣ ਕਰਕੇ ਇਨਫੈਕਸ਼ਨ ਨਾਲ ਪੀੜਤ ਮਜ਼ਦੂਰਾਂ ਦਾ ਇਲਾਜ਼ ਵੀ ਕੀਤਾ। ਮਜ਼ਦੂਰਾਂ ਨੇ ਦੱਸਿਆ ਕਿ ਉਹਨਾਂ ਨੇ ਬੀਡੀਪੀਓ ਤੋਂ ਪਹਿਲੇ ਦਿਨ ਹੀ ਸੇਫਟੀ ਬੂਟ ਤੇ ਦਸਤਾਨੇ ਮੰਗੇ ਸਨ ।ਪਰ ਕਾਨੂੰਨ ਲਾਗੂ ਕਰਾਉਣ ਦੀ ਮੰਗ ਕਰਨ ਵਾਲਿਆਂ ਨੂੰ ਪ੍ਰਸ਼ਾਸਨ ਸਬਕ ਸਿਖਾਉਣ ਦੀ ਮਨਸ਼ਾ ਨਾਲ ਜਾਣਬੁੱਝ ਕੇ ਹਰ ਹੀਲੇ ਤੰਗ ਕਰ ਰਿਹਾ ਹੈ।ਮਜ਼ਦੂਰਾਂ ਨੇ ਸੰਸਦ ਮੈਂਬਰ ਅੱਗੇ ਕਾਨੂੰਨ ਦੀ ਕਾਪੀ, ਅਫ਼ਸਰਾਂ ਦੇ ਹੁਕਮ ਤੇ ਆਪਣੀਆ ਮੰਗਾਂ ਰੱਖੀਆਂ ਤਾਂ ਇਸ ਮੌਕੇ ਡਾਕਟਰ ਗਾਂਧੀ ਨੇ ਉਹਨਾਂ ਦੇ ਮਸਲੇ ਵਿਸਤਾਰ ਚ ਜਾਣੇ।

ਉਹਨਾਂ ਨੇ ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਨਾਲ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ ਕਿ ਕਿਸ ਤਰ੍ਹਾਂ ਪੰਜਾਬ ਦੀ ਅਫ਼ਸਰਸ਼ਾਹੀ ਕਾਰਨ ਪੰਜਾਬ ਕੇਂਦਰ ਕੋਲੋਂ ਮਨਰੇਗਾ ਰਾਹੀਂ ਫੰਡ ਲਿਆਉਣ ਚ ਫਾਡੀ ਰਹਿ ਰਿਹਾ ਹੈ ਤੇ ਹੋਰ ਸੂਬੇ ਇਸਦਾ ਵੱਧ ਤੋਂ ਵੱਧ ਲਾਭ ਉਠਾ ਰਹੇ ਹਨ।ਇਸ ਮੌਕੇ ਡਾਕਟਰ ਗਾਂਧੀ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਦੀ ਇਕ ਟੀਮ ਨਾਲ ਮਿਲ ਕੇ ਸਾਰਾ ਮਾਮਲਾ ਸਮਝ ਕੇ ਸੰਸਦ ਚ ਵੀ ਉਠਾਉਣਗੇ।

## ਸੀਵਾਈਐਸਐਸ ਦੇ ਪ੍ਰਧਾਨਗੀ ਉਮੀਦਵਾਰ ਪ੍ਰਿੰਸ ਚੌਧਰੀ ਨੇ ਗਰਲਜ਼ ਵਿੰਗ ਨਾਲ ਕੀਤੀ ਮੀਟਿੰਗ

**ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਸਟੂਡੈਂਟਸ ਕੌਂਸਲ ਚੋਣਾਂ ਲਈ ਸੀਵਾਈਐਸਐਸ ਦੇ ਪ੍ਰਧਾਨ ਉਮੀਦਵਾਰ ਪ੍ਰਿੰਸ ਚੌਧਰੀ ਨੇ ਐਤਵਾਰ ਨੂੰ ਸੰਗਠ ਦੇ ਅਹੁਦੇਦਾਰਾਂ ਅਤੇ 2023-2024 ਲਈ ਸੀਵਾਈਐਸਐਸ ਦੇ ਪ੍ਰਧਾਨ ਉਮੀਦਵਾਰ ਦਿਵਯਾਂਸ਼ ਠਾਕੁਰ ਨਾਲ ਗਰਲਜ਼ ਵਿੰਗ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੇ ਇਕੱਤਰ ਹੋ ਕੇ ਆਪਣਾ ਸਮਰਥਨ ਪ੍ਰਗਟ ਕੀਤਾ। ਪ੍ਰਿੰਸ ਚੌਧਰੀ ਨੇ ਗਰਲਜ਼ ਵਿੰਗ ਨੂੰ ਵਿਦਿਆਰਥੀ ਭਲਾਈ ਲਈ ਸਖ਼ਤ ਮਿਹਨਤ ਕਰਨ, ਹੋਸਟਲਾਂ ਵਿੱਚ ਇਸ ਦਾ ਸੰਦੇਸ਼ ਫੈਲਾਉਣ ਅਤੇ ਹੋਸਟਲਾਂ ਦੀਆਂ ਸਾਰੀਆਂ ਕੁੜੀਆਂ ਨੂੰ ਮਿਲਣ ਲਈ ਡੋਰ-ਟੂ-ਡੋਰ ਜਾ ਕੇ ਮੁਹਿੰਮ ਚਲਾਉਣ ਲਈ ਕਿਹਾ। ਉਨਾਂ ਨੇ ਕੁੜੀਆਂ ਨੂੰ ਵੱਖ-ਵੱਖ ਵਿਭਾਗਾਂ ਅਤੇ ਹੋਸਟਲਾਂ ਦਾ ਦੌਰਾ ਕਰਨ ਲਈ ਡਿਊਟੀ ’ਤੇ ਵੀ ਲਗਾਇਆ। ਮੀਟਿੰਗ ਤੋਂ ਬਾਅਦ ਇੱਕ ਰੈਲੀ ਕੱਢੀ ਗਈ ਜਿਸ ਵਿੱਚ ਕੁੜੀਆਂ ਦੀ ਇੱਕ ਉਤਸ਼ਾਹੀ ਭੀੜ ਸਾਰੇ ਗਰਲਜ਼ ਹੋਸਟਲਾਂ ਵਿੱਚ ਗਈ ਅਤੇ ਸਾਰਿਆਂ ਨੂੰ ਦੇ ਪੈਨਲ ਨੂੰ ਵੋਟ ਪਾਉਣ ਦੀ ਅਪੀਲ ਕੀਤੀ।ਸੀਵਾਈਐਸਐਸ ਦੇ ਪ੍ਰਧਾਨ ਉਮੀਦਵਾਰ ਪ੍ਰਿੰਸ ਚੌਧਰੀ ਦੇ ਨਾਲ ਪੈਨਲ ਦੇ ਮੀਤ ਪ੍ਰਧਾਨ ਉਮੀਦਵਾਰ ਕਰਨਵੀਰ ਕੁਮਾਰ, ਉਮੀਦਵਾਰ ਵਿਨੀਤ ਯਾਦਵ ਅਤੇ ਸੰਯੁਕਤ ਸਕੱਤਰ ਦੇ ਉਮੀਦਵਾਰ ਰੋਹਿਤ ਸ਼ਰਮਾ ਹਾਜ਼ਰ ਸਨ।

# ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਪੰਡੋਰੀ ਵੱਲੋਂ ਕਰਵਾਏ ਗਏ ਦੌੜ ਮੁਕਾਬਲੇ



**ਬਰਨਾਲਾ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨਾਂ ਨੂੰ ਸਰੀਰਕ ਤੌਰ ਤੇ ਫਿੱਟ ਰੱਖਣ ਦੇ ਮੰਤਵ ਦੀ ਪੂਰਤੀ ਲਈ ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਪੰਡੋਰੀ ਵੱਲੋਂ ਇੱਕ ਰੋਜ਼ਾ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿੱਚ 1600 ਮੀਟਰ ਦੌੜ ਦੇ ਫਾਈਨਲ ਮੁਕਾਬਲੇ ਕਰਵਾਏ ਗਏ।ਵੱਖ ਵੱਖ ਪਿੰਡਾਂ ਤੋਂ ਆਏ ਤਕਰੀਬਨ ਚਾਰ ਦਰਜਨ ਨੌਜਵਾਨਾਂ ਨੇ ਬੜੇ ਹੀ ਜੋਸ਼ ਨਾਲ ਇਸ ਰੇਸ ਵਿੱਚ ਹਿੱਸਾ ਲਿਆ। ਸਾਰਿਆਂ ਵਿੱਚੋਂ ਫਾਜ਼ਿਲਕਾ ਜ਼ਿਲੇ ਦਾ ਦੀਪਕ ਸਿੰਘ ਪਹਿਲੇ ਨੰਬਰ ਤੇ ਰਿਹਾ , ਜਦਕਿ ਦੂਜੇ ਨੰਬਰ ਤੇ ਅਰਸ਼ ਸਿੰਘ ਕੁੰਭੜਵਾਲ, ਤੀਜੇ ਸਥਾਨ ਤੇ ਮਨਪ੍ਰੀਤ ਸਿੰਘ ਬਠਿੰਡਾ ਰਿਹਾ , ਚੌਥੇ ਸਥਾਨ ਤੇ ਮਿਲਖਾ ਸਿੰਘ ਹਮੀਦੀ ਵਾਲਾ ਰਿਹਾ , ਪੰਜਵੇਂ ਨੰਬਰ ਤੇ ਸਚਿਨ ਫਾਜ਼ਿਲਕਾ ਵਾਲਾ ਰਿਹਾ,ਪਹਿਲੇ ਨੰਬਰ ਤੇ ਆਉਣ ਵਾਲੇ ਖਿਡਾਰੀ ਨੂੰ 2500 ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ, ਜਿੱਥੇ ਜੇਤੂ ਖਿਡਾਰੀਆਂ ਨੂੰ ਨਗਦ ਇਨਾਮ ਦਿੱਤੇ ਗਏ ਉੱਥੇ ਭਾਗ ਲੈਣ ਵਾਲੇ ਸਾਰੇ ਪਲੇਅਰਾਂ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਗਿਆ ।

ਇਸ ਮੌਕੇ ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਸਿੱਧੂ ਤੇ ਸਕੱਤਰ ਜਸਕਰਨ ਸਿੰਘ ਬਾਠ , ਹਰਦੀਪ ਸਿੰਘ ਬਾਠ ਨੇ ਬਾਹਰਲੇ ਪਿੰਡਾਂ ਤੋਂ ਆਏ ਸਾਰੇ ਖਿਡਾਰੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਨਾਮਾਂ ਦੀ ਵੰਡ ਮੌਕੇ ਬਲਜੀਤ ਸਿੰਘ ਸਿੱਧੂ ਖ਼ਾਲਸਾ ਜੀ, ਨੱਥਾ ਸਿੰਘ ਬਾਠ, ਗੁਰਤੇਜ ਸਿੰਘ ਜੌਹਲ,ਨੈਬ ਸਿੰਘ ਸੋਢਾ ,ਹਾਕਮ ਸਿੰਘ ਸੋਢਾ , ਜਰਨੈਲ ਸਿੰਘ ਫੌਜੀ , ਪਵਿੱਤਰ ਸਿੰਘ ਭਵਾਨੀਗੜ੍ਹ ,ਕਾਲਾ ਸਿੰਘ ਬਾਠ ਸਮੇਤ ਕਲੱਬ ਦੇ ਸਾਰੇ ਮੈਂਬਰ ਹਾਜ਼ਰ ਸਨ।

# ਨੇੜਲੇ ਪਿੰਡ ਪੜੌਲ ਵਿਖੇ ਮਾਜਰੀ ਬਲਾਕ ਦੇ ਕਾਂਗਰਸ ਪਾਰਟੀ ਦੀ ਮੀਟਿੰਗ ਰੱਖੀ ਗਈ



**ਨਿਊ ਚੰਡੀਗੜ੍ਹ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਲਾਂਪੁਰ ਗਰੀਬਦਾਸ ਨਿਊ -ਚੰਡੀਗੜ੍ਹ ਦੇ ਨੇੜਲੇ ਪਿੰਡ ਪੜੌਲ ਵਿਖੇ ਮਾਜਰੀ ਬਲਾਕ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਮਦਨ ਸਿੰਘ ਦੀ ਰਹਿਨੁਮਾਈ ਆਗਾਮੀ ਜਿਲਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਦੇ ਸੰਬੰਧ ਵਿੱਚ ਮੀਟਿੰਗ ਰੱਖੀ ਗਈ, ਜਿਸ ਵਿੱਚ ਜੋਨ ਨੰਬਰ 9 ਨਾਲ ਸਬੰਧਿਤ ਪਿੰਡਾਂ ਦੇ ਅਹੁਦੇਦਾਰ ਸ਼ਾਮਲ ਹੋਏ।

ਯੂਥ ਆਗੂ ਹਰਨੇਕ ਸਿੰਘ ਤੱਕੀਪੁਰ ਵਲੋਂ ਮੀਟਿੰਗ ਵਿੱਚ ਸ਼ਾਮਲ ਮੈਂਬਰਾਂ ਨੂੰ ਅਪੀਲ ਕੀਤੀ ਕਿ ਕਾਂਗਰਸ ਪਾਰਟੀ ਦੀ ਚੜ੍ਹਦੀਕਲਾ ਵਾਸਤੇ ਵਿਉਂਤਬੰਦੀ ਨਾਲ ਕੰਮ ਕੀਤਾ ਜਾਵੇ ਅਤੇ ਸਮਝਦਾਰ ਅਤੇ ਸੁਚੱਜਾ ਉਮੀਦਵਾਰ ਚੁਣਿਆ ਜਾਵੇ।

ਇਸ ਮੌਕੇ ਕਾਂਗਰਸੀ ਆਗੂ ਗੁਰਵਿੰਦਰ ਸਿੰਘ ਬਿੱਟੂ, ਹਰਮੀਤ ਸਿੰਘ ਫਿਰੋਜ਼ਪੁਰ, ਹਰਜਿੰਦਰ ਸਿੰਘ ਭੜੌਜੀਆਂ, ਬਾਬਾ ਰਾਮ ਸਿੰਘ ਮਾਣਕਪੁਰ ਸ਼ਰੀਫ, ਨੇਤਰ ਸਿੰਘ ਕਲੇਰ, ਨਿਰਮਲ ਸਿੰਘ ਦੁਲਵਾਂ, ਕਸ਼ਮੀਰ ਸਿੰਘ, ਗੁਰਦੇਵ ਸਿੰਘ ਪੱਲਣਪੁਰ, ਭੁਪਿੰਦਰ ਸਿੰਘ ਪੱਲਣਪੁਰ, ਜੱਗਾ ਛੋਟੀ ਬੜੀ ਨਗਲ, ਨਵੀਨ ਬਾਂਸਲ ਖਿਜਰਾਬਾਦ, ਜਸਪ੍ਰੀਤ ਸਿੰਘ ਪੜੌਲ, ਬਲਜਿੰਦਰ ਸਿੰਘ ਭੋਲਾ, ਗੁਰਜੀਤ ਸਿੰਘ ਸੋਨੀ, ਚਰਨਪ੍ਰੀਤ ਸਿੰਘ, ਅਮਨਾ ਪੜੌਲ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ

# ਪਾਨੀਪਤ ਵਿੱਚ ਆਮ ਆਦਮੀ ਪਾਰਟੀ ਦਾ ਵਪਾਰੀਆਂ ਨਾਲ ਟਾਊਨ ਹਾਲ ਪ੍ਰੋਗਰਾਮ

**ਪਾਨੀਪਤ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਦਾਰ ਭਗਵੰਤ ਮਾਨ ਅਤੇ ਸੀਨੀਅਰ ਸੂਬਾ ਮੀਤ ਪ੍ਰਧਾਨ ਅਨੁਰਾਗ ਢਾਂਡਾ ਨੇ ਐਤਵਾਰ ਨੂੰ ਪਾਨੀਪਤ ਵਿੱਚ ਆਯੋਜਿਤ ਇੱਕ ਟਾਊਨ ਹਾਲ ਪ੍ਰੋਗਰਾਮ ਵਿੱਚ ਵਪਾਰੀਆਂ ਨਾਲ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਵਪਾਰੀਆਂ ਨੇ ਭਗਵੰਤ ਮਾਨ ਨੂੰ ਸਵਾਲਾਂ ਦੇ ਕੀਤੇ, ਆਪਣੀਆਂ ਸਮੱਸਿਆਵਾਂ ਦੱਸੀਆਂ ਅਤੇ ਸੁਝਾਅ ਵੀ ਦਿੱਤੇ। ਵਪਾਰੀਆਂ ਨੇ ਪੁੱਛਿਆ ਕਿ ਪੰਜਾਬ ਵਿੱਚ ਐਨਓਸੀ ਦੀ ਪ੍ਰਕਿਰਿਆ ਨੂੰ ਕਿਵੇਂ ਸਰਲ ਬਣਾਇਆ ਗਿਆ? ਪੂਰੇ ਹਰਿਆਣਾ ਵਿੱਚ ਬਿਜਲੀ ਦੀ ਵੱਡੀ ਸਮੱਸਿਆ ਹੈ ਅਤੇ ਬਿਜਲੀ ਦੇ ਰੇਟ ਬਹੁਤ ਜ਼ਿਆਦਾ ਹਨ, ਜਿਸ ਕਾਰਨ ਉਦਯੋਗ ਪ੍ਰਭਾਵਿਤ ਹਨ। ਕੀ ਟੈਕਸਟਾਈਲ ਲਈ ਜੀਐਸਟੀ ਟੈਕਸ ਸਲੈਬ ਇੱਕੋ ਜਿਹੇ ਹੋਣੇ ਚਾਹੀਦੇ ਹਨ? ਅਤੇ ਜੀਐਸਟੀ ਪੋਰਟਲ ਨੂੰ ਸਰਲ ਬਣਾਉਣ ਦੀ ਲੋੜ ਹੈ। ਲਘੂ ਅਤੇ ਦਰਮਿਆਨੇ ਉਦਯੋਗਾਂ ਨੂੰ ਹੋਰ ਸਮਰਥਨ ਅਤੇ ਤਾਕਤ ਦੇਣ ਦੀ ਲੋੜ ਹੈ, ਪੰਜਾਬ ਵਿੱਚ ਇਸ ਲਈ ਕੀ ਕੀਤਾ ਜਾ ਰਿਹਾ ਹੈ? ਹਰਿਆਣਾ ਵਿਚ ਭ੍ਰਿਸ਼ਟਾਚਾਰ ਬਹੁਤ ਉੱਚੇ ਪੱਧਰ ’ਤੇ ਹੈ, ਕੋਈ ਵੀ ਇਜਾਜ਼ਤ ਲੈਣ ਲਈ ਸਿੰਗਲ ਵਿੰਡੋ ਸਿਸਟਮ ਅਤੇ ਕਈ ਵਪਾਰਕ ਸੇਵਾਵਾਂ ਲਈ, ਇਨ੍ਹਾਂ ਸਾਰੀਆਂ ਥਾਵਾਂ ’ਤੇ ਬਹੁਤ ਵੱਡੇ ਪੱਧਰ ’ਤੇ ਭ੍ਰਿਸ਼ਟਾਚਾਰ ਹੈ। ਜਿਸ ਕਾਰਨ ਵਪਾਰੀਆਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਨੇ ਕਿਹਾ ਕਿ ਇਹ ਕੋਈ ਸਿਆਸੀ ਰੈਲੀ ਨਹੀਂ ਹੈ। ਵਪਾਰੀਆਂ ਦੀਆਂ ਇਹ ਸਮੱਸਿਆਵਾਂ ਸਿਰਫ਼ ਹਰਿਆਣਾ ਤੱਕ ਹੀ ਸੀਮਤ ਨਹੀਂ ਹਨ। ਪੰਜਾਬ ਅਤੇ ਦਿੱਲੀ ਵਿੱਚ ਵੀ ਪਹਿਲਾਂ ਇਹੋ ਜਿਹੀਆਂ ਸਮੱਸਿਆਵਾਂ ਸਨ। ਅੱਜ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵੀ ਇਸੇ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਉਦਯੋਗ ਸਰਕਾਰ ਦਾ ਸਭ ਤੋਂ ਵੱਡਾ ਕਮਾਊ ਪੁੱਤ ਹੈ ਅਤੇ ਉਸ ਕਮਾਊ ਪੁੱਤ ਨੂੰ ਬੇਕਾਰ ਕਿਹਾ ਜਾਂਦਾ ਹੈ। ਉਸਨੂੰ ਟੈਕਸ ਚੋਰ ਅਤੇ ਲੁਟੇਰੇ ਵਰਗੇ ਕਈ ਨਾਮ ਦਿੱਤੇ ਜਾਂਦੇ ਹਨ। ਇੰਨੇ ਲੋਕਾਂ ਨੂੰ ਰੁਜ਼ਗਾਰ ਦੇਣ ਵਾਲਿਆਂ ਨਾਲ ਤਾਂ ਗੱਲ ਕਰੋ, ਪਰ ਕੋਈ ਗੱਲ ਨਹੀਂ ਕਰਦਾ।

ਉਨ੍ਹਾਂ ਕਿਹਾ, ਮੈਂ ਸੋਚਦਾ ਸੀ ਕਿ ਚੋਣਾਂ ਵੇਲੇ ਇਹ ਕਾਰੋਬਾਰੀ ਲਾਲ ਰੰਗ ਦੇ ਬੈਗ ਲੈ ਕੇ ਇਨ੍ਹਾਂ ਪਾਰਟੀਆਂ ਕੋਲ ਕਿਉਂ ਜਾਂਦੇ ਹਨ? ਉਸ ਥੈਲੇ ਵਿੱਚ ਲਕਸ਼ਮੀ ਹੁੰਦੀ ਹੈ। ਮੈਂ ਹੈਰਾਨ ਸੀ ਕਿ ਕੀ ਇਹਨਾਂ ਨੂੰ ਉਨ੍ਹਾਂ ਦਾ ਏਜੰਡਾ ਪਸੰਦ ਹੈ? ਕਾਰੋਬਾਰੀਆਂ ਨੂੰ ਇਨ੍ਹਾਂ ਪਾਰਟੀਆਂ ਦਾ ਏਜੰਡਾ ਚੰਗਾ ਨਹੀਂ ਲੱਗਦਾ, ਕਾਰੋਬਾਰੀ ਉੱਥੇ ਜਾ ਕੇ ਸਿਰਫ਼ ਇਹ ਕਹਿੰਦੇ ਹਨ ਕਿ ਤੁਹਾਡੀ ਸਰਕਾਰ ਆ ਜਾਵੇ ਤਾਂ ਇਨ੍ਹਾਂ ਨੂੰ ਤੰਗ ਨਾ ਕਰੋ। ਕੀ ਸਰਕਾਰਾਂ ਜ਼ੁਲਮ ਕਰਨ ਲਈ ਬਣਾਈਆਂ ਗਈਆਂ ਹਨ? ਸਹੂਲਤਾਂ ਦੇਣ ਲਈ ਸਰਕਾਰਾਂ ਬਣਦੀਆਂ ਹਨ। ਜਦੋਂ ਮੈਂ ਪੰਜਾਬ ਦੇ ਵਪਾਰੀਆਂ ਨੂੰ ਬੁਲਾਇਆ ਤਾਂ ਉਨ੍ਹਾਂ ਨੇ ਮੈਨੂੰ ਇੰਨੀਆਂ ਸਮੱਸਿਆਵਾਂ ਦੱਸੀਆਂ ਕਿ ਇੱਥੇ ਸਿਰਫ ਇੱਕ ਖਿੜਕੀ ਹੈ ਪਰ ਅੰਦਰ ਬਹੁਤ ਸਾਰੀਆਂ ਖਿੜਕੀਆਂ ਹਨ। ਉਸ ਤੋਂ ਬਾਅਦ ਅਸੀਂ ਪੰਜਾਬ ਵਿੱਚ ਸਿੰਗਲ ਵਿੰਡੋ ਸਿੰਗਲ ਪੈੱਨ ਲਾਗੂ ਕੀਤਾ। ਜਿਸ ਵਿੱਚ ਇੱਕ ਪੈੱਨ ਨਾਲ ਸ਼ੁਰੂ ਕੀਤਾ ਕੰਮ ਉਸੇ ਪੈੱਨ ਨੰਬਰ ਨਾਲ ਖਤਮ ਹੋਣਾ ਚਾਹੀਦਾ। ਪੰਜਾਬ ਦੇ ਕਾਰੋਬਾਰੀਆਂ ਨੇ ਕਈ ਸੁਝਾਅ ਦਿੱਤੇ ਤਾਂ ਅਸੀਂ ਉਨ੍ਹਾਂ ਦੇ ਮੁਤਾਬਕ ਨੀਤੀ ਬਣਾਈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਿੱਲੀ ਅਤੇ ਪੰਜਾਬ ਵਿੱਚ ਮੁਫ਼ਤ ਬਿਜਲੀ ਦਿੰਦੀ ਹੈ। ਉਸ ਲਈ ਇਹ ਮਾਇਨੇ ਨਹੀਂ ਰੱਖਦਾ ਕਿ ਲਾਲ, ਨੀਲਾ, ਪੀਲਾ ਕਾਰਡ ਕਿਸ ਕੋਲ ਹੈ। ਅੱਜ ਪੰਜਾਬ ਦੇ 90% ਘਰਾਂ ਦਾ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ। ਇਹ ਕੰਮ ਹਰਿਆਣਾ ਵਿੱਚ ਕਿਉਂ ਨਹੀਂ ਹੋ ਸਕਦਾ? ਸੋਲਰ ਮਾਰਕੀਟ ਵਿੱਚ ਬਿਜਲੀ 2 ਰੁਪਏ 54 ਪੈਸੇ ਵਿੱਚ ਮਿਲਦੀ ਹੈ। ਪੰਜਾਬ ਸਰਕਾਰ ਨੇ 1100 ਮੈਗਾਵਾਟ ਸੋਲਰ ਪਾਵਰ ਨਾਲ ਸਮਝੌਤਾ ਕੀਤਾ ਹੈ। ਪੰਜਾਬ ਵਿੱਚ 5 ਥਰਮਲ ਪਲਾਂਟ ਸਨ, ਜਿਨ੍ਹਾਂ ਵਿੱਚ ਦੋ ਸਰਕਾਰੀ ਅਤੇ ਤਿੰਨ ਪ੍ਰਾਈਵੇਟ ਸਨ। ਸਾਡੇ ਕੋਲ ਪਚਵਾੜਾ, ਝਾਰਖੰਡ ਵਿੱਚ ਕੋਲੇ ਦੀ ਖਾਨ ਹੈ, ਜਿੱਥੋਂ ਅਸੀਂ ਇੱਕ ਸਾਲ ਵਿੱਚ 30 ਲੱਖ ਮੀਟ੍ਰਿਕ ਟਨ ਕੋਲਾ ਕੱਢਦੇ ਹਾਂ। ਪਰ ਕੇਂਦਰ ਦਾ ਨਿਯਮ ਹੈ ਕਿ ਕੋਲੇ ਦੀ ਵਰਤੋਂ ਸਰਕਾਰੀ ਥਰਮਲ ਪਲਾਂਟਾਂ ਵਿੱਚ ਹੀ ਕੀਤੀ ਜਾ ਸਕਦੀ ਹੈ। ਬਾਅਦ ਵਿੱਚ ਸਰਕਾਰ ਅਤੇ ਆਮ ਆਦਮੀ ਪਾਰਟੀ ਨੇ 540 ਮੈਗਾਵਾਟ ਦਾ ਥਰਮਲ ਪਲਾਂਟ ਖਰੀਦ ਲਿਆ। ਭਾਰਤ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਸਰਕਾਰ ਨੇ ਪ੍ਰਾਈਵੇਟ ਸੈਕਟਰ ਨੂੰ ਖਰੀਦਿਆ ਹੈ, ਨਹੀਂ ਤਾਂ ਸਰਕਾਰ ਵੇਚਦੀ ਹੈ। ਪੰਜਾਬ ਵਿੱਚ ਹੁਣ ਤਿੰਨ ਸਰਕਾਰੀ ਥਰਮਲ ਪਲਾਂਟ ਹਨ। ਪੰਜਾਬ ਵਿੱਚ ਇਸ ਵੇਲੇ ਉਹ ਸਾਢੇ ਪੰਜ ਰੁਪਏ ਵਿੱਚ ਬਿਜਲੀ ਦੇ ਰਹੇ ਹਨ। ਹੁਣ ਇਸ ਥਰਮਲ ਪਲਾਂਟ ਦੀ ਵਰਤੋਂ ਸਸਤੀ ਬਿਜਲੀ ਦੇਣ ਲਈ ਕੀਤੀ ਜਾਵੇਗੀ ਅਤੇ ਹਰਿਆਣਾ ਵਿੱਚ ਪ੍ਰਤੀ ਯੂਨਿਟ ਬਿਜਲੀ 10 ਰੁਪਏ ਮਹਿੰਗੀ ਹੈ। ਪਤਾ ਨਹੀਂ ਇਨ੍ਹਾਂ ਸਰਕਾਰਾਂ ਨੇ ਕਿਹੋ ਜਿਹੀਆਂ ਨੀਤੀਆਂ ਬਣਾਈਆਂ ਹਨ। ਭਾਵੇਂ ਤੁਸੀਂ ਬਿਜਲੀ ਦੀ ਵਰਤੋਂ ਨਹੀਂ ਕਰਦੇ ਹੋ, ਫਿਰ ਵੀ ਤੁਹਾਨੂੰ ਬਿਜਲੀ ਦਾ ਬਿੱਲ ਮਿਲਦਾ ਹੈ। ਪੰਜਾਬ ਵਿੱਚ ਇੱਕ ਵਾਰ ਇੰਡਸਟਰੀ ਫਾਯਰ ਦੀ ਐਨਓਸੀ ਲੈ ਲਵੇ ਤਾਂ ਤਿੰਨ ਸਾਲ ਤੱਕ ਇਸ ਦੀ ਲੋੜ ਨਹੀਂ ਪੈਂਦੀ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਇੱਕ ਹੋਰ ਯੋਜਨਾ ਬਣਾਈ ਹੈ ਸਟੈਂਪ ਪੇਪਰ ਦੀ ਕਲਰ ਕੋਡਿੰਗ। ਜੇਕਰ ਕੋਈ ਵਪਾਰੀ ਕਿਤੇ ਉਦਯੋਗ ਲਗਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਜ਼ਮੀਨ ਖਰੀਦਣ ਦੀ ਲੋੜ ਨਹੀਂ ਹੈ। ਪਹਿਲਾਂ ਤਜਵੀਜ਼ ਕਰੋ ਕਿ ਜ਼ਮੀਨ ਖਰੀਦੀ ਜਾਣੀ ਹੈ ਅਤੇ ਇਹ ਵੇਚਣ ਲਈ ਤਿਆਰ ਹੈ।

# ਕੈਬਨਿਟ ਮੰਤਰੀ ਜਿੰਪਾ ਨੇ ਜਨਤਾ ਦਰਬਾਰ ’ਚ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਹੁਸ਼ਿਆਰਪੁਰ, 5 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਆਪਣੇ ਦਫ਼ਤਰ ਵਿਖੇ ਜਨਤਾ ਦਰਬਾਰ ਆਯੋਜਿਤ ਕੀਤਾ, ਜਿਸ ਵਿਚ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ 400 ਤੋਂ ਵੱਧ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਦਾ ਤੁਰੰਤ ਹੱਲ ਕਰਨ ਦੇ ਆਦੇਸ਼ ਦਿੱਤੇ। ਜਨਤਾ ਦਰਬਾਰ ਵਿਚ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ, ਜਿਨ੍ਹਾਂ ਨੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮੁੱਦਿਆਂ ਨੂੰ ਮੰਤਰੀ ਦੇ ਸਾਹਮਣੇ ਰੱਖਿਆ। ਜਨਤਾ ਦਰਬਾਰ ਦੌਰਾਨ ਲੋਕਾਂ ਨੇ ਮੁੱਖ ਰੂਪ ਵਿਚ ਬਿਜਲੀ, ਪਾਣੀ, ਸੜਕਾਂ, ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ, ਮਾਲ, ਸਿਹਤ ਸੇਵਾਵਾਂ ਨਾਲ ਜੁੜੀਆਂ ਸਮੱਸਿਆਵਾਂ ਸੁਣਾਈਆਂ।




ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਜਨਤਾ ਦਰਬਾਰਾਂ ਰਾਹੀਂ ਉਹ ਸਿੱਧੇ ਜਨਤਾ ਨਾਲ ਜੁੜ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਦਾ ਹੱਲ ਕਰਵਾਉਂਦੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਜਨਤਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਕੋਈ ਵੀ ਲਾਪ੍ਰਵਾਹੀ ਨਾ ਬਰਤਣ, ਵਰਨਾ ਸਖ਼ਤ ਕਾਰਵਾਈ ਕੀਤੀ ਜਾਵੇਗੀ।ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਹਰ ਸਮੱਸਿਆ ਦਾ ਨਿਸ਼ਚਿਤ ਸਮੇਂ ਵਿਚ ਨਿਪਟਾਰਾ ਕਰਨ ਲਈ ਪ੍ਰਤੀਬੱਧ ਹੈ।

## ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਉਣ ਲਈ ਦ੍ਰਿੜ੍ਹ ਵਚਨਬੱਧ ਹਾਂ: ਮੁੱਖ ਮੰਤਰੀ

**➢ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰਕੇ ਲਿਆਂਦੀ ਜਾਵੇਗੀ ਨਵੀਂ ਖੇਤੀ ਨੀਤੀ ➢ ਡੀ.ਏ.ਪੀ. ਖਾਦ ਬਾਰੇ ਬੇਬੁਨਿਆਦ, ਗੈਰ-ਜ਼ਿੰਮੇਵਾਰਾਨਾ ਅਤੇ ਤਰਕਹੀਣ ਬਿਆਨਬਾਜ਼ੀ ਲਈ ਜਾਖੜਾਂ ਦੀ ਨਿਖੇਧੀ**



ਚੰਡੀਗੜ੍ਹ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਬੇਅਦਬੀ ਘਟਨਾਵਾਂ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਉਣ ਲਈ ਦ੍ਰਿੜ੍ਹ ਵਚਨਬੱਧ ਹੈ ਅਤੇ ਇਸ ਮਾਮਲੇ ਉਤੇ ਤਾਜ਼ਾ ਰਿਪੋਰਟ ਛੇਤੀ ਹੀ ਦਾਇਰ ਕੀਤੀ ਜਾਵੇਗੀ।

ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਬਹਿਸ 'ਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਸੂਬਾ ਸਰਕਾਰ ਨੂੰ ਬੇਅਦਬੀ ਘਟਨਾਵਾਂ ਵਿੱਚ ਵੱਡੇ ਸੁਰਾਗ ਮਿਲੇ ਹਨ ਅਤੇ ਤਾਜ਼ਾ ਰਿਪੋਰਟ ਇਹ ਯਕੀਨੀ ਬਣਾਏਗੀ ਕਿ ਦੋਸ਼ੀਆਂ ਨੂੰ ਉਨ੍ਹਾਂ ਦੇ ਗੁਨਾਹਾਂ ਦੀ ਮਿਸਾਲੀ ਸਜ਼ਾ ਮਿਲੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਹ ਰਿਪੋਰਟ ਕਨੂੰਨੀ ਨਜ਼ਰਸਾਨੀ ਲਈ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ ਤਾਂ ਕਿ ਇਸ ਅਪਰਾਧ ਲਈ ਜ਼ਿੰਮੇਵਾਰ ਲੋਕ ਕਨੂੰਨ ਦੇ ਸ਼ਿਕੰਜੇ ਤੋਂ ਬਚ ਨਾ ਨਿਕਲਣ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਇਸ ਘਿਨਾਉਣੇ ਅਪਰਾਧ ਦੇ ਦੋਸ਼ੀ ਜੇਲ੍ਹ ਦੀਆਂ ਸ਼ਲਾਖਾਂ ਪਿੱਛੇ ਹੋਣਗੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ ਉਹ ਇਸ ਮਾਮਲੇ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

ਇਸ ਸੰਵੇਦਨਸ਼ੀਲ ਮਾਮਲੇ ਪ੍ਰਤੀ ਨਰਮ ਪਹੁੰਚ ਅਪਣਾਉਣ ਲਈ ਪਿਛਲੀਆਂ ਸਰਕਾਰਾਂ ਦੀ ਸਖ਼ਤ ਅਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਰਕਾਰਾਂ ਦੀ ਢਿੱਲਮੱਠ ਕਰਕੇ ਨਾ-ਮੁਆਫੀਯੋਗ ਜੁਰਮ ਕਰਕੇ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪਹੁੰਚਾਉਣ ਵਾਲੇ ਜ਼ਿੰਮੇਵਾਰ ਲੋਕ ਅਜੇ ਵੀ ਆਜ਼ਾਦ ਫਿਰ ਰਹੇ ਹਨ।

ਸੂਬੇ ਵਿੱਚ ਬੇਅਦਬੀ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਇਹ ਫਰਜ਼ ਹੈ ਕਿ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਈ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਵੀ ਵਿਅਕਤੀ ਦੀ ਅਪਰਾਧ ਵਿੱਚ ਸ਼ਮੂਲੀਅਤ ਹੈ, ਉਸ ਨੂੰ ਗੁਨਾਹਾਂ ਦੀ ਕਰੜੀ ਸਜ਼ਾ ਦਿਵਾਈ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਬਗੈਰ ਸੋਚੇ ਸਮਝੇ ਅਤੇ ਲੋਕਾਂ ਦੀ ਸਲਾਹ ਤੋਂ ਬਿਨਾਂ ਆਪਣੀਆਂ ਨੀਤੀਆਂ ਲਾਗੂ ਕਰਦੀ ਹੈ ਜਦਕਿ ਇਸ ਦੇ ਉਲਟ ਸੂਬਾ ਸਰਕਾਰ ਲੋਕਾਂ ਦੀ ਸਲਾਹ ਨਾਲ ਹੀ ਨੀਤੀਆਂ ਘੜਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਖੇਤੀ ਨੀਤੀ ਦਾ ਖਰੜਾ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਤਿਆਰ ਕੀਤਾ ਜਾ ਰਿਹਾ ਹੈ ਕਿਉਂ ਜੋ ਉਦਯੋਗਿਕ ਨੀਤੀ ਵੀ ਉਦਯੋਗਪਤੀਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਲਾਗੂ ਕੀਤੀ ਗਈ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕੈਬਨਿਟ ਰੈਂਕ ਦੇ ਚੇਅਰਮੈਨ ਨਾਲ ਉਦਯੋਗਿਕ ਸਲਾਹਕਾਰ ਕਮਿਸ਼ਨ ਗਠਿਤ ਕਰਨ 'ਤੇ ਵਿਚਾਰ ਕਰ ਰਹੀ ਹੈ ਜਿਸ ਵਿੱਚ ਵੱਡੇ ਸਨਅਤਕਾਰ ਵੀ ਸ਼ਾਮਲ ਕੀਤੇ ਜਾਣਗੇ।

## 'ਇੰਡੀਆ' ਗਠਜੋੜ ਜੰਮੂ ਕਸ਼ਮੀਰ ਦੇ ਰਾਜ ਦੇ ਦਰਜੇ ਦੀ ਬਹਾਲੀ ਕਰੇਗਾ ਯਕੀਨੀ : ਰਾਹੁਲ ਗਾਂਧੀ



ਜੰਮੂ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਜੰਮੂ ਕਸ਼ਮੀਰ 'ਚ ਆਪਣੀ ਪਾਰਟੀ ਲਈ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਅਤੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਪਾਰਟੀ 'ਇੰਡੀਅਨ ਨੈਸ਼ਨਲ ਡੈਵਲਪਮੈਂਟ ਇਨਕਲੂਸਿਵ ਅਲਾਇੰਸ' (ਇੰਡੀਆ) ਦੇ ਸਹਿਯੋਗੀ ਦਲਾਂ ਦੀ ਮਦਦ ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਰਾਜ ਦੇ ਦਰਜੇ ਦੀ ਬਹਾਲੀ ਯਕੀਨੀ ਕਰੇਗਾ। ਉਨ੍ਹਾਂ ਕਿਹਾ,"ਅਸੀਂ ਵਿਧਾਨ ਸਭਾ ਚੋਣਾਂ ਤੋਂ ਪਹਿਲੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨਾ ਚਾਹੁੰਦੇ ਸੀ ਪਰ ਭਾਜਪਾ ਇਸ ਲਈ ਤਿਆਰ ਨਹੀਂ ਸੀ ਅਤੇ ਉਹ ਚਾਹੁੰਦੀ ਸੀ ਕਿ ਪਹਿਲੇ ਚੋਣਾਂ ਹੋ ਜਾਣ।"

ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ,"ਅਸੀਂ ਇਸ ਖੇਤਰ ਦੇ ਰਾਜ ਦੇ ਦਰਜੇ ਦੀ ਬਹਾਲੀ ਯਕੀਨੀ ਕਰਨਗੇ, ਭਾਜਪਾ ਚਾਹੇ ਜਾਂ ਨਾ ਚਾਹੇ। ਅਸੀਂ 'ਇੰਡੀਆ' ਗਠਜੋੜ ਦੇ ਬੈਨਰ ਹੇਠ ਸਰਕਾਰ 'ਤੇ ਇਸ ਲਈ ਦਬਾਅ ਪਾਵਾਂਗੇ।" ਗਾਂਧੀ ਰਾਮਬਨ ਜ਼ਿਲ੍ਹੇ ਦੇ ਬਨਿਹਾਲ ਵਿਧਾਨ ਸਭਾ ਖੇਤਰ 'ਚ ਆਉਣ ਵਾਲੇ ਸੰਗਲਦਾਨ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸੀ। ਇਸ ਖੇਤਰ 'ਚ ਤਿੰਨ ਪੜਾਵਾਂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਦੇ ਅਧੀਨ 25 ਹੋਰ ਖੇਤਰਾਂ ਨਾਲ 18 ਸਤੰਬਰ ਨੂੰ ਵੋਟਿੰਗ ਹੋਣੀ ਹੈ। ਕਾਂਗਰਸ ਦੀ ਪ੍ਰਦੇਸ਼ ਕਮੇਟੀ ਦੇ ਸਾਬਕਾ ਪ੍ਰਧਾਨ ਵਿਕਾਰ ਰਸੂਲ ਵਾਨੀ ਇਸ ਚੋਣ ਖੇਤਰ ਤੋਂ ਚੋਣ ਲੜ ਰਹੇ ਹਨ ਅਤੇ ਉਨ੍ਹਾਂ ਨੂੰ ਨੈਸ਼ਨਲ ਕਾਨਫਰੰਸ (ਨੈਕਾਂ) ਦੇ ਉਮੀਦਵਾਰ ਸੱਜਾਦ ਸ਼ਾਹੀਨ ਅਤੇ ਭਾਜਪਾ ਦੇ ਸਲੀਮ ਭੱਟ ਤੋਂ ਸਖ਼ਤ ਚੁਣੌਤੀ ਮਿਲ ਰਹੀ ਹੈ। ਸਾਬਕਾ ਮੰਤਰੀ ਵਾਨੀ ਇਸ ਸੀਟ ਤੋਂ ਲਗਾਤਾਰ ਤੀਜੀ ਵਾਰ ਚੋਣ ਜਿੱਤਣ ਦੀ ਉਮੀਦ ਕਰ ਰਹੇ ਹਨ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋ ਰੋਜ਼ਾ ਦੌਰੇ 'ਤੇ ਸਿੰਗਾਪੁਰ ਪੁੱਜੇ

**ਸੈਮੀਕੰਡਕਟਰ ਸੈਕਟਰ ਵਿੱਚ ਮੈਨਪਾਵਰ ਹੁਨਰਮੰਦੀ ਵਿੱਚ ਸਹਿਯੋਗ ਲਈ ਸਮਝੌਤਿਆਂ 'ਤੇ ਹਸਤਾਖਰ ਕੀਤੇ ਜਾਣਗੇ**



ਸਿੰਗਾਪੁਰ, 4 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ-ਸਿੰਗਾਪੁਰ ਦੇ ਸਬੰਧਾਂ ਨੂੰ ਹੋਰ ਗੂੜ੍ਹਾ ਕਰਨ ਦੇ ਉਦੇਸ਼ ਨਾਲ ਬੁੱਧਵਾਰ ਨੂੰ ਇੱਥੇ ਦੋ ਰੋਜ਼ਾ ਦੌਰੇ 'ਤੇ ਪੁੱਜੇ ਹਨ। ਨਵੀਂ ਦਿੱਲੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਿੰਗਾਪੁਰ ਦੇ ਆਪਣੇ ਹਮਰੁਤਬਾ ਲਾਰੈਂਸ ਵੌਂਗ ਦੇ ਸੱਦੇ 'ਤੇ ਆਪਣੀ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਸਿੰਗਾਪੁਰ ਦੀ ਲੀਡਰਸ਼ਿਪ ਦੀਆਂ ਤਿੰਨ ਪੀੜ੍ਹੀਆਂ ਨਾਲ ਜੁੜਨਗੇ। ਪੰਜਵੀਂ ਅਧਿਕਾਰਤ ਯਾਤਰਾ 'ਤੇ ਪੁੱਜਣ ਮੌਕੇ ਸ੍ਰੀ ਮੋਦੀ ਨੇ ਟਵੀਟ ਕੀਤਾ ਕਿ ਅਸੀਂ ਸਿੰਗਾਪੁਰ ਨਾਲ ਨਜ਼ਦੀਕੀ ਸੱਭਿਆਚਾਰਕ ਸਬੰਧਾਂ ਦੀ ਵੀ ਉਮੀਦ ਕਰਦੇ ਹਾਂ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਬਰੂਨਈ ਦੀ ਯਾਤਰਾ 'ਤੇ ਸਨ, ਜੋ ਕਿ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਪਹਿਲੀ ਯਾਤਰਾ ਸੀ।

ਮੋਦੀ ਸੀਨੀਅਰ ਮੰਤਰੀ ਲੀ ਹਸੀਨ ਲੂੰਗ ਅਤੇ ਐਮਰੀਟਸ ਸੀਨੀਅਰ ਮੰਤਰੀ ਗੋਹ ਚੋਕ ਟੋਂਗ ਨਾਲ ਮੁਲਾਕਾਤ ਕਰਨਗੇ। ਇਸ ਦੌਰਾਨ ਸ੍ਰੀ ਮੋਦੀ ਸਿੰਗਾਪੁਰ ਦੇ ਕਾਰੋਬਾਰੀ ਨੇਤਾਵਾਂ ਨਾਲ ਵੀ ਮੁਲਾਕਾਤ ਕਰਨਗੇ ਅਤੇ ਦੇਸ਼ ਦੇ ਸੈਮੀਕੰਡਕਟਰ ਈਕੋਸਿਸਟਮ ਬਾਰੇ ਗੱਲਬਾਤ ਕਰਨਗੇ। ਅਧਿਕਾਰੀਆਂ ਨੇ ਦੱਸਿਆ ਕਿ ਸੈਮੀਕੰਡਕਟਰ ਸੈਕਟਰ ਵਿੱਚ ਕਿਰਤ ਸ਼ਕਤੀ ਦੀ ਹੁਨਰਮੰਦੀ ਵਿੱਚ ਸਹਿਯੋਗ ਲਈ ਸਮਝੌਤਿਆਂ 'ਤੇ ਹਸਤਾਖਰ ਕੀਤੇ ਜਾਣਗੇ। ਅਧਿਕਾਰੀਆਂ ਨੇ ਕਿਹਾ ਕਿ ਹੁਨਰ ਕੇਂਦਰਾਂ ਤੋਂ ਲੈ ਕੇ ਸਿੰਗਾਪੁਰ ਦੀਆਂ ਫਰਮਾਂ ਦੁਆਰਾ ਸਿਖਲਾਈ ਅਤੇ ਭਰਤੀ ਤੱਕ, ਇਹ ਭਾਰਤ ਦੇ ਨੌਜਵਾਨਾਂ ਨੂੰ ਬਿਹਤਰ ਹੁਨਰ ਅਤੇ ਮੌਕੇ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ।

## ਕਾਂਗਰਸ ਨਾਲ ਗਠਜੋੜ ਸਮੇਂ ਦੀ ਮੰਗ : ਫਾਰੂਕ ਅਬਦੁੱਲਾ



ਸ਼੍ਰੀਨਗਰ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਕਾਨਫਰੰਸ (ਨੈਕਾਂ) ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਬੁੱਧਵਾਰ ਨੂੰ ਕਿਹਾ ਕਿ ਕਾਂਗਰਸ ਨਾਲ ਉਨ੍ਹਾਂ ਦੀ ਪਾਰਟੀ ਦਾ ਗਠਜੋੜ ਕੋਈ ਮਜ਼ਬੂਰੀ ਨਹੀਂ ਹੈ, ਸਗੋਂ ਜੰਮੂ ਕਸ਼ਮੀਰ ਦੇ ਵਿਕਾਸ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਰਾਜ ਦਾ ਦਰਜਾ ਬਹਾਲ ਕਰਨ ਲਈ ਸਮੇਂ ਦੀ ਮੰਗ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਦਾ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦੌਰਾ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਚਪੇੜ ਹੈ ਜੋ ਜੰਮੂ ਕਸ਼ਮੀਰ 'ਚ ਮੁੱਖ ਧਾਰਾ ਦੇ ਨੇਤਾਵਾਂ ਨੂੰ ਪਾਕਿਸਤਾਨੀ ਕਹਿੰਦੇ ਹਨ। ਦੱਖਣ ਕਸ਼ਮੀਰ 'ਚ ਰਾਹੁਲ ਗਾਂਧੀ ਦੀ ਚੋਣ ਰੈਲੀ 'ਚ ਹਿੱਸਾ ਲੈਣ ਲਈ ਆਪਣੇ ਘਰੋਂ ਨਿਕਲਦੇ ਸਮੇਂ ਅਬਦੁੱਲਾ ਨੇ ਕਿਹਾ,"ਇਹ (ਗਠਜੋੜ) ਕੋਈ ਮਜ਼ਬੂਰੀ ਨਹੀਂ ਹੈ। ਇਹ ਸਮੇਂ ਦੀ ਮੰਗ ਹੈ। ਅਸੀਂ ਜੰਮੂ ਕਸ਼ਮੀਰ ਦੇ ਵਿਕਾਸ ਲਈ ਸਾਰਿਆਂ ਨੂੰ ਨਾਲ ਲੈ ਕੇ ਤੁਰਨਾ ਚਾਹੁੰਦੇ ਹਨ।" ਨੈਕਾਂ ਪ੍ਰਧਾਨ ਇਸ ਸਵਾਲ ਦਾ ਜਵਾਬ ਦੇ ਰਹੇ ਸਨ ਕਿ ਕੀ ਕਾਂਗਰਸ ਨਾਲ ਗਠਜੋੜ ਉਨ੍ਹਾਂ ਦੀ ਪਾਰਟੀ ਲਈ ਮਜ਼ਬੂਰੀ ਹੈ ?

ਉਨ੍ਹਾਂ ਕਿਹਾ,"ਉਹ (ਰਾਹੁਲ) ਸਾਡੇ ਦੇਸ਼ ਲਈ ਇਕ ਵੱਡੀ ਆਵਾਜ਼ ਹੈ। ਇਹ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਚਪੇੜ ਹੈ, ਜਿਨ੍ਹਾਂ ਨੇ ਸਾਡੇ 'ਤੇ ਪਾਕਿਸਤਾਨੀ ਹੋਣ ਦਾ ਦੋਸ਼ ਲਗਾਇਆ ਸੀ। ਮੈਂ ਉਮੀਦ ਕਰਦਾ ਹਾਂ ਕਿ ਦੇਸ਼ ਦੇ ਲੋਕ ਸਮਝਣਗੇ ਕਿ ਅਸੀਂ ਰਾਜ (ਜੰਮੂ ਅਤੇ ਕਸ਼ਮੀਰ) ਨੂੰ ਇਸ ਮੁਸ਼ਕਲ ਦੌਰ ਤੋਂ ਬਾਹਰ ਨਿਕਲਣਾ ਅਤੇ ਵਿਕਾਸ ਕਰਨਾ ਚਾਹੁੰਦੇ ਹਾਂ। ਮੈਂ ਪਹਿਲੀ ਵਾਰ ਦੇਖਿਆ ਹੈ ਕਿ ਕਿਸੇ ਰਾਜ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਬਦਲ ਦਿੱਤਾ ਗਿਆ ਹੈ। ਇਸ ਨੂੰ ਬਦਲਣਾ ਚਾਹੀਦਾ ਅਤੇ ਪੂਰਨ ਰਾਜ ਦਾ ਦਰਜਾ ਬਹਾਲ ਕੀਤਾ ਜਾਣਾ ਚਾਹੀਦਾ...ਅਸੀਂ ਇਹੀ ਕੋਸ਼ਿਸ਼ ਕਰ ਰਹੇ ਹਾਂ।"

## ਕਰਮਚਾਰੀਆਂ ਨੂੰ ਹਰ ਮਹੀਨੇ ਦੀ 5 ਤਾਰੀਖ਼ ਨੂੰ ਤਨਖ਼ਾਹ ਅਤੇ 10 ਨੂੰ ਪੈਨਸ਼ਨ ਮਿਲੇਗੀ: ਸੁਖਵਿੰਦਰ ਸੁੱਖ



ਸ਼ਿਮਲਾ, 4 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਹੱਤਵਪੂਰਨ ਵੋਟ ਬੈਂਕ ਸਰਕਾਰੀ ਕਰਮਚਾਰੀਆਂ ਦੀ ਆਲੋਚਨਾ ਅਤੇ ਅਸਹਿਮਤੀ ਦਾ ਸਾਹਮਣਾ ਕਰਦਿਆਂ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਬੁੱਧਵਾਰ ਨੂੰ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਨੂੰ ਦੱਸਿਆ ਕਿ ਮੁਲਾਜ਼ਮਾਂ ਨੂੰ 5 ਸਤੰਬਰ ਨੂੰ ਤਨਖਾਹਾਂ ਮਿਲਣਗੀਆਂ ਅਤੇ 10 ਸਤੰਬਰ ਨੂੰ ਪੈਨਸ਼ਨ ਜਾਰੀ ਹੋ ਜਾਵੇਗੀ। ਉਨ੍ਹਾਂ ਨੇ ਕੇਂਦਰ ਤੋਂ 520 ਕਰੋੜ ਰੁਪਏ ਲੈਣ ਤੋਂ ਪਹਿਲਾਂ ਪੰਜ-ਛੇ ਦਿਨਾਂ ਲਈ 7.5 ਫੀਸਦੀ ਵਿਆਜ 'ਤੇ ਕਰਜ਼ੇ ਤੋਂ ਬਚਣ ਲਈ ਤਨਖ਼ਾਹਾਂ ਅਤੇ ਪੈਨਸ਼ਨਾਂ ਜਾਰੀ ਕਰਨ ਵਿੱਚ ਦੇਰੀ ਨੂੰ ਜਾਇਜ਼ ਠਹਿਰਾਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਅਤੇ ਸੇਵਾਮੁਕਤ ਵਿਅਕਤੀਆਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਹਰ ਮਹੀਨੇ ਦੀ 5 ਅਤੇ 10 ਤਰੀਕ ਨੂੰ ਦਿੱਤੀਆਂ ਜਾਣਗੀਆਂ। ਉਧਰ ਵਿਰੋਧੀ ਧਿਰ ਦੇ ਆਗੂ ਜੈਰਾਮ ਠਾਕੁਰ ਵੱਲੋਂ ਤਨਖ਼ਾਹਾਂ ਵਿੱਚ ਦੇਰੀ ਦੇ ਮੁੱਦੇ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੁਲਾਜ਼ਮਾਂ ਨੂੰ 5 ਸਤੰਬਰ ਨੂੰ ਤਨਖ਼ਾਹਾਂ ਮਿਲਣਗੀਆਂ ਅਤੇ 10 ਸਤੰਬਰ ਨੂੰ ਪੈਨਸ਼ਨਾਂ ਜਾਰੀ ਹੋ ਜਾਣਗੀਆਂ। ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਉਨ੍ਹਾਂ ਦੀ ਮੌਜੂਦਾ ਸਮਾਂ ਸੀਮਾ ਅਨੁਸਾਰ ਭੱਤੇ ਮਿਲਣਗੇ ਕਿਉਂਕਿ ਉਹ ਆਪਣੇ ਸਰੋਤਾਂ ਰਾਹੀਂ ਖਰਚੇ ਦੀ ਪੂਰਤੀ ਕਰਨਗੇ।

## ਮੋਦੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ 'ਤੇ ਦੇਸ਼ ਵਾਸੀਆਂ ਨੂੰ ਦਿੱਤੀ ਵਧਾਈ



ਨਵੀਂ ਦਿੱਲੀ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਧਰਮ ਗ੍ਰੰਥ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਦੂਜਿਆਂ ਦੀ ਸੇਵਾ ਅਤੇ ਦੇਖਭਾਲ ਕਰਨ ਲਈ ਪ੍ਰੇਰਿਤ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਪਵਿੱਤਰ ਧਰਮ ਗ੍ਰੰਥ ਹੈ।

ਪੀ.ਐੱਮ. ਮੋਦੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆ ਭਰ 'ਚ ਲੱਖਾਂ ਲੋਕਾਂ ਨੂੰ ਪ੍ਰੇਰਨਾ ਦਿੰਦਾ ਹੈ ਅਤੇ ਲੋਕਾਂ ਨੂੰ ਦੂਜਿਆਂ ਦੀ ਸੇਵਾ ਅਤੇ ਦੇਖਭਾਲ ਕਰਨ ਲਈ ਪ੍ਰੇਰਿਤ ਕਰਦਾ ਹੈ।" ਉਨ੍ਹਾਂ ਕਿਹਾ,"ਇਹ ਸਾਨੂੰ ਆਪਣੇ ਸਮਾਜ 'ਚ ਭਾਈਚਾਰੇ ਅਤੇ ਸਦਭਾਵਨਾ ਦੇ ਬੰਧਨ ਨੂੰ ਅੱਗੇ ਵਧਾਉਣਾ ਵੀ ਸਿਖਾਉਂਦਾ ਹੈ। ਇਸ ਦੀ ਸਿੱਖਿਆ ਸਾਡੇ ਗ੍ਰਹਿ ਨੂੰ ਬਿਹਤਰ ਬਣਾਉਣ ਦੀਆਂ ਸਾਡੀਆਂ ਕੋਸ਼ਿਸ਼ਾਂ 'ਚ ਸਾਡਾ ਮਾਰਗਦਰਸ਼ਨ ਕਰਦੀ ਰਹੇ।"

## ਅਕਾਲੀ ਦਲ ਨੇ ਹਰਸਿਮਰਤ ਕੌਰ ਬਾਦਲ ਨੂੰ ਸੌਂਪੀ ਅਹਿਮ ਜ਼ਿੰਮੇਵਾਰੀ



ਚੰਡੀਗੜ੍ਹ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀਆਂ 4 ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਕਮਰ ਕੱਸ ਲਈ ਹੈ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਜ਼ਿਮਨੀ ਚੋਣਾਂ ਤੋਂ ਪਹਿਲਾਂ ਸੀਨੀਅਰ ਲੀਡਰਾਂ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਇਸ ਤਹਿਤ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਹਲਕੇ ਤੋਂ ਕੈਂਪੇਨ ਇੰਚਾਰਜ ਨਿਯੁਕਤ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿਚ ਪਾਰਟੀ ਸਰਗਰਮੀਆਂ ਨੂੰ ਤੇਜ਼ ਕਰਨ ਲਈ ਸੀਨੀਅਰ ਲੀਡਰਾਂ ਨੂੰ ਜ਼ਿੰਮੇਵਾਰੀ ਸੌਂਪੀ ਹੈ। ਇਸ ਤਹਿਤ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਹਲਕੇ ਲਈ ਕੈਂਪੇਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਹ ਹਲਕੇ ਵਿਚ ਚੋਣ ਮੁਹਿੰਮ ਦੀ ਅਗਵਾਈ ਕਰਨਗੇ। ਇੱਥੇ ਦੱਸ ਦਈਏ ਕਿ ਇਸ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬ ਾਦਲ ਵੱਲੋਂ ਚੋਣ ਲੜਣ ਦੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ।

ਇਸ ਤੋਂ ਇਲਾਵਾ ਸੀਨੀਅਰ ਆਗੂ ਹੀਰਾ ਸਿੰਘ ਨੂੰ ਬਰਨਾਲਾ ਸ਼ਹਿਰੀ ਅਤੇ ਇਕਬਾਲ ਸਿੰਘ ਝੂੰਦਾ ਨੂੰ ਬਰਨਾਲਾ ਦਿਹਾਤੀ ਦਾ ਕੈਂਪੇਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਹ ਦੋਵੇਂ ਲੀਡਰ ਬਰਨਾਲੇ ਵਿਚ ਚੋਣ ਮੁਹਿੰਮ ਦੀ ਕਮਾਨ ਸੰਭਾਲਣਗੇ।

## ਪੰਜਾਬ ਵਿਧਾਨ ਸਭਾ ਵੱਲੋਂ ਚਾਰ ਅਹਿਮ ਬਿੱਲ ਪਾਸ

ਚੰਡੀਗੜ੍ਹ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਨੇ ਅੱਜ 4 ਮਹੱਤਵਪੂਰਨ ਬਿੱਲ ਜਿਨ੍ਹਾਂ ਵਿੱਚ ਪੰਜਾਬ ਗੁੱਡਜ਼ ਐਂਡ ਸਰਵਿਸਜ਼ ਟੈਕਸ (ਸੋਧਨਾ) ਬਿੱਲ, 2024, ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ, 2024, ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿੱਲ, 2024 ਤੇ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿੱਲ, 2024 ਸ਼ਾਮਲ ਹਨ, ਵਿਧਾਨ ਸਭਾ ਸੈਸ਼ਨ ਵਿੱਚ ਪਾਸ ਕੀਤੇ।

ਵਿੱਤ ਅਤੇ ਕਰ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਵਿੱਚ ਪੰਜਾਬ ਗੁੱਡਜ਼ ਐਂਡ ਸਰਵਿਸਜ਼ ਟੈਕਸ (ਸੋਧਨਾ) ਬਿੱਲ ਪੇਸ਼ ਕੀਤਾ, ਇਸੇ ਤਰ੍ਹਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ, 2024 ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿੱਲ, 2024 ਪੇਸ਼ ਕੀਤਾ। ਤਿੰਨੇ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਏ।

## ਦਰਦਨਾਕ ਹਾਦਸਾ, ਮੀਂਹ ਕਾਰਨ ਕੰਧ ਡਿੱਗਣ ਨਾਲ 3 ਬੱਚਿਆਂ ਦੀ ਮੌਤ




ਪੰਚਕੂਲਾ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਪੰਚਕੂਲਾ ਜ਼ਿਲ੍ਹੇ ਦੇ ਜਸਪੁਰ ਪਿੰਡ ਕੋਲ ਸਥਿਤ ਇੱਟ ਭੱਠੇ 'ਤੇ ਬੁੱਧਵਾਰ ਨੂੰ ਕੰਧ ਡਿੱਗਣ ਕਾਰਨ ਵੱਡਾ ਹਾਦਸਾ ਵਾਪਰ ਗਿਆ। ਇਸ ਹਾਦਸੇ ਮਲਬੇ ਹੇਠ ਦੱਬ ਕੇ 'ਚ ਤਿੰਨ ਮਾਸੂਮ ਬੱਚਿਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਮਰਨ ਵਾਲੇ ਬੱਚਿਆਂ ਦੀ ਪਛਾਣ ਮੁਹੰਮਦ ਸ਼ਾਦ ਦੀ ਧੀ 7 ਸਾਲਾ ਰਾਫਿਆ ਅਤੇ ਨਵਾਬ ਦੇ 2 ਬੇਟਿਆਂ 4 ਸਾਲਾ ਜਿਸ਼ਾਨ ਅਤੇ 2 ਸਾਲਾ ਇਸ਼ਾਨ ਵਜੋਂ ਹੋਈ ਹੈ। ਇੱਟ ਭੱਠੇ ਦੀ ਕੰਧ ਮੋਹਲੇਧਾਰ ਮੀਂਹ ਕਾਰਨ ਡਿੱਗ ਗਈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਕਬਜ਼ੇ 'ਚ ਲੈ ਲਿਆ। ਤਿੰਨ ਬੱਚਿਆਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਰਾਏਪੁਰ ਰਾਣੀ ਦੇ ਹਸਪਤਾਲ 'ਚ ਰੱਖਵਾ ਦਿੱਤਾ ਗਿਆ ਹੈ।

ਆਪਣੇ ਬੱਚਿਆਂ ਦੀ ਮੌਤ ਦੀ ਖ਼ਬਰ ਸੁਣ ਕੇ ਪੀੜਤ ਪਰਿਵਾਰ ਦੇ ਮੈਂਬਰ ਅਤੇ ਰਿਸ਼ਤੇਦਾਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਬੱਚਿਆਂ ਦੇ ਮਾਤਾ-ਪਿਤਾ ਪਿਛਲੇ 14 ਸਾਲਾਂ ਤੋਂ ਇੱਟ ਭੱਠੇ 'ਤੇ ਕੰਮ ਕਰ ਰਹੇ ਸਨ। ਉਹ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਦੇ ਰਹਿਣ ਵਾਲੇ ਹਨ। ਪਰਿਵਾਰ ਵਾਲਿਆਂ ਨੇ ਦੱਸਿਆ ਕਿ ਬੱਚੇ ਸ਼ੈੱਡ ਦੇ ਹੇਠਾਂ ਖੇਡ ਰਹੇ ਸਨ, ਉਦੋਂ ਅਚਾਨਕ ਇੱਟ ਭੱਠੇ ਦੀ ਕੰਧ ਡਿੱਗ ਗਈ, ਜਿਸ ਦੇ ਹੇਠਾਂ 4 ਬੱਚੇ ਦੱਬ ਗਏ। ਜਿਨ੍ਹਾਂ 'ਚੋਂ 3 ਦੀ ਮੌਤ ਹੋ ਗਈ ਅਤੇ ਇਕ ਨੂੰ ਮਾਮੂਲੀ ਸੱਟਾਂ ਲੱਗੀਆਂ। ਡਾਕਟਰ ਗੌਰਵ ਪ੍ਰਜਾਪਤੀ ਨੇ ਦੱਸਿਆ ਕਿ ਜਦੋਂ ਬੱਚਿਆਂ ਨੂੰ ਹਸਪਤਾਲ ਲਿਆਂਦਾ ਗਿਆ ਤਾਂ 2 ਬੱਚਿਆਂ ਦੀ ਮੌਤ ਹੋ ਚੁੱਕੀ ਸੀ ਅਤੇ ਇਕ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਘਟਨਾ ਬਾਰੇ ਇੱਟ-ਭੱਠਾ ਮਾਲਕਾਂ ਤੋਂ ਪੁੱਛ-ਗਿੱਛ ਕਰ ਰਹੀ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੰਜਾਬ 'ਚ ਕਾਂਗਰਸੀ ਆਗੂ ਦੇ ਘਰ ਈ.ਡੀ. ਦੀ ਰੇਡ

ਖੰਨਾ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੰਨਾ ਵਿਚ ਈ.ਡੀ. ਵੱਲੋਂ ਕਾਂਗਰਸੀ ਆਗੂ ਦੇ ਘਰ ਰੇਡ ਕੀਤੀ ਗਈ ਹੈ। ਕਾਂਗਰਸੀ ਆਗੂ ਰਾਜਦੀਪ ਸਿੰਘ ਦੇ ਘਰ ਈ.ਡੀ. ਦੀ ਛਾਪੇਮਾਰੀ ਜਾਰੀ ਹੈ। ਇਹ ਜਾਂਚ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਲ ਜੁੜੇ ਟੈਂਡਰ ਘਪਲੇ ਮਾਮਲੇ ਵਿਚ ਦੱਸੀ ਜਾ ਰਹੀ ਹੈ। ਇਸ ਦੇ ਨਾਲ ਹੀ ਰਾਜਦੀਪ ਸਿੰਘ ਦਾ ਨਾਂ ਨਕਲੀ ਸ਼ਰਾਬ ਫੈਕਟਰੀ ਨਾਲ ਵੀ ਜੁੜ ਰਿਹਾ ਹੈ।

ਜਾਣਕਾਰੀ ਮੁਤਾਬਕ ਈ.ਡੀ. ਵੱਲੋਂ ਰਾਜਦੀਪ ਸਿੰਘ ਦੇ ਘਰ ਛਾਪਾ ਮਾਰਿਆ ਗਿਆ ਹੈ। ਕਾਂਗਰਸੀ ਆਗੂ ਤੇ ਆੜ੍ਹਤੀ ਰਾਜਦੀਪ ਸਿੰਘ ਦੇ ਘਰ ਤੋਂ ਇਲਾਵਾ ਈ.ਡੀ. ਵੱਲੋਂ ਉਸ ਦੇ ਕਾਰੋਬਾਰ ਦੇ ਟਿਕਾਣਿਆਂ 'ਤੇ ਵੀ ਰੇਡ ਕੀਤੀ ਗਈ ਹੈ। ਈ.ਡੀ. ਦੀ ਟੀਮ ਵੱਲੋਂ ਸਿਟੀ ਸੈਂਟਰ ਵਿਚ 2 ਦਫ਼ਤਰਾਂ ਵਿਚ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ। ਈ.ਡੀ. ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇੱਥੇ ਦੱਸ ਦਈਏ ਕਿ ਰਾਜਦੀਪ ਸਿੰਘ ਨੂੰ ਸਾਬਕਾ ਮੰਤਰੀ ਗੁਰਕੀਰਤ ਕੋਟਲੀ ਦੇ ਬੇਹੱਦ ਕਰੀਬੀ ਮੰਨਿਆ ਜਾਂਦਾ ਹੈ। ਇਸ ਰੇਡ ਬਾਰੇ ਜਦੋਂ ਗੁਰਕੀਰਤ ਕੋਟਲੀ ਕੋਲੋਂ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

## ਪੰਜਾਬ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅਧਿਆਪਕਾਂ ਨੂੰ ਰਾਸ਼ਟਰੀ ਅਧਿਆਪਕ ਦਿਵਸ ਦੀ ਦਿੱਤੀ ਵਧਾਈ



ਚੰਡੀਗੜ੍ਹ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ: ਹਰਜੋਤ ਸਿੰਘ ਬੈਂਸ ਨੇ ਰਾਸ਼ਟਰੀ ਅਧਿਆਪਕ ਦਿਵਸ ਦੀ ਪੂਰਵ ਸੰਧਿਆ 'ਤੇ ਅਧਿਆਪਕ ਭਾਈਚਾਰੇ ਨੂੰ ਦਿਲੀ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨਾਂ ਨੂੰ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਇਮਾਨਦਾਰੀ, ਇਖ਼ਲਾਕ, ਸਮਰਪਣ ਅਤੇ ਚੰਗੇ ਆਚਰਣ ਵਰਗੇ ਉੱਤਮ ਗੁਣ ਪੈਦਾ ਕਰਨ ਲਈ ਹਰ ਸੰਭਵ ਯਤਨ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਸਾਡੇ ਵਿਦਿਆਰਥੀ ਸਮਾਜ ਦੇ ਆਦਰਸ਼ ਨਾਗਰਿਕ ਬਣ ਸਕਣ।

ਅੱਜ ਇੱਥੇ ਜਾਰੀ ਇੱਕ ਸੰਦੇਸ਼ ਵਿੱਚ ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਸ਼ਾਨਦਾਰ ਦਿਨ ਵੱਖ-ਵੱਖ ਖੇਤਰਾਂ ਵਿਸ਼ੇਸ਼ ਤੌਰ 'ਤੇ ਸਿੱਖਿਆ ਪ੍ਰਨਾਲੀ 'ਚ ਬੇਮਿਸਾਲ ਸੁਧਾਰ ਕਰਨ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਉੱਘੇ ਵਿਦਵਾਨ, ਰਾਜਨੇਤਾ ਅਤੇ ਮਹਾਨ ਦਾਰਸ਼ਨਿਕ, ਭਾਰਤ ਦੇ ਸਾਬਕਾ ਰਾਸ਼ਟਰਪਤੀ ਸਵਰਗੀ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਵਾਲੇ ਦਿਨ ਆਉਂਦਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਪੈਦਾ ਕਰਨ ਅਤੇ ਉਨ੍ਹਾਂ ਨੂੰ ਆਪੋ-ਆਪਣੇ ਖੇਤਰਾਂ ਵਿੱਚ ਕਾਬਲ ਬਣਾਉਣ ਲਈ ਸਿੱਖਿਆ ਪ੍ਰਦਾਨ ਕਰਨ ਵਿੱਚ ਵੱਡਮੁੱਲੀ ਸੇਵਾ ਨਿਭਾਉਂਦੇ ਹਨ। ਅਧਿਆਪਕਾਂ ਦੀ ਮਹੱਤਤਾ ਇਸ ਤੱਥ ਤੋਂ ਉਜਾਗਰ ਹੁੰਦੀ ਹੈ ਕਿ ਉਹਨਾਂ ਨੂੰ ਮਾਪਿਆਂ ਤੋਂ ਬਾਅਦ ਦਾ ਦਰਜਾ ਦਿੱਤਾ ਗਿਆ ਹੈ।

ਭਾਰਤ ਰਤਨ ਬਾਬਾ ਸਾਹਿਬ ਡਾ: ਬੀ.ਆਰ. ਅੰਬੇਡਕਰ ਦੇ ਕਹਿਣ ਅਨੁਸਾਰ , ਸਿੱਖਿਆ ਉਹ ਹੈ ਜੋ ਵਿਅਕਤੀ ਨੂੰ ਨਿਡਰ ਬਣਾਉਂਦੀ ਹੈ, ਉਸਨੂੰ ਏਕਤਾ ਦਾ ਪਾਠ ਸਿਖਾਉਂਦੀ ਹੈ, ਉਸਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਦੀ ਹੈ ਅਤੇ ਉਸਨੂੰ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦੀ ਹੈ।"

ਇਸੇ ਤਰ੍ਹਾਂ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੇ ਬੋਲ, ਅਧਿਆਪਨ ਇੱਕ ਬਹੁਤ ਹੀ ਉੱਤਮ ਪੇਸ਼ਾ ਹੈ ਜੋ ਕਿਸੇ ਵਿਅਕਤੀ ਦੇ ਚਰਿੱਤਰ, ਯੋਗਤਾ ਅਤੇ ਭਵਿੱਖ ਨੂੰ ਆਕਾਰ ਦਿੰਦਾ ਹੈ", ਸ੍ਰੀ ਬੈਂਸ ਨੇ ਭਵਿੱਖ ਲਈ ਵਿਦਿਆਰਥੀਆਂ ਨੂੰ ਉਸਾਰੂ ਸੇਧ ਦੇਣ ਅਤੇ ਸਿੱਖਿਆ ਰਾਹੀਂ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਕਰਨ ਵਿੱਚ ਅਧਿਆਪਕਾਂ ਦੇ ਕੰਮ ਦੀ ਭੂਮਿਕਾ ਸ਼ਲਾਘਾ ਵੀ ਕੀਤੀ।

ਅਧਿਆਪਕਾਂ ਨੂੰ ਵਿਦਿਆਰਥੀਆਂ ਵਿੱਚ ਰਾਸ਼ਟਰਵਾਦ ਦੀ ਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਕੇ ਵਿਦਿਆਰਥੀਆਂ ਵਿਸ਼ੇਸ਼ ਕਰਕੇ ਸਮਾਜ ਦੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਦਾ ਭਵਿੱਖ ਬਦਲਣ ਲਈ ਅੱਗੇ ਆਉਣ ਲਈ ਪ੍ਰੇਰਿਤ ਕਰਦਿਆਂ ਸ੍ਰੀ ਬੈਂਸ ਨੇ ਕਿਹਾ ਕਿ ਅਧਿਆਪਕ, ਸਾਡੇ ਦੇਸ਼ ਦੇ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਣ ਅਤੇ ਸਮੇਂ-ਸਮੇਂ 'ਤੇ ਆਉਣ ਵਾਲੀਆਂ ਚੁਣੌਤੀਆਂ ਦਾ ਡੱਟ ਕੇ ਸਾਹਮਣਾ ਕਰਨ ਲਈ ਵਿਦਿਆਰਥੀਆਂ ਦੇ ਰੋਲ ਮਾਡਲ ਹੁੰਦੇ ਹਨ।

## ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਦਾ ਸੈਲਾਬ

**ਸਵੇਰੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ; ਫਿਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਸਿੱਖ ਪਰੰਪਰਾ ਅਨੁਸਾਰ ਨਗਰ ਕੀਰਤਨ ਸਜਾਇਆ**



ਅੰਮ੍ਰਿਤਸਰ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਅੱਜ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਦੇਸ਼ ਅਤੇ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸਮਾਗਮਾਂ ਸਮੇਂ ਪਹਿਲਾਂ ਸਵੇਰੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਸਿੱਖ ਪਰੰਪਰਾ ਅਨੁਸਾਰ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਨਗਰ ਕੀਰਤਨ ਦੀ ਰਵਾਨਗੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ।

ਨਗਰ ਕੀਰਤਨ ਸਮੇਂ ਸਿੱਖ ਨੌਜੁਆਨਾਂ ਵੱਲੋਂ ਗਤਕਾ ਪ੍ਰਦਰਸ਼ਨ ਦੇ ਨਾਲ-ਨਾਲ ਸ਼ਬਦੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸੇ ਦੌਰਾਨ ਰਸਤੇ ਵਿਚ ਸ਼ਰਧਾਲੂਆਂ ਵੱਲੋਂ ਲੰਗਰ ਵੀ ਲਗਾਏ ਗਏ। ਇਸ ਸਬੰਧ ਵਿੱਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਾਏ ਗਏ ਹਨ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਰੰਗ-ਬਰੰਗੇ ਫੁੱਲਾਂ ਦੀ ਸਜਾਵਟ ਕੀਤੀ ਗਈ ਹੈ। ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਮੇਤ ਵੱਖ-ਵੱਖ ਧਾਰਮਿਕ ਅਸਥਾਨਾਂ 'ਤੇ ਰਾਤ ਨੂੰ ਦੀਪਮਾਲਾ ਕੀਤੀ ਗਈ ਅਤੇ ਆਤਿਸ਼ਬਾਜ਼ੀ ਚਲਾਈ ਗਈ

## ਵਿਭੂਤੀ ਸਰਮਾ ਚੇਅਰਮੈਨ ਪੀ.ਟੀ.ਡੀ.ਸੀ. ਪੰਜਾਬ ਨੇ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ-2024 ਦੀ ਕੀਤੀ ਸੁਰੂਆਤ

ਪਠਾਨਕੋਟ, 5 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਡ ਵਿਭਾਗ, ਪੰਜਾਬ ਵੱਲੋ ਖੇਡਾਂ ਵਤਨ ਪੰਜਾਬ ਦੀਆਂ 2024 ਅਧੀਨ ਬਲਾਕ ਪੱਧਰੀ, ਜਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ, ਪੂਰੇ ਪੰਜਾਬ ਦੇ ਨੋਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਉਦੇਸ ਨਾਲ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਸੂਰੂ ਕਰਵਾਈਆਂ ਗਈਆਂ ਸਨ ਜੋ ਕਿ ਤੀਸਰੇ ਸਾਲ ਵਿੱਚ ਪ੍ਰਵੇਸ ਹੋ ਗਈਆਂ ਹਨ, ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸੂਬਾ ਪੱਧਰ ਦੀਆਂ ਖੇਡਾਂ ਵਿੱਚ ਜੇਤੂ ਰਹਿਣ ਤੋਂ ਬਾਅਦ ਨਕਦ ਇਨਾਮ ਰਾਸੀ ਵੀ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਇਹ ਪ੍ਰਗਟਾਵਾ ਸ੍ਰੀ ਵਿਭੂਤੀ ਸਰਮਾ ਚੇਅਰਮੈਨ ਪੰਜਾਬ ਟੂਰਿਜਮ ਡਿਵੈਲਪਮੈਂਟ ਕਾਰਪੋਰੇਸਨ ਪੰਜਾਬ ਨੇ ਅੱਜ ਜਿਲ੍ਹਾ ਪਠਾਨਕੋਟ ਅੰਦਰ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਦੀ ਸੁਰੂਆਤ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਭੀ ਸਰਮਾ ਜਿਲ੍ਹਾ ਯੂਥ ਪ੍ਰਧਾਨ ਆਮ ਆਦਮੀ ਪਾਰਟੀ, ਅਰੁਣ ਸਰਮਾ ਬਲਾਕ ਪ੍ਰਧਾਨ, ਅਮਨ ਰਮਨ ਆਮ ਆਦਮੀ ਪਾਰਟੀ , ਮਦਨ, ਅਵਤਾਰ, ਗੁਰਤੇਜ, ਸੰਜੀਵ ਸਰਮਾ, ਅਮਰਜੀਤ ਸਿੰਘ, ਅਸਵਨੀ ਕੁਮਾਰ, ਰਜਨੀ ਪਠਾਨਿਆ, ਸੀਮਾ ਪਠਾਨਿਆ, ਪੂਜਾ ਪਠਾਨਿਆ, ਅਮ੍ਰਿਤਪਾਲ ਕੌਰ, ਰਣਜੀਤ ਸਿੰਘ, ਸੁਰਿੰਦਰ ਕੌਰ, ਗੌਤਮ ਸਰਮਾ, ਭਾਰਤ ਭੂਸਣ ਅਤੇ ਹੋਰ ਅਧਿਕਾਰੀ ਕਰਮਚਾਰੀ ਵੀ ਹਾਜਰ ਸਨ। ਜਿਕਰਯੋਗ ਹੈ ਕਿ ਜਿਲ੍ਹਾ ਪਠਾਨਕੋਟ ਵਿਖੇ ਜਿਲ੍ਹਾ ਖੇਡ ਅਫਸਰ ਸ੍ਰੀ ਲਵਜੀਤ ਸਿੰਘ ਜੀ ਦੀ ਪ੍ਰਧਾਨਗੀ ਵਿੱਚ ਅਤੇ ਸ੍ਰੀ ਅਰੁਣ ਸਰਮਾ ਜਿਲ੍ਹਾ ਸਪੋਰਟਸ ਕੋਆਰਡੀਨੇਟਰ (ਸਿੱਖਿਆ ਵਿਭਾਗ) ਜੀ ਦੇ ਸਹਿਯੋਗ ਨਾਲ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਵਿਭੂਤੀ ਸਰਮਾ ਚੇਅਰਮੈਨ ਪੰਜਾਬ ਟੂਰਿਜਮ ਡਿਵੈਲਪਮੈਂਟ ਕਾਰਪੋਰੇਸਨ ਪੰਜਾਬ ਨੇ ਕਿਹਾ ਕਿ ਅੱਜ ਜਿਲ੍ਹਾ ਪਠਾਨਕੋਟ ਵਿੱਚ ਅੱਜ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਦੀ ਸੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ 29 ਅਗਸਤ ਨੂੰ ਖੇਡਾਂ ਵਤਨ ਪੰਜਾਬ ਦੀਆਂ ਦਾ ਸੁਭਅਰੰਭ ਕੀਤਾ ਗਿਆ ਸੀ। ਸਭ ਤੋਂ ਪਹਿਲਾ ਬਲਾਕ ਪੱਧਰੀ ਅਤੇ ਜਿਲ੍ਹਾ ਪੱਧਰੀ ਖੇਡਾਂ ਕਰਵਾਈਆਂ ਜਾਣਗੀਆ। ਇਨ੍ਹਾਂ ਖੇਡਾਂ ਵਿੱਚੋਂ ਜੇਤੂ ਖਿਡਾਰੀਆਂ ਨੂੰ ਫਿਰ ਸੂਬਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਦਾ ਮੋਕਾ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਲਈ ਬਹੁਤ ਮਾਣ ਦੀ ਗੱਲ ਹੈ ਕਿ ਨੋਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ ਤਾਂ ਜੋ ਨੋਜਵਾਨਾਂ ਦਾ ਭਵਿੱਖ ਵਧੀਆ ਹੋ ਸਕੇ। ਉਨ੍ਹਾਂ ਕਿਹਾ ਕਿ ਨੋਜਵਾਨਾਂ ਨੂੰ ਚੰਗੀ ਸਿਹਤ ਦੇਣ ਦੇ ਉਦੇਸ ਨਾਲ ਖੇਡਾਂ ਵਤਨ ਪੰਜਾਬ ਦੀਆਂ ਦੀ ਸੁਰੂਆਤ ਕੀਤੀ ਗਈ ਸੀ ਅਤੇ ਬੱਚਿਆਂ ਵਿੱਚ ਵੀ ਕਾਫੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ।

ਸ੍ਰੀ ਲਵਜੀਤ ਸਿੰਘ ਜਿਲ੍ਹਾ ਖੇਡ ਅਫਸਰ ਪਠਾਨਕੋਟ ਨੇ ਕਿਹਾ ਕਿ ਅੱਜ ਜਿਲ੍ਹਾ ਪਠਾਨਕੋਟ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਦੀ ਸੁਰੂਆਤ ਹੋਈ ਹੈ।

ਸਿੱਖ ਵਿਰਸਾ

# ਬੰਦਾ ਸਿੰਘ ਬਹਾਦਰ ਦੀ ਆਜ਼ੀਮ ਸ਼ਹਾਦਤ



**ਹਕੂਮਤ ਸਮਝਦੀ ਸੀ ਕਿ ਉਹ ਹੁੰਦਾ ਕੌਣ ਹੈ ਜਿਹੜਾ ਇਸਲਾਮ ਕਬੂਲ ਨਹੀਂ ਕਰੇਗਾ। ਬੰਦਾ ਸਿੰਘ ਬਹਾਦਰ ਦਾ ਕਹਿਣਾ ਸੀ ਕਿ ਹਕੂਮਤ ਉਸ ਨੂੰ ਕਿਸੇ ਵੀ ਤਰ੍ਹਾਂ ਆਪਣੇ ਧਰਮ ਤੋਂ ਡੁਲਾ ਨਹੀਂ ਸਕਦੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਨੂੰ ਡਰਾ ਕੇ ਇਸਲਾਮ ਕਬੂਲ ਕਰਵਾਉਣ ਦੀ ਜਿੱਦ ਨੇ ਨੌਬਤ ਉਸ ਦੇ ਨੰਨੇ ਪੁੱਤਰ ਨੂੰ ਮਾਰਨ ਤੱਕ ਲੈ ਆਂਦੀ ਸੀ ਅਤੇ ਬੰਦਾ ਸਿੰਘ ਬਹਾਦਰ ਦੀ ਸਿੱਖ ਧਰਮ ਵਿਚਲੀ ਦਿਰੜ੍ਹਤਾ ਨੇ ਉਸ ਨੂੰ ਆਪਣੇ ਪੁੱਤਰ ਦੀ ਮੌਤ ਨੂੰ ਵੀ ਸਹਿਣ ਕਰਵਾ ਦਿੱਤਾ ਸੀ। ਦੋਹਾਂ ਧਿਰਾਂ ਦੀ ਇਹ ਜਿੱਦ ਆਪੋ-ਆਪਣੀ ਥਾਂ ਤੇ ਸਭ ਹੱਦਾਂ-ਬੰਨੇ ਪਾਰ ਕਰ ਗਈ ਸੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਦੇ ਪੁੱਤਰ ਨੂੰ ਮਾਰ ਦੇਣਾ ਜ਼ੁਲਮ ਦੀ ਇੰਤਿਹਾ ਸੀ ਅਤੇ ਬੰਦਾ ਸਿੰਘ ਬਹਾਦਰ ਵਲੋਂ ਇਸ ਮੌਤ ਨੂੰ ਸਹਿਣ ਕਰ ਲੈਣਾ ਹੀ ਉਸ ਦੀ ਸਹਿਣ-ਸ਼ਕਤੀ ਦੀ ਹੱਦ ਸੀ। ਉਸ ਦੀ ਇਸੇ ਦਰਿੜ੍ਹਤਾ ਨੇ ਉਸ ਦੀ ਸ਼ਹਾਦਤ ਨੂੰ ਇਤਿਹਾਸ ਵਿੱਚ ਇੱਕ ਆਜ਼ੀਮ ਰੂਪ ਦੇ ਦਿੱਤਾ ਸੀ।**



**ਪਹਿਲੀ ਕਿਸ਼ਤ**

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਸਭ ਤੋਂ ਨਿਵੇਕਲੀ ਸ਼ਹਾਦਤ ਹੈ। ਬੰਦਾ ਸਿੰਘ ਬਹਾਦਰ ਨਾ ਤਾਂ ਸ਼ਾਂਤੀ ਦੇ ਮਾਰਗ ਤੇ ਚੱਲਣ ਵਾਲਾ ਨੇਤਾ ਸੀ ਅਤੇ ਨਾ ਹੀ ਸ਼ਾਂਤਮਈ ਤਰੀਕਿਆਂ ਨੂੰ ਅਪਣਾਉਣ ਵਾਲਾ ਸੀ। ਉਹ ਇਕਦਮ ਹਥਿਆਰਬੰਦ ਯੋਧਾ ਸੀ ਅਤੇ ਉਸ ਦਾ ਵਿਸ਼ਵਾਸ਼ ਸੀ ਕਿ ਜੋ ਕੁਝ ਪਰਾਪਤ ਕੀਤਾ ਜਾਣਾ ਹੈ ਉਹ ਆਪਣੇ ਬਾਹੂਬਲ ਨਾਲ ਹੀ ਪਰਾਪਤ ਕਰਨਾ ਹੈ। ਉਸ ਦਾ ਇਹ ਵੀ ਵਿਸ਼ਵਾਸ਼ ਸੀ ਕਿ ਧਰਮ ਦਾ ਅੰਤਮ ਉਦੇਸ਼ ਰਾਜ ਕਾਇਮ ਕਰਨ ਦਾ ਹੈ ਕਿਉਂਕਿ ਰਾਜ-ਸ਼ਕਤੀ ਦੇ ਬਿਨਾਂ ਧਰਮ ਦੀ ਰੱਖਿਆ ਨਹੀਂ ਹੋ ਸਕਦੀ। ਪਰ ਧਰਮ ਦੀ ਸ਼ਕਤੀ ਬਿਨਾਂ ਰਾਜ ਵੀ ਨਹੀਂ ਚੱਲ ਸਕਦੇ। ਧਰਮ ਦੀ ਸ਼ਕਤੀ ਨਾ ਹੋਣ ਤੇ ਸਭ-ਕੁਝ ਹੀ ਖ਼ਤਮ ਹੋ ਜਾਂਦਾ ਹੈ। ਬੰਦਾ ਸਿੰਘ ਬਹਾਦਰ ਆਪਣੀ ਹਰ ਗੱਲਬਾਤ ਦੇ ਸਮੇਂ ਇਨ੍ਹਾਂ ਦੋਹਰਿਆਂ ਨੂੰ ਅਕਸਰ ਉਚਾਰਦਾ ਰਹਿੰਦਾ ਸੀ:

ਕੋ ਕਾਹੂ ਕੋ ਰਾਜ ਨ ਦੇ ਹੈਂ। ਜੋ ਲੈ ਹੈ ਨਿਜ ਬਲ ਸੇ ਲੈ ਹੈਂ।
ਰਾਜ ਬਿਨਾ ਨਹਿ ਧਰਮ ਚਲੈ ਹੈਂ ਧਰਮ ਬਿਨਾ ਸਭ ਦਲੈ ਮਲੈ ਹੈਂ।

ਬੰਦਾ ਸਿੰਘ ਬਹਾਦਰ ਦੀ ਉਕਤ ਜੰਗਬਾਜ ਸੋਚ ਨੂੰ ਸਿਰਜਣ ਵਿੱਚ ਉਸ ਦੇ ਹਾਲਾਤ ਵੀ ਜਿੰਮੇਵਾਰ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੀ ਅਥਾਹ ਕੁਰਬਾਨੀ ਨੂੰ ਦੇਖ ਚੁੱਕਿਆ ਸੀ। ਸੱਚ ਅਤੇ ਸ਼ਾਂਤੀ ਦੇ ਮਾਰਗ ਤੇ ਚੱਲਦਿਆਂ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋ ਚੁੱਕੇ ਸਨ। ਉਸ ਦੀਆਂ ਅੱਖਾਂ ਦੇ ਸਾਹਮਣੇ ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਸੱਚ ਦੇ ਮਾਰਗ ਤੇ ਚਲਦੇ ਹੋਏ ਸ਼ਹੀਦ ਹੋ ਗਏ ਸਨ। ਗੁਰੂ ਜੀ ਦਾ ਆਪਣਾ ਸਾਰਾ ਘਰ-ਘਾਟ ਵੀ ਤਬਾਹ ਹੋ ਚੁੱਕਿਆ ਸੀ। ਸ੍ਰੀ ਆਨੰਦਪੁਰ ਸਾਹਿਬ, ਜਿਥੇ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ ਸੀ ਅਤੇ ਜਿਥੇ ਖਾਲਸੇ ਨੇ ਆਪਣਾ ਸਭ ਤੋਂ ਪਹਿਲਾਂ ਨਗਰ-ਰਾਜ ਸਥਾਪਤ ਕੀਤਾ ਸੀ, ਉਜਾੜ ਅਤੇ ਤਬਾਹ ਕਰ ਦਿੱਤਾ ਗਿਆ ਸੀ। ਉਹ ਸਾਰਾ ਹਜ਼ੂਰੀ-ਖਾਲਸਾ ਸ਼ਹੀਦ ਹੋ ਚੁੱਕਿਆ ਸੀ ਜਿਸ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਿਰਜਿਆ ਗਿਆ ਸੀ। ਇਹ ਸਮੁੱਚੀ ਤਬਾਹੀ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਹੀ ਹੋਈ ਸੀ। ਇਸ ਲਈ ਇਹ ਕੋਈ ਗੈਰ-ਕੁਦਰਤੀ ਗੱਲ ਨਹੀਂ ਸੀ ਕਿ ਜਿਨ੍ਹਾਂ ਹਾਲਾਤਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਦੀ ਖਾਲਸਾ ਪੰਥ ਦੇ ਰਾਜਨੀਤਿਕ ਨੇਤਾ ਵਜੋਂ ਨਿਯੁਕਤੀ ਕੀਤੀ ਸੀ ਉਹ ਹਾਲਾਤ ਹੀ ਐਸੇ ਸਨ ਕਿ ਬੰਦਾ ਸਿੰਘ ਬਹਾਦਰ ਸ਼ਾਂਤਮਈ ਤਰੀਕਿਆਂ ਬਾਰੇ ਸੋਚ ਹੀ ਨਹੀਂ ਸਕਦਾ ਸੀ। ਵੈਸੇ ਵੀ ਇੱਕ ਤਬਾਹੀ ਬਾਅਦ ਜਦੋਂ ਅਗਲਾ ਵਾਰਸ ਜ਼ਿੰਮੇਵਾਰੀ ਸੰਭਾਲਦਾ ਹੈ ਤਾਂ ਉਹ ਉਸ ਤੋਂ ਵੀ ਵੱਡੀ ਤਬਾਹੀ ਲੈ ਕੇ ਆਉਂਦਾ ਹੈ। ਬੰਦਾ ਸਿੰਘ ਬਹਾਦਰ ਨੇ ਪਹਿਲਾਂ ਤਾਂ ਉਸ ਸਮੇਂ ਹੀ ਨਾਂਦੇੜ ਸਾਹਿਬ ਵਿਖੇ ਪਹੁੰਚ ਕੇ ਤਬਾਹੀ ਮਚਾ ਦਿੱਤੀ ਸੀ ਜਦੋਂ ਉਸ ਨੇ ਆਪਣੇ ਗੁਰੂ ਉਪਰ ਹੋਏ ਮਾਰੂ ਹਮਲੇ ਬਾਰੇ ਸੁਣਿਆ ਸੀ। ਗੁਰੂ ਜੀ ਉਪਰ ਮਾਰੂ ਹਮਲਾ ਹੋਣ ਸਮੇਂ ਬੰਦਾ ਸਿੰਘ ਬਹਾਦਰ ਬਾਦਸ਼ਾਹ ਬਹਾਦਰ ਸ਼ਾਹ ਦੀ ਫੌਜ ਵਿੱਚ ਸਿੱਖ ਫੌਜ ਦਾ ਜਰਨੈਲ ਸੀ। ਇਸ ਸਿੱਖ ਫੌਜ ਦੀ ਗਿਣਤੀ ਬੀਹ ਹਜ਼ਾਰ ਤੋਂ ਵੀ ਜ਼ਿਆਦਾ ਸੀ। ਕੇਸਰ ਸਿੰਘ ਛਿੱਬਰ ਨੇ ਸਿੱਖ ਫੌਜ ਦੀ ਗਿਣਤੀ, ਕਾਫੀ ਸਮਾਂ ਪਹਿਲਾਂ ਬੀਹ ਹਜ਼ਾਰ ਦੀ ਦੱਸੀ ਸੀ। ਜਿਹੜੀ ਕਿ ਇਸ ਸਮੇਂ ਤੱਕ ਹੋਰ ਵੀ ਜ਼ਿਆਦਾ ਵਧ ਸਕਦੀ ਸੀ। ਬੰਦਾ ਸਿੰਘ ਬਹਾਦਰ ਹਮਲੇ ਦੀ ਖ਼ਬਰ ਸੁਣਦਿਆਂ ਹੀ ਸ਼ਾਹੀ ਫੌਜ ਵਿਚੋਂ ਬਗਾਵਤ ਕਰਕੇ ਆਪਣੇ ਗੁਰੂ ਵਲ, ਨਾਂਦੇੜ ਸਾਹਿਬ ਵਿਖੇ ਪੁੱਜਣ ਲਈ ਚੱਲ ਪਿਆ ਸੀ। ਅਸਲ ਵਿੱਚ ਉਸ ਵਲੋਂ ਸ਼ਾਹੀ ਫੌਜ ਵਿਚੋਂ ਬਗਾਵਤ ਕਰ ਦੇਣਾ ਹੀ ਆਪਣੇ-ਆਪ ਵਿੱਚ ਇੱਕ ਤਬਾਹੀ ਸੀ। ਨਾਂਦੇੜ ਸਾਹਿਬ ਵਿਖੇ ਪਹੁੰਚ ਕੇ ਵੀ ਉਸ ਨੇ ਆਲੇ-ਦੁਆਲੇ ਦੇ ਮੁਸਲਮਾਨੀ ਖੇਤਰਾਂ ਦੀ ਤਬਾਹੀ ਕਰ ਦਿੱਤੀ ਸੀ।

ਗੁਰੂ ਗੋਬਿੰਦ ਸਿੰਘ, ਆਪਣੇ ਉਪਰ ਹੋਏ ਮਾਰੂ ਹਮਲੇ ਤੋਂ ਬਾਅਦ ਸਿਰਫ ਚਾਰ ਕੁ ਦਿਨ ਹੀ ਜੀਵਤ ਰਹੇ ਸਨ। ਹਮਲੇ ਵਿੱਚ ਹੋਏ ਜ਼ਖ਼ਮਾਂ ਦਾ ਇਲਾਜ ਵੀ ਠੀਕ ਹੋ ਰਿਹਾ ਸੀ ਅਤੇ ਗੁਰੂ ਜੀ ਤੁਰ-ਫਿਰ ਵੀ ਲੈਂਦੇ ਸਨ। ਪਰ ਕੁਝ ਕੁ ਦਿਨ ਇਉਂ ਲੰਘਣ ਦੇ ਬਾਵਜੂਦ ਵੀ ਇੱਕ ਰਾਤ ਗੁਰੂ ਜੀ ਨੇ ਸਿੰਘਾਂ ਨੂੰ ਆਵਾਜ਼ ਦੇ ਕੇ ਉਠਾਇਆ ਅਤੇ ਅੰਤਮ ਫਤਿਹ ਬੁਲਾ ਕੇ ਜੋਤੀ-ਜੋਤ ਸਮਾ ਗਏ ਸਨ। ਇਸ ਮੌਕੇ ਦੀਆਂ ਸਾਰੀਆਂ ਗੱਲਾਂ ਗੁਰੂ ਜੀ ਦੇ ਹੀ ਇੱਕ ਦਰਬਾਰੀ ਕਵੀ ਸੈਨਾਪਤਿ ਨੇ ਆਪਣੀ ਲਿਖਤ ਸ੍ਰੀ ਗੁਰ ਸੋਭਾ ਦੇ ਅਠਾਰਵੇਂ ਅਧਿਆਇ ਵਿੱਚ ਲਿਖੀਆਂ ਹਨ। ਕਵੀ ਸੈਨਾਪਤਿ ਅੰਤਮ ਸਮੇਂ ਗੁਰੂ ਜੀ ਦੀ ਹਜ਼ੂਰੀ ਵਿੱਚ ਹੀ ਸੀ। ਕਵੀ ਸੈਨਾਪਤਿ ਦੀਆਂ ਇਹ ਚੋਣਵੀਆਂ ਸਤਰਾਂ ਇਉਂ ਹਨ:

ਦਿਨੰ ਤੀਨ ਕੇ ਚਾਰ ਐਸੇ ਬਿਤਾਏ ਦਰਸ ਕੈ ਪਰਸ ਕਾਜ ਬਹੁ ਸਿੰਘ ਆਏ ॥20॥
ਕਿਤੇ ਦਿਵਸ ਬੀਤੇ ਸਮੇਂ ਅੰਤ ਆਯੋ ਕਰੋ ਬੇਗ ਪ੍ਰਸਾਦਿ ਐਸੇ ਬਤਾਯੋ।
ਕਛੁ ਭੋਜਨੰ ਖਾਇ ਕੈ ਨੀਰ ਪੀਨਾ ਭਰੋਸਾ ਸਭੀ ਕੋ ਭਲੀ ਭਾਂਤ ਦੀਨਾ।
ਗਈ ਅਰਧ ਰਾਤੰ ਘਰੀ ਚਾਰ ਅਉਰੇ ਭਏ ਸ਼ਬਦ ਰੂਪੀ ਕਰੀ ਬਾਤ ਅਉਰੇ ॥33॥
ਦੋਹਰਾ ਟੇਰ ਕਰੀ ਤਾਂ ਹੀ ਸਮੇਂ ਜਾਗੇ ਸਿੰਘ ਅਪਾਰ।
ਵਾਹਿਗੁਰੂ ਜੀ ਕੀ ਫਤੇ ਕਹੀ ਅੰਤ ਕੀ ਵਾਰ ॥34॥

ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪਣ ਦੀਆਂ ਰਸਮਾਂ, ਬੰਦਾ ਸਿੰਘ ਬਹਾਦਰ ਨੂੰ ਪੰਥ ਦਾ ਜੱਥੇਦਾਰ ਥਾਪਣ ਦੀਆਂ ਰਸਮਾਂ ਆਦਿ ਸਭ-ਕੁਝ ਪਹਿਲਾਂ ਹੋ ਚੁੱਕਿਆ ਸੀ। ਬੰਦਾ ਸਿੰਘ ਬਹਾਦਰ ਗੁਰੂ ਜੀ ਦੀਆਂ ਸਾਰੀਆਂ ਅੰਤਮ ਰਸਮਾਂ ਪੂਰੀਆਂ ਕਰਨ ਬਾਅਦ ਹੀ ਨਾਂਦੇੜ ਸਾਹਿਬ ਤੋਂ ਪੰਜਾਬ ਵਲ ਰਵਾਨਾ ਹੋਇਆ ਸੀ।

ਉਕਤ ਸਾਰੀਆਂ ਗੱਲਾਂ ਕਰਨ ਦਾ ਭਾਵ ਇਹੀ ਦਰਸਾਉਣ ਦਾ ਹੀ ਹੈ ਕਿ ਬੰਦਾ ਸਿੰਘ ਬਹਾਦਰ ਵਲੋਂ ਖਾਲਸਾ ਪੰਥ ਦੀ ਲੀਡਰਸ਼ਿਪ ਸੰਭਾਲਣ ਦੇ ਸਾਰੇ ਹਾਲਾਤ ਹੀ ਐਸੇ ਸਨ ਕਿ ਉਹ ਸ਼ਾਂਤੀ ਬਾਰੇ ਜਾਂ ਸ਼ਾਂਤਮਈ ਤਰੀਕਿਆਂ ਨਾਲ ਮਸਲਿਆਂ ਨੂੰ ਹੱਲ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਸੀ। ਉਹ ਜੰਗਬਾਜ ਜਰਨੈਲ ਸੀ ਅਤੇ ਜੰਗੀ ਨੀਤੀਆਂ ਬਾਰੇ ਹੀ ਉਹ ਸੋਚਦਾ ਅਤੇ ਜਾਣਦਾ ਸੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਸ਼ਾਂਤੀ ਦੇ ਸਾਰੇ ਤੌਰ-ਤਰੀਕੇ ਅਸਫਲ ਰਹਿ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਸਿੱਧਾ ਐਕਸ਼ਨ ਕਰਨ ਦਾ ਹੁਕਮ ਕਰ ਦਿੱਤਾ ਸੀ। ਇਸ ਲਈ ਬੰਦਾ ਸਿੰਘ ਬਹਾਦਰ ਨੇ 1708 ਵਿੱਚ ਨਾਂਦੇੜ ਸਾਹਿਬ ਤੋਂ ਰਵਾਨਾ ਹੋਣ ਤੋਂ ਲੈ ਕੇ 1715 ਦੇ ਦਸੰਬਰ ਦੇ ਪਹਿਲੇ ਹਫ਼ਤੇ ਤਕ, ਲਗਾਤਾਰ ਸਿੱਧਾ ਐਕਸ਼ਨ ਹੀ ਕੀਤਾ ਸੀ। ਇਸ ਸਮੇਂ ਦੌਰਾਨ ਕੋਈ ਵੀ ਮੁਗਲ ਜਰਨੈਲ ਐਸਾ ਨਹੀਂ ਸੀ ਜਿਸ ਦੇ ਮੂੰਹ ਤੇ ਬੰਦਾ ਸਿੰਘ ਬਹਾਦਰ ਦੀ ਤਲਵਾਰ ਨਾ ਵੱਜੀ ਹੋਵੇ। ਦੋ ਬਾਦਸ਼ਾਹ-ਬਹਾਦਰ ਸ਼ਾਹ ਅਤੇ ਜਮਾਂਦਾਰ ਸ਼ਾਹ-ਇਸ ਸਮੇਂ ਦੌਰਾਨ ਮਰ ਚੁੱਕੇ ਸਨ। ਸਮਾਣਾ, ਕਪੂਰੀ, ਸਢੌਰਾ, ਸਰਹਿੰਦ ਅਤੇ ਰਾਹੋਂ ਜੈਸੇ ਮੁਗਲਾਂ ਦੇ ਪੰਜ ਵੱਡੇ ਸ਼ਹਿਰ ਥੇਹ ਬਣਾ ਦਿੱਤੇ ਗਏ ਸਨ। ਇਹ ਗੱਲ ਕਹੀ ਜਾ ਸਕਦੀ ਹੈ ਕਿ ਪੰਜਾਬ ਵਿੱਚ 1708 ਤੋਂ ਲੈ ਕੇ 1715 ਦੇ ਅੰਤ ਤੱਕ ਮੁਸਲਮਾਨਾ ਨੂੰ ਜਿੰਨੀ ਮਾਰ ਬੰਦਾ ਸਿੰਘ ਬਹਾਦਰ ਦੇ ਹੱਥੋਂ ਪੈ ਚੁੱਕੀ ਸੀ ਉਤਨੀ ਮਾਰ ਨਾ ਹੀ ਹਿੰਦੁਸਤਾਨ ਦੇ ਕਿਸੇ ਹੋਰ ਖੇਤਰ ਵਿੱਚ ਅਤੇ ਨਾ ਹੀ ਏਸ਼ੀਆ ਦੇ ਕਿਸੇ ਹੋਰ ਦੇਸ ਵਿੱਚ ਪਈ ਸੀ। ਇਸ ਲਈ ਬੰਦਾ ਸਿੰਘ ਬਹਾਦਰ ਮੁਗਲਾਂ ਦੀ ਕੈਦ ਵਿੱਚ ਜਕੜਿਆ ਹੋਇਆ ਐਸਾ ਨੇਤਾ ਸੀ ਜਿਹੜਾ ਮੁਗਲਾਂ ਦੀਆਂ ਨਿਗਾਹਾਂ ਵਿੱਚ ਸਭ ਤੋਂ ਵੱਡਾ ਇਸਲਾਮੀ ਦੁਸ਼ਮਣ ਸੀ। ਇਸ ਲਈ ਜਦੋਂ ਅਸੀਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੀ ਗੱਲ ਕਰਦੇ ਹਾਂ ਤਾਂ ਇਹ ਬਹੁਤ ਹੀ ਅਜੀਬ ਲੱਗਦੀ ਹੈ। ਕਿਉਂਕਿ ਉਹ ਨਾ ਹੀ ਬੇਕਸੂਰ ਸੀ ਅਤੇ ਨਾ ਹੀ ਉਹ ਦੁਸ਼ਮਣ ਦੀ ਕਿਸੇ ਹਮਦਰਦੀ ਦਾ ਪਾਤਰ ਬਣ ਸਕਦਾ ਸੀ। ਮੁਗਲ ਸਾਮਰਾਜ ਦਾ ਉਹ ਸਭ ਤੋਂ ਵੱਡਾ ਦੋਸ਼ੀ ਸੀ ਅਤੇ ਦੁਸ਼ਮਣ ਸੀ। ਇਸ ਗੱਲ ਦਾ ਗੁੱਸਾ ਵੀ ਮੁਗਲ ਸਾਮਰਾਜ ਨੇ ਪੂਰੀ ਤਰ੍ਹਾਂ ਕੱਢ ਲਿਆ ਸੀ। 9 ਜੂਨ, 1716 ਨੂੰ ਜਦੋਂ ਬੰਦਾ ਸਿੰਘ ਬਹਾਦਰ ਨੂੰ ਕਿਲ੍ਹੇ ਵਿੱਚੋਂ ਕੱਢ ਕੇ ਮਹਿਰੌਲੀ ਵਿਖੇ ਲਿਆਂਦਾ ਗਿਆ ਸੀ ਉਸ ਸਮੇਂ ਤੱਕ ਉਸ ਦੇ ਸਰੀਰ ਦੀਆਂ ਸਭ ਹੱਡੀਆਂ-ਪੱਸਲੀਆਂ ਤੋੜੀਆਂ ਜਾ ਚੁੱਕੀਆਂ ਸਨ। ਉਹ ਨਾ ਹੀ ਖੜਾ ਹੋ ਸਕਦਾ ਸੀ ਅਤੇ ਨਾ ਹੀ ਤੁਰ ਸਕਦਾ ਸੀ। ਉਸ ਨੂੰ ਚੁੱਕ ਕੇ ਹੀ ਹਾਥੀ ਉਪਰ ਬਿਠਾਇਆ ਗਿਆ ਸੀ ਅਤੇ ਚੁੱਕ ਕੇ ਹੀ ਉਤੋਂ ਹੇਠਾਂ ਉਤਾਰਿਆ ਗਿਆ ਸੀ। ਦੋ ਬੰਦਿਆਂ ਨੇ ਫੜ ਕੇ ਜਾਂ ਚੁੱਕ ਕੇ ਹੀ ਉਸ ਨੂੰ ਕੁਤਬਦੀਨ ਬਖ਼ਤਿਆਰ ਕਾਕੀ ਦੀ ਮਜ਼ਾਰ ਦੇ ਦੁਆਲੇ ਗੇੜਾ ਕਢਵਾਇਆ ਸੀ। ਭਾਵ ਕਿ ਮੁਗਲ ਹਕੂਮਤ ਉਸ ਨੂੰ ਇੱਕ ਮਾਰਚ, 1716 ਤੋਂ ਲੈ ਕੇ 8 ਜੂਨ, 1716 ਤੱਕ ਜਿਤਨਾ ਕੁੱਟਣਾ-ਮਾਰਨਾ ਚਾਹੁੰਦੀ ਸੀ ਉਤਨਾ ਹੀ ਕੁੱਟ ਲਿਆ ਗਿਆ ਸੀ। ਜਿਤਨਾ ਕੁਝ ਉਸ ਦੇ ਸਰੀਰ ਦਾ ਤੋੜਿਆ ਜਾ ਸਕਦਾ ਸੀ ਉਹ ਤੋੜ ਦਿੱਤਾ ਗਿਆ ਸੀ। 9 ਜੂਨ ਨੂੰ ਤਾਂ ਉਸ ਨੂੰ ਸਿਰਫ਼ ਮਾਰਿਆ ਜਾਣਾ ਸੀ। ਇਸ ਦਿਨ ਹਕੂਮਤ ਨੇ ਉਸ ਨੂੰ ਅੰਤਮ ਵਾਰ ਇੱਕ ਪੇਸ਼ਕਸ਼ ਕੀਤੀ ਸੀ ਕਿ ਜੇਕਰ ਉਹ ਇਸਲਾਮ ਨੂੰ ਕਬੂਲ ਕਰ ਲਵੇ ਤਾਂ ਉਸ ਨੂੰ ਛੱਡਿਆ ਜਾ ਸਕਦਾ ਹੈ। ਬੱਸ ਇੱਥੋਂ ਹੀ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੀ ਗੱਲ ਸ਼ੁਰੂ ਹੁੰਦੀ ਹੈ। ਜੇਕਰ ਮੁਗਲ ਹਕੂਮਤ ਉਸ ਨੂੰ ਇਸਲਾਮ ਕਬੂਲ ਕਰ ਲੈਣ ਦਾ ਬਦਲ ਪੇਸ਼ ਨਾ ਕਰਕੇ ਸਿੱਧਾ ਹੀ ਮਾਰ ਦਿੰਦੀ ਤਾਂ ਸ਼ਾਇਦ ਉਸ ਦੀ ਮੌਤ ਸ਼ਹਾਦਤ ਦਾ ਰੂਪ ਨਾ ਧਾਰ ਸਕਦੀ। ਪਰ ਜਿਉਂ ਹੀ ਹਕੂਮਤ ਨੇ ਇਹ ਬਦਲ ਉਸ ਦੇ ਸਾਹਮਣੇ ਰੱਖਿਆ ਤਿਉਂ ਹੀ ਬੰਦਾ ਸਿੰਘ ਬਹਾਦਰ ਦਾ ਰੋਹ ਜਾਗ ਉੱਠਿਆ ਸੀ। ਹਕੂਮਤ ਸਮਝਦੀ ਸੀ ਕਿ ਉਹ ਹੁੰਦਾ ਕੌਣ ਹੈ ਜਿਹੜਾ ਇਸਲਾਮ ਕਬੂਲ ਨਹੀਂ ਕਰੇਗਾ। ਬੰਦਾ ਸਿੰਘ ਬਹਾਦਰ ਦਾ ਕਹਿਣਾ ਸੀ ਕਿ ਹਕੂਮਤ ਉਸ ਨੂੰ ਕਿਸੇ ਵੀ ਤਰ੍ਹਾਂ ਆਪਣੇ ਧਰਮ ਤੋਂ ਡੁਲਾ ਨਹੀਂ ਸਕਦੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਨੂੰ ਡਰਾ ਕੇ ਇਸਲਾਮ ਕਬੂਲ ਕਰਵਾਉਣ ਦੀ ਜਿੱਦ ਨੇ ਨੌਬਤ ਉਸ ਦੇ ਨੰਨੇ ਪੁੱਤਰ ਨੂੰ ਮਾਰਨ ਤੱਕ ਲੈ ਆਂਦੀ ਸੀ ਅਤੇ ਬੰਦਾ ਸਿੰਘ ਬਹਾਦਰ ਦੀ ਸਿੱਖ ਧਰਮ ਵਿਚਲੀ ਦਿਰੜ੍ਹਤਾ ਨੇ ਉਸ ਨੂੰ ਆਪਣੇ ਪੁੱਤਰ ਦੀ ਮੌਤ ਨੂੰ ਵੀ ਸਹਿਣ ਕਰਵਾ ਦਿੱਤਾ ਸੀ। ਦੋਹਾਂ ਧਿਰਾਂ ਦੀ ਇਹ ਜਿੱਦ ਆਪੋ-ਆਪਣੀ ਥਾਂ ਤੇ ਸਭ ਹੱਦਾਂ-ਬੰਨੇ ਪਾਰ ਕਰ ਗਈ ਸੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਦੇ ਪੁੱਤਰ ਨੂੰ ਮਾਰ ਦੇਣਾ ਜ਼ੁਲਮ ਦੀ ਇੰਤਿਹਾ ਸੀ ਅਤੇ ਬੰਦਾ ਸਿੰਘ ਬਹਾਦਰ ਵਲੋਂ ਇਸ ਮੌਤ ਨੂੰ ਸਹਿਣ ਕਰ ਲੈਣਾ ਹੀ ਉਸ ਦੀ ਸਹਿਣ-ਸ਼ਕਤੀ ਦੀ ਹੱਦ ਸੀ। ਉਸ ਦੀ ਇਸੇ ਦਰਿੜ੍ਹਤਾ ਨੇ ਉਸ ਦੀ ਸ਼ਹਾਦਤ ਨੂੰ ਇਤਿਹਾਸ ਵਿੱਚ ਇੱਕ ਆਜ਼ੀਮ ਰੂਪ ਦੇ ਦਿੱਤਾ ਸੀ।



ਡਾ. ਸੁਖਦਿਆਲ ਸਿੰਘ

ਇਸ ਮਹਾਨ ਸ਼ਹੀਦੀ ਸਾਕੇ ਦੀ ਗਾਥਾ ਬਹੁਤ ਲੰਮੀ ਹੈ। ਇਹ ਸ਼ਹੀਦੀ ਗਾਥਾ ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚ ਗਰਿਫ਼ਤਾਰੀ ਨਾਲ ਸ਼ੁਰੂ ਹੁੰਦੀ ਹੈ ਜਿਹੜੀ ਕਿ 7 ਸਤੰਬਰ, 1715 ਨੂੰ ਹੋਈ ਸੀ। ਪਹਿਲਾਂ ਇਨ੍ਹਾਂ ਕੈਦੀ ਸਿੰਘਾਂ ਦਾ, ਲਾਹੌਰ ਤੋਂ ਲੈ ਕੇ ਦਿੱਲੀ ਤੱਕ, ਵਾਇਆ ਸਰਹਿੰਦ, ਪੂਰੀ ਬੇਕਦਰੀ ਨਾਲ ਜਲੂਸ ਕੱਢਿਆ ਗਿਆ ਸੀ। ਸ਼ਹੀਦੀ 9 ਜੂਨ, 1716 ਨੂੰ ਹੋਈ ਸੀ। ਇਹ ਛੇ ਮਹੀਨੇ ਲਗਾਤਾਰ ਹੀ ਤਸੀਹਿਆਂ ਭਰੇ, ਅਨਾਦਰ ਭਰੇ, ਜ਼ਲਾਲਤ ਭਰੇ ਅਤੇ ਭੁੱਖ-ਮਰੀ ਵਾਲੇ ਸਨ। ਵੈਸੇ ਤਾਂ ਇੱਕ ਕੈਦੀ ਦੀ ਛੇ ਮਹੀਨਿਆਂ ਦੀ ਜ਼ਲਾਲਤ ਭਰੀ ਜ਼ਿੰਦਗੀ ਮੌਤ ਦੇ ਬਰਾਬਰ ਹੀ ਹੁੰਦੀ ਹੈ। ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਤਾਰਾਂ ਸੀਨੀਅਰ ਸਾਥੀ ਸਿੰਘ 7 ਦਸੰਬਰ, 1715 ਤੋਂ ਲੈ ਕੇ 9 ਜੂਨ, 1716 ਤੱਕ ਹਰ ਰੋਜ਼ ਹੀ ਤਿਲ-ਤਿਲ ਕਰਕੇ ਮਰਦੇ ਸਨ। 9 ਜੂਨ ਨੂੰ ਤਾਂ ਇਨ੍ਹਾਂ ਨੂੰ ਸਿਰਫ ਮਾਰਿਆ ਗਿਆ ਸੀ। ਕਿਉਂਕਿ ਇਨਾਂ ਦੇ ਸਰੀਰਾਂ ਨੂੰ ਹੋਰ ਤਸੀਹੇ ਦਿੱਤੇ ਹੀ ਨਹੀਂ ਜਾ ਸਕਦੇ ਸਨ। ਪਰ ਕਮਾਲ ਦੀ ਗੱਲ ਇਹ ਸੀ ਕਿ ਇਤਨੀ ਲੰਮੀ ਜ਼ਲਾਲਤ ਭਰੀ ਜ਼ਿੰਦਗੀ ਹੋਣ ਦੇ ਬਾਵਜੂਦ ਵੀ ਇਸਲਾਮੀ ਹਕੂਮਤ ਇੱਕ ਵੀ ਸਿੰਘ ਨੂੰ ਸਿੱਖ ਧਰਮ ਤੋਂ ਡੁਲਾ ਨਹੀਂ ਸਕੀ।

ਅੱਗੇ ਇਸ ਲੰਮੀ ਕੈਦ ਦਾ ਵਿਸਥਾਰ ਸਹਿਤ ਹਾਲ ਦਿੱਤਾ ਜਾ ਰਿਹਾ ਹੈ। ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ, ਜਿਨ੍ਹਾਂ ਦੀ ਗਿਣਤੀ 780 ਸੀ, ਦਾ ਇਹ ਸ਼ਹੀਦੀ ਸਫ਼ਰ ਬਹੁਤ ਲੰਮਾ ਸੀ। ਇਹ ਸਾਡੇ ਇਤਿਹਾਸ ਦਾ ਦੁਖਾਂਤ ਹੈ ਕਿ ਵਿਸ਼ਵ ਦੇ ਇਤਿਹਾਸ ਵਿੱਚ ਇਤਨੇ ਵੱਡੇ ਅਤੇ ਭਿਆਨਕ ਸ਼ਹੀਦੀ ਸਾਕੇ ਨੂੰ ਸਿਰਜਣ ਵਾਲਿਆਂ ਨੂੰ ਸਾਡੇ ਆਪਣੇ ਹੀ ਸਿੱਖ ਲੇਖਕਾਂ (ਰਤਨ ਸਿੰਘ ਭੰਗੂ ਅਤੇ ਕਰਮ ਸਿੰਘ ਹਿਸਟੋਰੀਅਨ) ਨੇ ਮਿੱਟੀ ਵਿੱਚ ਮਿਲਾ ਕੇ ਰੱਖਿਆ ਹੈ। ਇਹ ਇੱਕ ਬਹੁਤ ਵੱਡੀ ਸਾਜ਼ਿਸ ਸੀ। ਬੰਦਾ ਸਿੰਘ ਬਹਾਦਰ ਦੇ ਹੁੰਦਿਆਂ ਹੀ, ਜਦੋਂ ਕਿ ਉਸ ਦੀ ਤਾਕਤ 1713-14 ਵਿੱਚ ਪੂਰੇ ਸਿੱਖਰ ਤੇ ਪਹੁੰਚੀ ਹੋਈ ਸੀ, ਮੁਗਲ ਹਕੂਮਤ ਨੇ ਖਾਲਸਾ ਪੰਥ ਵਿੱਚੋਂ ਹੀ ਇੱਕ ਐਸੇ ਧੜੇ ਨੂੰ ਖਰੀਦ ਲਿਆ ਸੀ ਜਿਸ ਨੂੰ ਵਡਿਆਉਣ ਲਈ ਹਕੂਮਤ, ਤੱਤ ਖਾਲਸਾ ਕਹਿੰਦੀ ਸੀ।

# ਕਿਲਾ ਲੋਹਗੜ੍ਹ ਯਮੁਨਾਨਗਰ-ਸਿੱਖ ਕੌਮ ਦੀ ਰਾਜਧਾਨੀ



ਕਿਲਾ ਲੋਹਗੜ੍ਹ ਨੂੰ ਸਿੱਖਾਂ ਦੀ ਪਹਿਲੀ ਰਾਜਧਾਨੀ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ 1710 ਈ: ਵਿੱਚ ਸਰਹੰਦ ਜਿੱਤਣ ਤੋਂ ਬਾਅਦ ਬਣਾਇਆ ਗਿਆ ਸੀ। ਇਸ ਜਗ੍ਹਾ 'ਤੇ ਮੁਗਲਾਂ ਵੱਲੋਂ 4 ਲੱਖ ਫੌਜ ਲੈ ਕੇ ਹਮਲਾ ਕੀਤਾ ਗਿਆ ਅਤੇ ਯੁੱਧ 1710 ਤੋਂ ਲੈ ਕੇ 1714 ਤੱਕ ਚੱਲਿਆ, ਜਿਸ ਵਿਚ ਵੱਡੀ ਗਿਣਤੀ ਵਿਚ ਮੌਤਾਂ ਹੋਈਆਂ। ਮੁਗਲ ਫੌਜ ਦੇ ਨਾਲ ਹਿੰਦੁਸਤਾਨ ਦਾ ਉਸ ਸਮੇਂ ਦਾ ਬਾਦਸ਼ਾਹ ਬਹਾਦਰ ਸ਼ਾਹ ਵੀ ਆਇਆ ਸੀ ਅਤੇ ਸਿੱਖ ਫੌਜ ਦਾ ਪਰਾਕ੍ਰਮ ਵੇਖ ਕੇ ਉਹ ਪਾਗਲਾਂ ਵਾਂਗ ਹੋ ਗਿਆ ਅਤੇ ਪਾਗਲਪਣ ਦੇ ਕਾਰਨ ਉਸ ਦੀ ਮੌਤ ਹੋ ਗਈ।

ਜੂਨ 2016 ਵਿਚ ਬੰਦਾ ਸਿੰਘ ਬਹਾਦਰ ਦਾ 300 ਸਾਲਾ ਸ਼ਹੀਦੀ ਦਿਵਸ ਮਨਾਇਆ ਗਿਆ, ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਮਨੋਹਰ ਲਾਲ ਖੱਟਰ, ਮੁੱਖ ਮੰਤਰੀ ਹਰਿਆਣਾ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਭਗਵਾਨਪੁਰ ਤੋਂ ਲੈ ਕੇ ਗੁਰਦੁਆਰਾ ਲੋਹਗੜ੍ਹ ਤੱਕ ਸੜਕ ਦੀ ਉਸਾਰੀ, ਮੈਮੋਰੀਅਲ ਵਾ ਮਾਰਸ਼ਲ ਆਰਟ ਸਕੂਲ ਦੀ ਉਸਾਰੀ ਕਰਵਾਉਣ ਬਾਰੇ ਮੁੱਖ ਮੰਤਰੀ ਹਰਿਆਣਾ ਸਰਕਾਰ ਵੱਲੋਂ ਹੋਰ ਵੀ ਕਈ ਐਲਾਨ ਕੀਤੇ ਗਏ। ਇਸ ਤੋਂ ਬਾਅਦ ਸਿੱਖ ਵਰਗ ਦੇ ਲੋਕਾਂ ਵਿਚ ਇਸ ਜਗ੍ਹਾ ਪ੍ਰਤੀ ਜਾਗ੍ਰਿਤੀ ਪੈਦਾ ਹੋ ਗਈ ਅਤੇ ਉਨ੍ਹਾਂ ਨੇ ਇਕ ਟਰੱਸਟ ਬਣਾਇਆ, ਜਿਸ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਡਿਵੈਲਪਮੈਂਟ ਹੈਰੀਟੇਜ਼ ਫਾਊਂਡੇਸ਼ਨ ਰੱਖਿਆ ਗਿਆ। ਇਸ ਫਾਊਂਡੇਸ਼ਨ ਦੁਆਰਾ ਪੁਰਾਤਤਵ ਨਾਲ ਸਬੰਧਤ ਮਾਹਰ ਕੰਪਨੀ ਨਾਲ ਐਮ.ਓ.ਯੂ. ਕੀਤਾ ਗਿਆ ਤਾਂ ਜੋ ਲੋਹਗੜ੍ਹ ਨਾਲ ਸਬੰਧਤ ਇਤਿਹਾਸਕ ਅਤੇ ਪੁਰਾਤਤਵ ਸ਼ੋਧ (ਖੋਜ) ਕੀਤੀ ਜਾ ਸਕੇ। ਸ਼ੋਧ ਰਿਪੋਰਟ ਜਦੋਂ ਪ੍ਰਾਪਤ ਹੋਈ ਤਾਂ ਉਸ ਵਿਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਖੋਜ ਰਿਪੋਰਟ ਮੁਤਾਬਕ ਕਿਲੇ ਦੇ ਖੰਡਰ ਲਗਭਗ 7 ਹਜ਼ਾਰ ਏਕੜ ਵਿਚ ਪਾਏ ਗਏ ਅਤੇ ਇਹ ਵੀ ਗੱਲ ਸਾਹਮਣੇ ਆਈ ਕਿ ਇਸ ਕਿਲੇ ਦੀ ਉਸਾਰੀ ਦੇ ਲਈ ਘੱਟ ਤੋਂ ਘੱਟ 60 ਤੋਂ 70 ਵਰ੍ਹੇ ਦਾ ਸਮਾਂ ਲੱਗਿਆ ਹੋਵੇਗਾ।

ਕਿਲੇ ਦੇ ਖੰਡਰਾਂ ਵਿਚ ਕਿਲਾ 9ਵੀਂ ਦੀਵਾਰਾਂ ਮਿਲੀਆਂ ਅਤੇ ਇਸ ਕਿਲੇ ਅੰਦਰ ਲਗਭਗ 200 ਕਿਲੇ ਮੌਜੂਦ ਹਨ। ਜਿਨ੍ਹਾਂ ਦਾ ਇੱਕ ਕਿਲੇ ਦਾ ਦੂਜੇ ਕਿਲੇ ਨਾਲ ਸਿੱਧੇ ਤੌਰ 'ਤੇ ਸਬੰਧ ਹੈ। ਜੇਕਰ ਦੁਸ਼ਮਣ ਇਕ ਕਿਲੇ ਨੂੰ ਜਿੱਤ ਲੈਂਦਾ ਤਾਂ ਵੀ ਉਹ ਦੂਜੇ ਕਿਲੇ ਦੇ ਅੰਦਰ ਪ੍ਰਵੇਸ਼ ਨਹੀਂ ਕਰ ਸਕਦਾ ਸੀ। ਹਰ ਇਕ ਕਿਲੇ ਦੀ ਰੱਖਿਆ ਪ੍ਰਣਾਲੀ ਦੀਆਂ ਦੀਵਾਰਾਂ ਤਿੰਨ ਹਿੱਸੇ ਵਿਚ ਹਨ। ਇਸ ਤਰ੍ਹਾਂ ਇਸ ਕਿਲੇ ਨੂੰ ਮੁਗਲ ਫੌਜ ਦੇ ਲਈ ਜਿੱਤਣਾ ਵੱਡਾ ਹੀ ਅਸੰਭਵ ਕੰਮ ਸੀ। ਖੰਡਰਾਂ ਦੇ ਰੂਪ ਵਿਚ ਪੱਥਰਾਂ ਅਤੇ ਇੱਟਾਂ ਦੀਆਂ ਕੰਧਾਂ ਮਿਲੀਆਂ ਹਨ ਵਾ ਇਸ ਦੇ ਇਲਾਵਾ ਆਟਾ ਪੀਸਣ ਦੀਆਂ ਚੱਕੀਆਂ, ਘੜੇ ਦੇ ਟੁੱਟੇ ਹੋਏ ਹਿੱਸੇ ਅਤੇ ਤੇਲ ਕੱਢਣ ਦੇ ਕੋਹਲੂ ਆਦਿ ਭਾਰੀ ਮਾਤਰਾ ਵਿਚ ਮਿਲੇ ਹਨ। ਇਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਲੋਹਗੜ੍ਹ ਦੇ ਅੰਦਰ ਇਕ ਬਹੁਤ ਵੱਡਾ ਸ਼ਹਿਰ ਵਸਦਾ ਸੀ।

ਇਤਿਹਾਸਕਾਰਾਂ ਦੁਆਰਾ ਲੋਹਗੜ੍ਹ ਨੂੰ ਮੁਕਲਿਸਗੜ੍ਹ ਦੱਸਿਆ ਗਿਆ ਹੈ ਅਤੇ ਨਵੀਂ ਸ਼ੋਧ ਦੇ ਮੁਤਾਬਕ ਇਤਿਹਾਸਕਾਰਾਂ ਵੱਲੋਂ ਇਹ ਗੱਲ ਗਲਤ ਦੱਸੀ ਗਈ ਹੈ, ਕਿਉਂਕਿ ਜਿਸ ਜਗ੍ਹਾ ਨੂੰ ਮੁਕਲਿਸਗੜ੍ਹ ਦੱਸਿਆ ਜਾਂਦਾ ਹੈ। ਉਹ ਜਗ੍ਹਾ ਹਰਿਆਣਾ ਅਤੇ ਉਤਰ ਪ੍ਰਦੇਸ਼ ਦੀ ਹੱਦ ਉੱਤੇ ਸਥਿਤ ਹਥਲੀ ਕੁੰਡ ਬੈਰੇਜ਼ ਦੇ ਨਾਲ ਲਗਦੇ ਪਿੰਡ ਫੈਜ਼ਾਬਾਦ ਵਿਚ ਸਥਿਤ ਹੈ ਅਤੇ ਏ.ਐਸ.ਆਈ. ਦੁਆਰਾ ਇਸ ਜਗ੍ਹਾ ਨੂੰ ਠੀਕ ਕਰਨ ਦੇ ਲਈ ਲਗਭਗ 2 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ।

ਜਿਵੇਂ ਕਿ ਸ਼ੋਧ ਤੋਂ ਸਪਸ਼ਟ ਨਿਕਲ ਕੇ ਆਇਆ ਹੈ ਕਿ ਇਸ ਕਿਲ੍ਹੇ ਦੀ ਉਸਾਰੀ ਗੁਪਤ ਤੌਰ 'ਤੇ ਕੀਤੀ ਗਈ ਅਤੇ ਇਸ ਕਿਲੇ ਦੇ ਨਿਰਮਾਣ ਲਈ ਲਗਭਗ 60 ਤੋਂ 70 ਵਰ੍ਹਿਆਂ ਦਾ ਸਮਾਂ ਲੱਗਿਆ ਹੋਵੇਗਾ। ਇਸ ਤੋਂ ਇਹ ਪਤਾ ਲਗਦਾ ਹੈ ਕਿ ਇਸ ਕਿਲ੍ਹੇ ਦੀ ਉਸਾਰੀ ਵਿਚ ਕਈ ਸਿੱਖ ਗੁਰੂ ਸਾਹਿਬਾਨਾ ਦਾ ਯੋਗਦਾਨ ਹੈ। ਸ਼ੋਧ ਵਿਚ ਇਹ ਸਾਫ ਤੌਰ 'ਤੇ ਨਿਕਲ ਕੇ ਆਇਆ ਹੈ ਕਿ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਦੀ ਗਵਾਲੀਅਰ ਦੇ ਕਿਲੇ ਤੋਂ ਰਿਹਾਈ ਤੋਂ ਬਾਅਦ 1626 ਵਿਚ ਬਿਲਾਸਪੁਰ, ਨਾਹਨ ਅਤੇ ਹਿੰਦੁਵਾਰ ਦਾ ਰਾਜਾ ਗੁਰੂ ਸਾਹਿਬ ਨਾਲ ਮਿਲਣ ਦੇ ਲਈ ਅੰਮ੍ਰਿਤਸਰ ਗਏ ਸੀ ਅਤੇ ਉਥੋਂ ਹੀ ਇਸ ਕਿਲੇ ਦੇ ਨਿਰਮਾਣ ਦੀ ਇਨ੍ਹਾਂ 4 ਵਿਅਕਤੀਆਂ ਵੱਲੋਂ ਰੂਪਰੇਖਾ ਤਿਆਰ ਕੀਤੀ ਗਈ। ਮੌਜੂਦਾ ਲੋਹਗੜ੍ਹ, ਨਾਹਨ ਦੇ ਰਾਜਾ ਦੇ ਖੇਤਰ ਵਿਚ ਬਣਾਇਆ ਗਿਆ। ਗੁਰੂ ਹਰਿ ਰਾਇ ਸਾਹਿਬ 17 ਸਾਲ ਦੀ ਗੁਰਗੱਦੀ ਦੇ ਕਾਰਜਕਾਲ ਵਿਚ 13 ਸਾਲ ਲੋਹਗੜ੍ਹ ਯਮੁਨਾਨਗਰ ਵਿਖੇ ਮੌਜੂਦ ਰਹੇ (1645-1666)। ਉਨ੍ਹਾਂ ਦੇ ਦੋਵੇਂ ਸਪੁੱਤਰ ਰਾਮਰਾਇ ਜੀ ਅਤੇ ਗੁਰੂ ਹਰਕ੍ਰਿਸ਼ਨ ਸਾਹਿਬ ਅਤੇ ਬੇਟੀ ਸਰੂਪ ਕੌਰ ਵੀ ਇਥੇ ਹੀ ਲੋਹਗੜ੍ਹ ਕਿਲੇ ਵਿਚ ਪੈਦਾ ਹੋਏ। ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਸਾਹਿਬ ਵੀ 1644 ਤੋਂ ਲੈ ਕੇ 1656 ਤੱਕ ਇਥੇ ਮੌਜੂਦ ਰਹੇ ਅਤੇ ਉਨ੍ਹਾਂ ਦੇ ਸੰਗੀ ਸਾਥੀ ਜਿਵੇਂ ਕਿ ਭਾਈ ਲੱਖੀ ਰਾਇ ਬਣਜਾਰਾ, ਭਾਈ ਮੱਖਣ ਸ਼ਾਹ ਲੁਬਾਣਾ ਜੋ ਕਿ ਉਸ ਸਮੇਂ ਦੇ ਹਿੰਦੁਸਤਾਨ ਦੇ ਟਰੇਡਰ ਸਨ ਅਤੇ ਉਨ੍ਹਾਂ ਦੇ ਬੰਦਿਆਂ ਨੇ ਕਿਲਾ ਲੋਹਗੜ੍ਹ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲੋਹਗੜ੍ਹ ਕਿਲੇ ਤੋਂ ਲਗਭਗ 10 ਕਿਲੋਮੀਟਰ ਦੂਰ ਪਾਉਂਟਾ ਸਾਹਿਬ ਵਿਖੇ 4 ਸਾਲ ਤੱਕ ਰਹੇ ਅਤੇ ਲੋਹਗੜ੍ਹ ਵਿਚ ਸਥਿਤ ਸਿੱਖ ਫੌਜ ਨੂੰ ਮੁੱਖ ਟਰੇਨਿੰਗ ਦਿੱਤੀ। ਇਸ ਤੋਂ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ 1710 ਵਿਚ ਲੋਹਗੜ੍ਹ ਕਿਲੇ ਨੂੰ ਸਿੱਖ ਕੌਮ ਦੀ ਰਾਜਧਾਨੀ ਕਰਾਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਬਤੌਰ ਰਾਜਾ ਫਰਮਾਨ ਜਾਰੀ ਕੀਤਾ ਗਿਆ ਕਿ ਕਾਸ਼ਤਕਾਰ ਹੀ ਜ਼ਮੀਨ ਦਾ ਮਾਲਕ ਹੋਵੇਗਾ ਅਤੇ ਕਿਸਾਨ ਅੱਜ ਤੋਂ ਬਾਅਦ ਕੋਈ ਵੀ ਟੈਕਸ ਨਹੀਂ ਦੇਵੇਗਾ। ਇਸ ਤੋਂ ਇਲਾਵਾ ਇਹ ਵੀ ਫ਼ੁਰਮਾਨ ਜਾਰੀ ਕੀਤਾ ਗਿਆ ਕਿ ਸਮਾਜ ਅੰਦਰ ਉਚ-ਨੀਚ, ਜਾਤ-ਪਾਤ ਦਾ ਭੇਦਭਾਵ ਸਮਾਪਤ ਕੀਤਾ ਜਾਂਦਾ ਹੈ ਅਤੇ ਸਾਰੇ ਵਿਅਕਤੀ ਇਕੋ ਜਿਹੇ ਹੋਣਗੇ। ਇਸ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕਾ ਜਾਰੀ ਕੀਤਾ ਗਿਆ ਅਤੇ ਸਿੱਕੇ ਦੇ ਪਿੱਛੇ ਭਾਰਤ ਵਿਚ ਲੋਹਗੜ੍ਹ ਨੂੰ ਖਾਲਸਾ ਤਖ਼ਤ ਦੀ ਉਪਾਧੀ ਦਿੱਤੀ ਗਈ।

ਇਸ ਕਿਲੇ ਨੂੰ ਤੋੜਨ ਦੇ ਲਈ ਮੁਗਲਾਂ ਦੁਆਰਾ 1716 ਵਿਚ ਅਣਥੱਕ ਯਤਨ ਕੀਤੇ ਗਏ ਅਤੇ ਭਾਰੀ ਗਿਣਤੀ ਵਿਚ ਮਜ਼ਦੂਰ ਬਿਠਾ ਦਿੱਤੇ ਗਏ। ਮੁਗਲਾਂ ਦਾ ਮੁਖੀ ਅਫਸਰ ਨੇ ਇਸ ਕਿਲੇ ਨੂੰ ਤੋੜਨ ਦੇ ਲਈ ਮੱਸਾ ਰੰਗੜ ਨੂੰ ਨਿਯੁਕਤ ਕੀਤਾ। ਜਿਸ ਦੇ ਕਿਲੇ ਦੇ ਖੰਡਰ ਮਛਰੌਲੀ ਪਿੰਡ ਵਿਚ ਮੌਜੂਦ ਹਨ।

ਪਿਛਲੇ ਦਿਨੀਂ ਮਸ਼ਹੂਰ ਇਤਿਹਾਸਕਾਰ ਸ੍ਰੀ ਹਰਿੰਦਰ ਸਿੰਘ ਦਿਲਗੀਰ, ਇੰਗਲੈਂਡ ਤੋਂ ਇਥੇ ਆਏ ਅਤੇ ਖੋਜ ਰਿਪੋਰਟ ਦੇ ਅਨੁਸਾਰ ਕਿਲੇ ਦਾ ਮੁਆਇਨਾ ਕੀਤਾ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਕਿਲਾ ਦੀ ਉਸਾਰੀ ਦੇ ਕੰਮ ਵਿਚ 5 ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਮੁਖੀ ਸੰਗੀ ਸਾਥੀ ਲੱਖੀ ਸ਼ਾਹ ਬਣਜਾਰਾ ਅਤੇ ਮੱਖਣ ਸ਼ਾਹ ਲੁਬਾਣਾ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਸਿੱਖਾਂ ਦੇ 8ਵੇਂ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਜਨਮ ਵੀ ਲੋਹਗੜ੍ਹ ਵਿਖੇ ਹੋਇਆ ਅਤੇ ਲੋਹਗੜ੍ਹ ਨੂੰ ਖ਼ਾਲਸਾ ਤਖ਼ਤ ਦੇ ਰੂਪ ਵਿਚ ਵਿਕਸਿਤ ਕੀਤਾ ਜਾਣਾ ਜ਼ਰੂਰੀ ਹੈ, ਕਿਉਂਕਿ ਇਹ ਇਤਿਹਾਸ ਦਾ ਉਹ ਸਫਾ ਹੈ ਜਿੱਥੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਲੜੀ ਗਈ ਅਤੇ ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਨਕਲਾਬ ਫਰਾਂਸ ਵਿਚ ਹੋਇਆ ਅਤੇ ਇਸ ਇਨਕਲਾਬ ਤੋਂ ਬਾਅਦ ਹੋਰ ਵੀ ਵੱਡਾ ਇਨਕਲਾਬ ਹੋਇਆ। ਮੁਗਲਾਂ ਦੁਆਰਾ ਜਾਣ ਬੁੱਝ ਕੇ ਹਿੰਦੁਸਤਾਨੀਆਂ ਦੀ ਬੀਰਗਾਥਾ ਭਰੇ ਇਤਿਹਾਸ ਨੂੰ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਜੋ ਕਿ ਸਮਾਂ ਰਹਿੰਦਿਆਂ ਉਜਾਗਰ ਹੋ ਗਈ। ਹੁਣ ਸਿੱਖ ਇਤਿਹਾਸ ਨਵੇਂ ਸਿਰੇ ਤੋਂ ਲਿਖਣ ਦੀ ਲੋੜ ਹੈ।



**ਜੂਨ 2016 ਵਿਚ ਬੰਦਾ ਸਿੰਘ ਬਹਾਦਰ ਦਾ 300 ਸਾਲਾ ਸ਼ਹੀਦੀ ਦਿਵਸ ਮਨਾਇਆ ਗਿਆ, ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਮਨੋਹਰ ਲਾਲ ਖੱਟਰ, ਮੁੱਖ ਮੰਤਰੀ ਹਰਿਆਣਾ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਭਗਵਾਨਪੁਰ ਤੋਂ ਲੈ ਕੇ ਗੁਰਦੁਆਰਾ ਲੋਹਗੜ੍ਹ ਤੱਕ ਸੜਕ ਦੀ ਉਸਾਰੀ, ਮੈਮੋਰੀਅਲ ਵਾ ਮਾਰਸ਼ਲ ਆਰਟ ਸਕੂਲ ਦੀ ਉਸਾਰੀ ਕਰਵਾਉਣ ਬਾਰੇ ਮੁੱਖ ਮੰਤਰੀ ਹਰਿਆਣਾ ਸਰਕਾਰ ਵੱਲੋਂ ਹੋਰ ਵੀ ਕਈ ਐਲਾਨ ਕੀਤੇ ਗਏ। ਇਸ ਤੋਂ ਬਾਅਦ ਸਿੱਖ ਵਰਗ ਦੇ ਲੋਕਾਂ ਵਿਚ ਇਸ ਜਗ੍ਹਾ ਪ੍ਰਤੀ ਜਾਗ੍ਰਿਤੀ ਪੈਦਾ ਹੋ ਗਈ ਅਤੇ ਉਨ੍ਹਾਂ ਨੇ ਇਕ ਟਰੱਸਟ ਬਣਾਇਆ, ਜਿਸ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਡਿਵੈਲਪਮੈਂਟ ਹੈਰੀਟੇਜ਼ ਫਾਊਂਡੇਸ਼ਨ ਰੱਖਿਆ ਗਿਆ। ਇਸ ਫਾਊਂਡੇਸ਼ਨ ਦੁਆਰਾ ਪੁਰਾਤਤਵ ਨਾਲ ਸਬੰਧਤ ਮਾਹਰ ਕੰਪਨੀ ਨਾਲ ਐਮ.ਓ.ਯੂ. ਕੀਤਾ ਗਿਆ ਤਾਂ ਜੋ ਲੋਹਗੜ੍ਹ ਨਾਲ ਸਬੰਧਤ ਇਤਿਹਾਸਕ ਅਤੇ ਪੁਰਾਤਤਵ ਸ਼ੋਧ (ਖੋਜ) ਕੀਤੀ ਜਾ ਸਕੇ। ਸ਼ੋਧ ਰਿਪੋਰਟ ਜਦੋਂ ਪ੍ਰਾਪਤ ਹੋਈ ਤਾਂ ਉਸ ਵਿਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ।**









# ਨਵਾਂ ਮੁਖੀ ਥਾਪੇ ਜਾਣ ਦੀਆਂ ਖ਼ਬਰਾਂ ਵਿਚਾਲੇ ਡੇਰਾ ਬਿਆਸ ਦਾ ਇਕ ਹੋਰ ਬਿਆਨ ਆਇਆ ਸਾਹਮਣੇ

ਏਜੰਸੀਆਂ

ਜਲੰਧਰ 5 ਸਤੰਬਰ। ਰਾਧਾ ਸਵਾਮੀ ਸਤਿਸੰਗ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਆਪਣਾ ਉਤਰਾਅਧਿਕਾਰੀ (ਵਾਰਿਸ) ਚੁਣ ਲਿਆ ਹੈ। ਇਸ ਦੌਰਾਨ ਜਸਦੀਪ ਸਿੰਘ ਗਿੱਲ ਨੂੰ ਨਵਾਂ ਡੇਰਾ ਮੁਖੀ ਥਾਪਿਆ ਗਿਆ ਹੈ। ਇਹ ਐਲਾਨ ਖੁਦ ਡੇਰਾ ਮੁਖੀ



ਬਾਬਾ ਗੁਰਿੰਦਰ ਸਿੰਘ ਢਿੱਲੋਂ ਵਲੋਂ ਕੀਤਾ ਗਿਆ ਹੈ। ਦੱਸ ਦਈਏ ਕਿ ਇਸ ਦੌਰਾਨ ਸੋਸ਼ਲ ਮੀਡੀਆ 'ਤੇ ਕੁਝ ਅਜਿਹੀਆਂ ਖਬਰਾਂ ਵੀ ਵਾਇਰਲ ਹੋ ਰਹੀਆਂ ਹਨ ਜਿਨ੍ਹਾਂ ਵਿਚ ਇਸ ਸਭ ਦਾ ਕਾਰਨ ਕਿਸੇ ਬਿਮਾਰੀ ਨੂੰ ਦੱਸਿਆ ਜਾ ਰਿਹਾ ਹੈ। ਇਸ ਵਿਚਾਲੇ ਰਾਧਾ ਸਵਾਮੀ ਸਤਿਸੰਗ ਡੇਰਾ ਬਿਆਸ ਵੱਲੋਂ ਇਨ੍ਹਾਂ ਸਾਰੀਆਂ ਖਬਰਾਂ ਦਾ ਖੰਡਨ ਕੀਤਾ ਗਿਆ ਹੈ। ਰਾਧਾ ਸਵਾਮੀ ਸਤਿਸੰਗ ਡੇਰਾ ਬਿਆਸ ਵੱਲੋਂ ਜਾਰੀ ਹੋਏ ਬਿਆਨ ਵਿਚ ਕਿਹਾ ਗਿਆ ਹੈ ਕਿ ਉੱਤਰਾਧਿਕਾਰੀ ਐਲਾਨ ਨੂੰ ਲੈ ਕੇ ਕੁਝ ਅਫਵਾਹਾਂ ਦਾ ਦੂਰ ਕਰਨਾ ਲਾਜਮੀ ਹੈ। ਪਹਿਲਾ ਗੁਰੂਗੱਦੀ ਕਿਸੇ ਨੂੰ ਵੀ ਸੌਂਪੀ ਨਹੀਂ ਜਾ ਰਹੀ ਤੇ ਕੋਈ ਦਸਤਾਰ ਬੰਦੀ ਨਹੀਂ ਹੈ ਜਿਵੇਂ ਕਿ ਮੀਡੀਆ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਦੂਜਾ ਬਾਬਾ ਜੀ ਤੰਦਰੁਸਤ ਹਨ ਅਤੇ ਰਾਧਾ ਸੁਆਮੀ ਬਿਆਸ ਧਰਮ ਦੇ ਗੁਰੂ ਬਣੇ ਰਹਿਣਗੇ ਅਤੇ ਉੱਤਰਾਧਿਕਾਰੀ (ਮਹਾਰਾਜ) ਜਸਦੀਪ ਸਿੰਘ ਗਿੱਲ ਜੀ ਉਨ੍ਹਾਂ ਦੇ ਉਪ-ਨਿਰਧਾਰਤ ਹੋਣਗੇ ਅਤੇ ਉਨ੍ਹਾਂ ਦੇ ਨਾਲ ਬੈਠਣਗੇ ਅਤੇ ਬਾਬਾ ਜੀ ਦੀ ਨਿਗਰਾਨੀ ਹੇਠ ਰਹਿਣਗੇ। ਤੀਜਾ ਸੰਗਤਾਂ ਨੂੰ ਡੇਰਾ ਬਿਆਸ ਵੱਲ ਆਉਣ ਦੀ ਕਾਹਲੀ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਇੱਥੇ ਕੋਈ ਰਸਮੀ ਸਮਾਗਮ ਜਾਂ ਹੋਰ ਸਮਾਗਮ ਨਹੀਂ ਹੋ ਰਿਹਾ। ਚੌਥਾ ਕ੍ਰਿਪਾ ਕਰਕੇ ਅਫਵਾਹਾਂ 'ਤੇ ਧਿਆਨ ਨਾ ਦਿਓ ਅਤੇ ਬਿਆਸ ਵੱਲ ਨਾ ਦੌੜੋ। ਬਾਬਾ ਜੀ ਅਤੇ ਉਨ੍ਹਾਂ ਦੇ ਗੱਦੀ ਨਸ਼ੀਨ ਇਕੱਠੇ ਸਤਿਸੰਗ ਕੇਂਦਰਾਂ ਦਾ ਦੌਰਾ ਕਰਨਗੇ। ਪੰਜਵਾਂ ਸਾਰੇ ਵਿਦੇਸ਼ੀ ਸਤਿਸੰਗ ਨਵੇਂ ਮਹਾਰਾਜ ਜੀ ਦੁਆਰਾ ਦਿੱਤੇ ਜਾਣਗੇ। ਦੱਸ ਦਈਏ ਕਿ ਅੱਜ ਰਾਧਾ ਸਵਾਮੀ ਸਤਿਸੰਗ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਆਪਣਾ ਉਤਰਾਅਧਿਕਾਰੀ ਜਸਦੀਪ ਸਿੰਘ ਗਿੱਲ ਨੂੰ ਥਾਪਿਆ ਗਿਆ ਹੈ। ਇਹ ਐਲਾਨ ਖੁਦ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵਲੋਂ ਕੀਤਾ ਗਿਆ ਹੈ। ਉਹ 5 ਸਤੰਬਰ (ਅੱਜ) ਤੋਂ ਤੁਰੰਤ ਪ੍ਰਭਾਵ ਨਾਲ ਸਰਪ੍ਰਸਤ ਦੇ ਰੂਪ ਵਿਚ ਉਨ੍ਹਾਂ ਦੀ ਜਗ੍ਹਾ ਲੈਣਗੇ। ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਜਿਸ ਤਰ੍ਹਾਂ ਹਜੂਰ ਮਹਾਰਾਜ ਜੀ ਤੋਂ ਬਾਅਦ ਉਨ੍ਹਾਂ ਨੂੰ ਸੰਗਤ ਦਾ ਭਰਪੂਰ ਸਹਿਯੋਗ ਅਤੇ ਪਿਆਰ ਮਿਲਿਆ ਹੈ, ਉਸੇ ਤਰ੍ਹਾਂ ਉਨ੍ਹਾਂ (ਜਸਦੀਪ ਗਿੱਲ) ਨੂੰ ਸੰਤ ਸਤਿਗੁਰੂ ਦੇ ਰੂਪ ਵਿਚ ਉਨ੍ਹਾਂ ਦੀ ਸੇਵਾ ਨਿਭਾਉਣ ਵਿਚ ਪਿਆਰ ਅਤੇ ਸਹਿਯੋਗ ਦਿੱਤਾ ਜਾਵੇ।

# ਵਿਦੇਸ਼ ਭੇਜਣ ਦੇ ਨਾਂ 'ਤੇ ਕੁੜੀ ਨੂੰ ਹੋਟਲ 'ਚ ਬੁਲਾ ਕੇ ਜਬਰ-ਜਨਾਹ ਕਰਨ ਵਾਲੇ ਸੁਖਚੈਨ ਰਾਹੀ ਦੇ ਮਾਮਲੇ 'ਚ ਨਵੀਂ ਅਪਡੇਟ

ਸਰਦੂਲ ਸਿੰਘ

ਜਲੰਧਰ 5 ਸਤੰਬਰ। ਆਪਣੀ ਕਲਾਇੰਟ ਨਾਲ ਜਬਰ-ਜਨਾਹ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਆਰ.ਐੱਸ. ਗਲੋਬਲ ਟ੍ਰੈਵਲ ਏਜੰਸੀ ਦੇ ਮਾਲਕ ਸੁਖਚੈਨ ਸਿੰਘ ਰਾਹੀ ਤੋਂ ਥਾਣਾ ਨਵੀਂ ਬਾਰਾਦਰੀ ਵਿਚ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ। ਉਥੇ ਹੀ ਮੰਗਲਵਾਰ ਨੂੰ ਪੀੜਤਾ ਦੇ ਮਾਣਯੋਗ ਅਦਾਲਤ ਵਿਚ 164 ਲੋਕਾਂ ਦੇ ਬਿਆਨ ਦਰਜ ਕਰਵਾਏ ਗਏ ਹਨ। ਪੀੜਤਾ ਦਾ ਮੈਡੀਕਲ ਵੀ ਹੋ ਚੁੱਕਾ ਹੈ। ਸੂਤਰਾਂ ਦੀ ਮੰਨੀਏ ਤਾਂ ਪੀੜਤਾ ਨੇ ਸੁਖਚੈਨ ਸਿੰਘ ਰਾਹੀ ਖ਼ਿਲਾਫ ਬਿਆਨ ਦਰਜ ਕਰਵਾਏ ਹਨ। ਦੂਜੇ ਪਾਸੇ ਇਸ ਮਾਮਲੇ ਵਿਚ ਰਾਜੀਨਾਮਾ ਕਰਵਾਉਣ ਲਈ ਚੰਡੀਗੜ੍ਹ ਦੀ ਫਰਾਡੀ ਏਜੰਟ ਔਰਤ ਨੇ ਵੀ ਦਸਤਕ ਦੇ ਦਿੱਤੀ ਹੈ। ਇਸ ਔਰਤ ਖ਼ਿਲਾਫ ਫਰਾਡ ਦੇ ਕਈ ਕੇਸ ਦਰਜ ਹਨ। ਇਹ ਸੁਖਚੈਨ ਸਿੰਘ ਰਾਹੀ ਦੀ ਬੇਹੱਦ ਨਜਦੀਕੀ ਦੱਸੀ ਜਾ ਰਹੀ ਹੈ। ਇਸ ਪ੍ਰੋਫੈਸ਼ਨਲ ਫਰਾਡੀ ਔਰਤ ਨੂੰ ਧੋਖਾਧੜੀ ਦੇ ਕੇਸ ਵਿਚ ਜੇਲ੍ਹ ਵੀ ਹੋਈ ਸੀ, ਜੋ ਹੁਣ ਕੁਝ ਆਗੂਆਂ ਦਾ ਮੋਢਾ ਵਰਤ ਕੇ ਜਬਰ-ਜਨਾਹ ਦੇ ਇਸ ਮਾਮਲੇ ਵਿਚ ਰਾਜੀਨਾਮਾ ਕਰਵਾਉਣ ਲਈ ਹੱਥ-ਪੈਰ ਮਾਰ ਰਹੀ ਹੈ। ਥਾਣਾ ਨਵੀਂ ਬਾਰਾਦਰੀ ਦੀ ਇੰਚਾਰਜ ਕਮਲਜੀਤ ਸਿੰਘ ਨੇ ਦੱਸਿਆ ਕਿ ਸੁਖਚੈਨ ਸਿੰਘ ਰਾਹੀ ਦਾ ਮੋਬਾਈਲ ਉਨ੍ਹਾਂ ਦੇ ਕਬਜੇ ਵਿਚ ਹੈ। ਉਸ ਦੀ ਵਟਸਐਪ ਚੈਟਿੰਗ ਚੈੱਕ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੁਲਸ ਨੇ ਵ੍ਹਟਸਐਪ ਅਤੇ ਨਾਰਮਲ ਕਾਲ ਦੀ ਕਾਲਿੰਗ ਡਿਟੇਲ ਵੀ ਕਢਵਾਈ ਹੈ ਤਾਂ ਕਿ ਇਨ੍ਹਾਂ ਦਸਤਾਵੇਜਾਂ ਨੂੰ ਸਬੂਤ ਦੇ ਆਧਾਰ 'ਤੇ ਵਰਤਿਆ ਜਾ ਸਕੇ। ਐੱਸ.ਐੱਚ.ਓ. ਕਮਲਜੀਤ ਸਿੰਘ ਨੇ ਕਿਹਾ ਕਿ ਬੁੱਧਵਾਰ ਨੂੰ ਸੁਖਚੈਨ ਸਿੰਘ ਰਾਹੀ ਦਾ ਰਿਮਾਂਡ ਖਤਮ ਹੋ ਰਿਹਾ ਹੈ, ਜਿਸ ਨੂੰ ਦੁਬਾਰਾ ਕੋਰਟ ਵਿਚ ਪੇਸ਼ ਕੀਤਾ ਜਾਵੇਗਾ। ਪੁਲਸ ਨੇ ਇਹ ਵੀ



ਕਲੀਅਰ ਕੀਤਾ ਕਿ ਉਸ 'ਤੇ ਕਿਸੇ ਤਰ੍ਹਾਂ ਦਾ ਦਬਾਅ ਨਹੀਂ ਹੈ। ਪੁਲਸ ਆਪਣੀ ਕਾਰਵਾਈ ਕਰ ਰਹੀ ਹੈ ਅਤੇ ਪੀੜਤਾ ਨੂੰ ਇਨਸਾਫ ਦਿਵਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਪੀੜਤ ਲੜਕੀ ਨੇ ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਯੂਰਪ ਦੇਸ਼ ਜਾਣ ਲਈ ਉਸ ਨੇ ਰਣਜੀਤ ਨਗਰ ਸਥਿਤ ਆਰ.ਐੱਸ. ਗਲੋਬਲ ਟ੍ਰੈਵਲ ਏਜੰਸੀ ਨਾਲ ਸੰਪਰਕ ਕੀਤਾ ਸੀ। ਪੀੜਤਾ ਦਾ ਦੋਸ਼ ਹੈ ਕਿ ਜਦੋਂ ਉਹ 20 ਅਗਸਤ ਨੂੰ ਉਨ੍ਹਾਂ ਦੇ ਆਫਿਸ ਵਿਚ ਗਈ ਤਾਂ ਉਥੇ ਉਸ ਨੂੰ ਮਾਲਕ ਸੁਖਚੈਨ ਸਿੰਘ ਰਾਹੀ ਮਿਲਿਆ, ਜਿਸਨੇ ਉਸ ਨੂੰ ਸਿੰਗਾਪੁਰ ਭੇਜਣ ਲਈ 5.75 ਲੱਖ ਰੁਪਏ ਵਿਚ ਡੀਲ ਕਰ ਕੇ ਜਲਦ ਰਿਸਪਾਂਸ ਦੇਣ ਦੀ ਗੱਲ ਕਹੀ। ਪੀੜਤਾ ਦਾ ਦੋਸ਼ ਹੈ ਕਿ ਜਦੋਂ ਉਹ ਆਪਣੇ ਪੀ.ਜੀ. ਵਿਚ ਗਈ ਤਾਂ ਕੁਝ ਸਮੇਂ ਬਾਅਦ ਸੁਖਚੈਨ ਸਿੰਘ ਨੇ ਉਸ ਨੂੰ ਬਾਇਓਡਾਟਾ ਵਟਸਐਪ ਕਰਨ ਨੂੰ ਕਿਹਾ ਅਤੇ 30 ਅਗਸਤ ਨੂੰ ਬੀ.ਐੱਸ.ਐੱਫ. ਚੌਕ 'ਚ ਸਥਿਤ ਇਕ ਹੋਟਲ ਵਿਚ ਹੋਣ ਵਾਲੇ ਸੈਮੀਨਾਰ ਵਿਚ ਸ਼ਾਮਲ ਹੋਣ ਦੀ ਗੱਲ ਕਹੀ। ਪੀੜਤਾ ਦਾ ਦੋਸ਼ ਸੀ ਕਿ ਜਦੋਂ ਉਹ ਹੋਟਲ ਪੁੱਜੀ ਤਾਂ ਹੋਟਲ ਦਾ ਕਰਮਚਾਰੀ ਉਸ ਨੂੰ ਦੂਜੀ ਮੰਜ਼ਿਲ 'ਤੇ ਕਮਰਾ ਨੰਬਰ 203 ਵਿਚ ਛੱਡ ਗਿਆ। ਕਮਰੇ ਵਿਚ ਕੋਈ ਨਹੀਂ ਸੀ ਪਰ ਉਥੇ ਖਾਣ-ਪੀਣ ਦਾ ਸਾਮਾਨ ਰੱਖਿਆ ਹੋਇਆ ਸੀ। ਪੀੜਤ ਲੜਕੀ ਨੇ ਇਹ ਵੀ ਦੋਸ਼ ਲਾਏ ਸਨ ਕਿ ਕੁਝ ਸਮੇਂ ਬਾਅਦ ਜਦੋਂ ਰਾਹੀ ਕਮਰੇ ਵਿਚ ਆਇਆ ਤਾਂ ਸੈਮੀਨਾਰ ਬਾਰੇ ਪੁੱਛਣ 'ਤੇ ਉਸ ਨੇ ਹੋਰ ਸਟੂਡੈਂਟਸ ਦੇ ਆ ਜਾਣ ਦਾ ਬਹਾਨਾ ਬਣਾਇਆ, ਜਿਸ ਤੋਂ ਬਾਅਦ ਉਸ 'ਤੇ ਦੋਸ਼ ਲੱਗੇ ਕਿ ਰਾਹੀ ਨੇ ਪੀੜਤਾ ਨੂੰ ਨਸ਼ੇ ਵਾਲੀ ਕੋਲਡ ਡ੍ਰਿੰਕ ਪਿਆ ਕੇ ਬੇਹੋਸ਼ ਕਰ ਕੇ ਉਸ ਨਾਲ ਜਬਰ-ਜਨਾਹ ਕਰ ਦਿੱਤਾ। ਰਾਤ ਨੂੰ ਰਾਹੀ ਆਪਣੀ ਗੱਡੀ ਵਿਚ ਪੀੜਤਾ ਨੂੰ ਉਸ ਦੇ ਪੀ.ਜੀ. ਛੱਡ ਆਇਆ, ਜਿਸ ਤੋਂ ਬਾਅਦ ਪੀੜਤਾ ਨੇ ਸੁਸਾਈਡ ਨੋਟ ਲਿਖ ਕੇ ਸੁਸਾਈਡ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ। ਜਿਉਂ ਹੀ ਮਾਮਲਾ ਪੁਲਸ ਦੇ ਧਿਆਨ ਵਿਚ ਆਇਆ ਤਾਂ ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਸੁਖਚੈਨ ਸਿੰਘ ਰਾਹੀ ਨੂੰ ਗ੍ਰਿਫਤਾਰ ਕਰ ਲਿਆ।

## ਇਹ ਹੈ ਦੁਨੀਆ ਦਾ ਇਕਲੌਤਾ ਤੈਰਦਾ ਡਾਕ ਘਰ

ਸ਼੍ਰੀਨਗਰ 5 ਸਤੰਬਰ। ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਕਈ ਅਜਿਹੀਆਂ ਚੀਜਾਂ ਹਨ, ਜਿਨ੍ਹਾਂ ਬਾਰੇ ਅਸੀਂ ਸ਼ਾਇਦ ਹੀ ਜਾਣਦੇ ਹੋਵਾਂਗੇ। ਅੱਜ ਅਸੀਂ ਤੁਹਾਨੂੰ ਅਜਿਹੇ ਡਾਕ ਘਰ ਬਾਰੇ ਦੱਸਾਂਗੇ ਜੋ ਕਿ ਪਾਣੀ ਵਿਚ ਤੈਰਦਾ ਹੈ। ਸ਼੍ਰੀਨਗਰ ਦੁਨੀਆ ਦਾ ਇਕਲੌਤਾ ਸ਼ਹਿਰ ਹੈ, ਜਿੱਥੇ ਡਾਕ ਘਰ ਤੈਰ ਰਿਹਾ ਹੈ, ਉਹ ਵੀ ਡਲ ਝੀਲ ਵਿਚ। ਡਾਕ ਦੀ ਡਿਲੀਵਰੀ ਸ਼ਿਕਾਰਾ 'ਚ ਯਾਤਰਾ ਕਰਦੇ ਹੋਏ ਇਕ ਡਾਕੀਆ ਵਲੋਂ ਕੀਤੀ ਜਾਂਦੀ ਹੈ। 200 ਸਾਲ ਪੁਰਾਣਾ ਇਹ ਫਲੋਟਿੰਗ ਪੋਸਟ ਆਫਿ਼ਸ ਬ੍ਰਿਟਿਸ਼ ਕਾਲ 'ਚ ਸ਼ੁਰੂ ਕੀਤਾ ਗਿਆ ਸੀ ਅਤੇ ਅੱਜ ਵੀ ਝੀਲ ਦੇ ਕਿਨਾਰੇ ਰਹਿਣ ਵਾਲੇ ਲੋਕਾਂ ਨੂੰ ਚਿੱਠੀ ਅਤੇ ਕੂਰੀਅਰ ਪਹੁੰਚਾਉਂਦਾ ਹੈ। ਅਜਾਇਬ ਘਰ ਵਿਚ ਦਰਜ ਇਤਿਹਾਸ ਮੁਤਾਬਕ ਜੰਮੂ ਅਤੇ ਕਸਮੀਰ 'ਚ ਡਾਕ 1820 ਤੋਂ ਹੀ ਮੌਜੂਦ ਸੀ। 1866-77 ਵਿਚ ਜੰਮੂ ਅਤੇ ਕਸਮੀਰ 'ਚ ਇਕੋ ਸਮੇਂ ਸਾਂਝੀਆਂ ਅਤੇ ਵੱਖਰੀਆਂ ਡਾਕ ਟਿਕਟਾਂ ਜਾਰੀ ਕੀਤੀਆਂ ਗਈਆਂ ਸਨ। ਸਾਰੀਆਂ ਡਾਕ ਟਿਕਟਾਂ ਸਿਰਫ ਸਥਾਨਕ ਲਿਪੀ ਵਿਚ ਲਿਖੀਆਂ ਜਾਂਦੀਆਂ ਸਨ। ਜੰਮੂ-ਕਸ਼ਮੀਰ ਵਿਚ ਵੱਖ-ਵੱਖ ਡਾਕ ਟਿਕਟ ਜਾਰੀ ਕਰਨਾ 1 ਨਵੰਬਰ 1894 ਨੂੰ ਬੰਦ ਕਰ ਦਿੱਤਾ ਗਿਆ ਸੀ। 1894 ਤੱਕ ਜੰਮੂ-ਕਸ਼ਮੀਰ ਵਲੋਂ ਵੱਖਰੀ ਡਾਕ ਟਿਕਟਾਂ ਦੀ ਵਰਤੋਂ ਕੀਤੀ ਜਾਂਦੀ ਸੀ।




1866 ਤੋਂ 1878 ਤੱਕ ਜੰਮੂ-ਕਸਮੀਰ ਦੀਆਂ ਡਾਕ ਟਿਕਟਾਂ ਕਾਲੇ, ਨੀਲੇ, ਲਾਲ, ਹਰੇ ਅਤੇ ਪੀਲੇ ਪਾਣੀ ਦੇ ਰੰਗਾਂ 'ਚ ਹੱਥੀਂ ਛਾਪੀਆਂ ਜਾਂਦੀਆਂ ਸਨ। ਇਹ ਸਾਰੀਆਂ ਡਾਕ ਟਿਕਟਾਂ ਜੰਮੂ ਦੇ ਪ੍ਰਿੰਟਿੰਗ ਪਲਾਂਟ 'ਚ ਛਾਪੀਆਂ ਜਾਂਦੀਆਂ ਸਨ ਅਤੇ ਕਸਮੀਰ 'ਚ ਇਸਤੇਮਾਲ ਲਈ ਸਪਲਾਈ ਸਮੇਂ-ਸਮੇਂ 'ਤੇ ਉੱਥੇ ਭੇਜੀਆਂ ਜਾਂਦੀਆਂ ਸਨ। ਉਂਝ ਤਾਂ ਡਾਕ ਘਰ ਝੀਲ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਰਹਿਣ ਵਾਲੇ ਕਈ ਸਥਾਨਕ ਲੋਕਾਂ ਲਈ ਕਈ ਹੋਰ ਉਦੇਸ਼ਾਂ ਦੀ ਪੂਰਤੀ ਵੀ ਕਰਦਾ ਹੈ। ਉਨ੍ਹਾਂ ਲਈ ਇਹ ਬੈਂਕ ਦਾ ਕੰਮ ਕਰਦਾ ਹੈ। ਇੱਥੇ ਤੁਸੀਂ ਆਪਣਾ ਬੱਚਤ ਖਾਤਾ ਵੀ ਖੋਲ੍ਹ ਸਕਦੇ ਹੋ। ਜਾਣਕਾਰੀ ਮੁਤਾਬਕ ਇਹ ਮਹਾਰਾਜਾ ਦੇ ਸਮੇਂ ਤੋਂ ਲੈ ਕੇ ਬ੍ਰਿਟਿਸ਼ ਕਾਲ ਤੱਕ ਦਾ 200 ਸਾਲ ਪੁਰਾਣਾ ਡਾਕਘਰ ਹੈ। ਇਸ ਫਲੋਟਿੰਗ ਪੋਸਟ ਆਫਿਸ ਵਿਚ ਉਹ ਸਾਰੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜੋ ਆਮ ਤੌਰ 'ਤੇ ਬਾਕੀ ਸਾਰੇ ਡਾਕ ਘਰਾਂ ਵਿਚ ਉਪਲਬਧ ਹੁੰਦੀਆਂ ਹਨ ਪਰ ਇਸ ਨੂੰ ਵੱਖਰਾ ਮੰਨਿਆ ਜਾਂਦਾ ਹੈ ਕਿਉਂਕਿ ਇੱਥੋਂ ਜੋ ਡਾਕ ਭੇਜੀ ਜਾਂਦੀ ਹੈ, ਭਾਵ ਫਲੋਟਿੰਗ ਪੀ.ਓ. ਦੀ ਆਪਣੀ ਵਿਸੇਸ ਸਟੈਂਪ ਹੁੰਦੀ ਹੈ। ਇਕ ਕਸ਼ਮੀਰੀ ਗੁਲਾਮ ਨੀਲਾਮੀ ਡਾਰ ਨੇ ਕਿਹਾ ਕਿ ਇਸ ਡਾਕਘਰ ਤੋਂ ਲੰਘਣ ਵਾਲੇ ਸਾਰੇ ਪੱਤਰਾਂ 'ਤੇ ਇਕ ਵਿਸੇਸ ਮੋਹਰ ਲੱਗੀ ਹੋਈ ਹੈ। ਇਹ ਡਲ ਝੀਲ 'ਤੇ ਇਕ ਹਾਊਸਬੋਟ ਨੂੰ ਦਰਸਾਉਂਦਾ ਹੈ। ਇਹ ਆਪਣੇ ਆਪ ਵਿਚ ਇਕ ਵੱਖਰਾ ਅਨੁਭਵ ਹੈ। ਡਾਕ ਪ੍ਰਾਪਤ ਕਰਨ ਵਾਲੇ ਨੂੰ ਤੁਰੰਤ ਪਤਾ ਲੱਗ ਜਾਵੇਗਾ ਕਿ ਚਿੱਠੀ ਕਿੱਥੇ ਪੋਸਟ ਕੀਤੀ ਗਈ ਹੈ।

## ਬਾਘਾਪੁਰਾਣਾ ਦੇ ਨੇੜਲੇ ਪਿੰਡ ਚਨੂੰਵਾਲਾ ਨਹਿਰ ਨੇੜਿਓਂ ਮਿਲੀ ਵਿਅਕਤੀ ਦੀ ਐਕਟਿਵਾ

ਬਾਘਾਪੁਰਾਣਾ 5 ਸਤੰਬਰ। ਜ਼ਿਲ੍ਹਾ ਮੋਗਾ ਦੇ ਸਬ ਡਵੀਜ਼ਨ ਬਾਘਾ ਪੁਰਾਣਾ ਦੇ ਇਲਾਕੇ ਵਿਚ ਉਸ ਵੇਲੇ ਹਫੜਾ-ਦਫੜੀ ਮੱਚ ਗਈ ਜਦੋਂ ਲਾਪਤਾ ਹੋਏ ਬਿਪਨ ਕੁਮਾਰ 45 ਪੁੱਤਰ ਰੂਪ ਲਾਲ ਨਿਵਾਸੀ ਮੋਗਾ ਦੀ ਐਕਟਿਵਾ ਨਹਿਰ ਦੀ ਪੱਟੜੀ 'ਤੇ ਖੜ੍ਹੀ ਮਿਲੀ। ਇਸ ਬਾਰੇ ਬਾਘਾਪੁਰਾਣਾ ਨਿਵਾਸੀਆਂ ਨੇ ਦੱਸਿਆ ਕਿ ਬਿਪਨ ਗੋਇਲ ਪਰਿਵਾਰ ਕਰੀਬ 10 ਸਾਲ ਪਹਿਲਾ ਬਾਘਾਪੁਰਾਣਾ ਤੋਂ ਮੋਗਾ ਚਲਿਆ ਗਿਆ ਸੀ, ਇਹ ਰੋਜਾਨਾ ਮੋਗੇ ਤੋਂ ਬਾਘਾਪੁਰਾਣਾ ਸਮਾਨ ਵੇਚਣ ਆਉਂਦਾ ਸੀ ਅਤੇ ਰਾਤ 8 ਵਜੇ ਤੱਕ ਘਰ ਪਹੁੰਚ ਜਾਂਦਾ ਸੀ। ਇਸ ਦੌਰਾਨ ਜਦੋਂ ਉਹ ਘਰ ਨਾ ਪਹੁੰਚਿਆ ਤਾਂ ਪਰਿਵਾਰ ਨੇ ਬਹੁਤ ਭਾਲ ਕੀਤੀ ਤਾਂ ਕਿਧਰੇ ਪਤਾ ਨਹੀ ਲੱਗਿਆ। ਅੱਜ ਕਰੀਬ 10 ਸਵੇਰੇ ਚਨੂੰਵਾਲਾ ਨਹਿਰ 'ਤੇ ਉਸ ਦੀ ਐਕਟਿਵਾ ਖੜ੍ਹੀ ਹੋਣ ਬਾਰੇ ਪਤਾ ਲੱਗਾ।

# 3 ਸਾਲਾ ਬੱਚੀ ਨੂੰ ਬਣਾਇਆ ਸ਼ਿਕਾਰ, ਮਾਸੂਮ ਦੇ ਦੋਵੇਂ ਹੱਥ ਖਾ ਗਿਆ ਆਦਮਖੋਰ ਬਘਿਆੜ

ਕਿਸ਼ਨ ਪਾਲ

ਬਹਿਰਾਇਚ 5 ਸਤੰਬਰ। ਉੱਤਰ ਪ੍ਰਦੇਸ ਦੇ ਬਹਿਰਾਇਚ ਜ਼ਿਲ੍ਹੇ ਵਿਚ ਐਤਵਾਰ ਰਾਤ ਨੂੰ ਇਕ ਆਦਮਖੋਰ ਬਘਿਆੜ ਨੇ ਇਕ ਤਿੰਨ ਸਾਲਾ ਮਾਸੂਮ ਨੂੰ ਆਪਣਾ ਸ਼ਿਕਾਰ ਬਣਾ ਲਿਆ, ਜਦੋਂ ਕਿ ਇਕ ਬਜੁਰਗ ਔਰਤ ਨੂੰ ਜਖਮੀ ਕਰ ਦਿੱਤਾ, ਜਿਸ ਦਾ ਮੈਡੀਕਲ ਕਾਲਜ ਬਹਿਰਾਇਚ 'ਚ ਇਲਾਜ ਚੱਲ ਰਿਹਾ ਹੈ। ਮਹਸੀ ਦੇ ਪਿੰਡ ਨਉਵਨ ਗਰੇਠੀ 'ਚ ਆਪਣੀ ਮਾਂ ਨਾਲ ਸੁੱਤੀ ਹੋਈ ਤਿੰਨ ਸਾਲਾ ਮਾਸੂਮ ਅੰਜਲੀ ਨੂੰ ਰਾਤ ਸਾਢੇ 3 ਵਜੇ ਆਦਮਖੋਰ ਬਘਿਆੜ ਘਰ 'ਚ ਦਾਖਲ ਹੋ ਕੇ ਚੁੱਕ ਕੇ ਲੈ ਗਿਆ। ਮਾਸੂਮ ਬੱਚੀ ਦੀਆਂ ਚੀਕਾਂ ਸੁਣ ਕੇ ਉੱਠੇ ਪਰਿਵਾਰਕ ਮੈਂਬਰਾਂ ਨੇ ਬਘਿਆੜ ਨੂੰ ਘੇਰ ਲਿਆ ਪਰ ਆਦਮਖੋਰ ਚਕਮਾ ਦੇ ਕੇ ਬੱਚੀ ਨੂੰ ਲੈ ਕੇ ਖੇਤਾਂ 'ਚ ਗਾਇਬ ਹੋ ਗਿਆ। ਕਾਫੀ ਭਾਲ ਤੋਂ ਬਾਅਦ ਬੱਚੀ ਦੀ ਲਾਸ ਮਿਲੀ ਜਿਸ ਦੇ ਦੋਵੇਂ ਹੱਥ ਬਘਿਆੜ ਨੇ ਖਾ ਲਏ ਸਨ। ਇਕ ਹੋਰ ਘਟਨਾ 'ਚ ਮਹਸੀ ਦੇ ਹਰਦੀ ਇਲਾਕੇ 'ਚ ਸਥਿਤ ਬਾਰਾ ਕੋਟੀਆ ਪਿੰਡ 'ਚ ਬੀਤੀ ਰਾਤ ਘਰ ਦੇ ਵਰਾਂਠੇ 'ਚ ਲੇਟੀ ਬਜੁਰਗ ਔਰਤ ਅਚਲਾ (50) 'ਤੇ ਬਘਿਆੜ ਨੇ ਹਮਲਾ ਕਰ ਦਿੱਤਾ, ਪਰਿਵਾਰ



ਵਾਲਿਆਂ ਦੇ ਰੌਲਾ ਪਾਉਣ 'ਤੇ ਬਘਿਆੜ ਉਨ੍ਹਾਂ ਨੂੰ ਛੱਡ ਕੇ ਦੌੜ ਗਿਆ, ਜਿਸ ਨਾਲ ਉਸ ਦੀ ਜਾਨ ਬਚ ਗਈ। ਜਖਮੀ ਔਰਤ ਨੂੰ ਪਰਿਵਾਰ ਵਾਲਿਆਂ ਨੇ ਮੈਡੀਕਲ ਕਾਲਜ ਬਹਿਰਾਈਚ 'ਚ ਦਾਖਲ ਕਰਵਾਇਆ ਹੈ। ਬਘਿਆੜ ਦੇ ਹਮਲੇ 'ਚ ਮ੍ਰਿਤਕ ਮਾਸੂਮ ਬੱਚੀ ਦੇ ਘਰ ਪਹੁੰਚੀ ਜ਼ਿਲ੍ਹਾ ਅਧਿਕਾਰੀ ਮੋਨਿਕਾ ਰਾਣੀ ਅਤੇ ਪੁਲਸ ਵਰਿੰਦਾ ਸ਼ੁਕਲਾ ਨੇ ਪੀੜਤ ਪਰਿਵਾਰ ਨਾਲ ਮਿਲ ਕੇ ਉਨ੍ਹਾਂ ਨੂੰ ਦਿਲਾਸਾ ਦਿੰਦੇ ਹੋਏ ਘਟਨਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਦੱਸਣਯੋਗ ਹੈ ਕਿ ਬਹਿਰਾਈਚ ਦੇ ਮਹਸੀ ਤਹਿਸੀਲ ਖੇਤਰ 'ਚ ਮਾਰਚ ਮਹੀਨੇ ਤੋਂ ਇਨਸਾਨਾਂ 'ਤੇ ਬਘਿਆੜ ਦੇ ਹਮਲੇ ਹੋ ਰਹੇ ਹਨ। ਮੀਂਹ ਦੇ ਮੌਸਮ 'ਚ 17 ਜੁਲਾਈ ਤੋਂ ਹਮਲੇ ਵਧੇ ਅਤੇ ਹਮਲਿਆਂ 'ਚ 7 ਬੱਚਿਆਂ ਸਣੇ 8 ਲੋਕਾਂ ਦੀ ਮੌਤ ਹੋ ਗਈ ਅਤੇ 30 ਤੋਂ ਵੱਧ ਲੋਕ ਹਮਲਿਆਂ 'ਚ ਜਖਮੀ ਹੋਏ ਹਨ। ਖੇਤਰ 'ਚ ਵੱਖ-ਵੱਖ ਵਿਭਾਗਾਂ, ਐੱਨ.ਜੀ.ਓ. ਅਤੇ ਪਿੰਡ ਵਾਸੀਆਂ ਦੀਆਂ 100 ਦੇ ਕਰੀਬ ਟੋਲੀਆਂ ਰਾਤ ਭਰ ਜਾਗ ਕੇ ਗਸ਼ਤ ਕਰਦੀਆਂ ਹਨ। ਪੀ.ਏ.ਸੀ. ਦੇ 200 ਜਵਾਨ, ਪੁਲਸ ਅਤੇ ਜੰਗਲਾਤ ਵਿਭਾਗ ਦੇ ਕਈ ਜਵਾਨ ਬਘਿਆੜ ਫੜਨ ਅਤੇ ਪਿੰਡ ਵਾਸੀਆਂ ਦੀ ਸੁਰੱਖਿਆ 'ਚ ਲੱਗੇ ਹਨ।

## ਨੌਜਵਾਨ 'ਤੇ ਸ਼ਰੇਆਮ ਤੇਜਧਾਰ ਹਥਿਆਰ ਨਾਲ ਹਮਲਾ

ਜਲੰਧਰ 5 ਸਤੰਬਰ। ਮਕਸੂਦਾਂ ਚੌਂਕ ਨੇੜੇ ਨੈੱਟਪਲੱਸ ਕੰਪਨੀ ਵਿਚ ਕੰਮ ਕਰਨ ਵਾਲੇ ਨੌਜਵਾਨ ਨੂੰ ਘੇਰ ਕੇ ਕੁਝ ਲੁਟੇਰਿਆਂ ਨੇ ਉਸ ਦਾ ਹੱਥ ਵੱਢ ਕੇ ਮੋਬਾਇਲ ਅਤੇ ਕੈਸ਼ ਲੁੱਟ ਲਿਆ। ਰਾਹਗੀਰਾਂ ਨੇ ਸੜਕ 'ਤੇ ਬੇਹੋਸ਼ ਮਿਲੇ ਨੌਜਵਾਨ ਵੇਖ ਕੇ ਪੁਲਸ ਕੰਟਰੋਲ ਰੂਮ ਵਿਚ ਸੂਚਨਾ ਦਿੱਤੀ, ਜਿਸ ਤੋਂ ਬਾਅਦ ਈ. ਆਰ. ਐੱਸ. ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਫਿਰ ਥਾਣਾ ਨੰਬਰ 1 ਦੀ ਪੁਲਸ ਨੂੰ ਸੂਚਨਾ ਦਿੱਤੀ ਗਈ। ਪੁਲਸ ਨੇ ਜਖਮੀ ਨੌਜਵਾਨ ਨੂੰ ਜੌਹਲ ਹਸਪਤਾਲ ਵਿਚ ਦਾਖਲ ਕਰਵਾਇਆ। ਇਕ ਤਰ੍ਹਾਂ ਨਾਲ ਨੌਜਵਾਨ ਦਾ ਹੱਥ ਬਾਂਹ ਤੋਂ ਵੱਖ ਹੋ ਚੁੱਕਾ ਸੀ, ਜਿਸ ਕਾਰਨ ਡਾਕਟਰਾਂ ਨੂੰ ਉਸ ਦੀ ਮੇਜਰ ਸਰਜਰੀ ਕਰਨੀ ਪਈ। ਪੀੜਤ ਨੌਜਵਾਨ ਦੀ ਪਛਾਣ ਸੰਨੀ ਪੁੱਤਰ ਨਰੇਸ਼ ਕੁਮਾਰ ਨਿਵਾਸੀ ਸ਼ਹੀਦ ਬਾਬੂ ਲਾਭ ਸਿੰਘ ਨਗਰ ਵਜੋਂ ਹੋਈ ਹੈ। ਸੰਨੀ ਦੇ ਨਾਲ ਕੰਮ ਕਰਨ ਵਾਲੇ ਸਤਬੀਰ ਨੇ ਦੱਸਿਆ ਕਿ ਉਹ (ਸੰਨੀ) ਦੇਰ ਰਾਤ ਚੈਕਿੰਗ ਲਈ ਫੀਲਡ ਵਿਚ ਸੀ। ਜਿਉਂ ਹੀ ਉਹ ਮਕਸੂਦਾਂ ਚੌਂਕ ਵਿਚ ਪਹੁੰਚਿਆ ਤਾਂ 3-4 ਨੌਜਵਾਨਾਂ ਨੇ ਉਸ ਨਾਲ ਖਿੱਚ-ਧੂਹ ਸ਼ੁਰੂ ਕਰ ਦਿੱਤੀ। ਸੰਨੀ ਨੇ ਮੋਬਾਇਲ ਦੇਣ ਤੋਂ ਨਾਂਹ ਕੀਤੀ ਤਾਂ ਮੁਲਜਮਾਂ ਨੇ ਤੇਜਧਾਰ ਹਥਿਆਰ ਮਾਰ ਕੇ ਉਸ ਦਾ ਹੱਥ ਵੱਢ ਦਿੱਤਾ ਅਤੇ ਮੋਬਾਇਲ ਸਮੇਤ ਜੇਬ ਵਿਚੋਂ ਕੈਸ਼ ਕੱਢ ਕੇ ਫਰਾਰ ਹੋ ਗਏ। ਜਦੋਂ ਰਾਹਗੀਰਾਂ ਨੇ ਉਸ ਨੂੰ ਵੇਖਿਆ ਤਾਂ ਸੰਨੀ ਦਾ ਬਾਈਕ ਉਸ ਦੇ ਉੱਪਰ ਡਿੱਗਿਆ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਜਦੋਂ ਲੋਕਾਂ ਨੇ ਉਸ ਨੂੰ ਬੇਹੋਸ਼ ਵੇਖਿਆ ਤਾਂ ਉਸ ਕੋਲੋਂ ਮੋਬਾਇਲ ਅਤੇ ਕੈਸ਼ ਨਹੀਂ ਮਿਲਿਆ ਸੀ। ਉਪਰੰਤ ਕਿਸੇ ਤਰ੍ਹਾਂ ਸੰਨੀ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਨਾ ਦਿੱਤੀ ਗਈ, ਜਿਸ ਤੋਂ ਬਾਅਦ ਉਹ ਵੀ ਮੌਕੇ 'ਤੇ ਪਹੁੰਚ ਗਏ। ਸੰਨੀ ਦੀ ਪਤਨੀ ਦੀ ਮੰਨੀਏ ਤਾਂ ਸੰਨੀ ਦਾ ਕਿਸੇ ਨਾਲ ਕੋਈ ਝਗੜਾ ਨਹੀਂ ਹੈ। ਸੰਨੀ ਦਾ ਹੱਥ ਲੁਟੇਰਿਆਂ ਨੇ ਹੀ ਵੱਢਿਆ ਹੈ। ਇਸ ਸਬੰਧੀ ਜਦੋਂ ਥਾਣਾ ਨੰਬਰ 1 ਦੇ ਇੰਚਾਰਜ ਹਰਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਜੇ ਇਸ ਮਾਮਲੇ ਨੂੰ ਲੁੱਟ ਨਾਲ ਜੋੜਨਾ ਜਲਦਬਾਜੀ ਹੋਵੇਗੀ। ਉਨ੍ਹਾਂ ਕਿਹਾ ਕਿ ਸੰਨੀ ਅਨਫਿੱਟ ਹੈ, ਜਿਸ ਕਾਰਨ ਉਸ ਦੇ ਬਿਆਨ ਨਹੀਂ ਹੋ ਸਕੇ। ਸ਼ੁੱਕਰਵਾਰ ਤਕ ਡਾਕਟਰ ਸੰਨੀ ਦੇ ਬਿਆਨ ਲੈਣ ਲਈ ਬੁਲਾ ਸਕਦੇ ਹਨ, ਜਿਸ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਉਸ ਉੱਤੇ ਕਿਸੇ ਨੇ ਰੰਜਿਸ਼ ਤਹਿਤ ਹਮਲਾ ਕੀਤਾ ਜਾਂ ਫਿਰ ਉਸ ਨਾਲ ਲੁੱਟ ਹੋਈ ਸੀ। ਉਨ੍ਹਾਂ ਕਿਹਾ ਕਿ ਸੰਨੀ ਦੇ ਬਿਆਨਾਂ 'ਤੇ ਐੱਫ. ਆਈ. ਆਰ. ਦਰਜ ਕਰਕੇ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਜਬਰ-ਜਿਨਾਹ ਮਾਮਲੇ 'ਚ ਮੁਲਜ਼ਮ ਟਿਊਸ਼ਨ ਅਧਿਆਪਕ ਬਰੀ

ਚੰਡੀਗੜ੍ਹ 5 ਸਤੰਬਰ। ਜ਼ਿਲ੍ਹਾ ਅਦਾਲਤ ਨੇ ਜਬਰ-ਜ਼ਿਨਾਹ ਦੇ ਦੋਸ਼ 'ਚ ਗ੍ਰਿਫ਼ਤਾਰ ਟਿਊਸ਼ਨ ਅਧਿਆਪਕ ਰਾਜੇਸ਼ ਵਾਸੀ ਧਨਾਸ ਨੂੰ ਮਾਮਲੇ 'ਚੋਂ ਬਰੀ ਕਰ ਦਿੱਤਾ ਹੈ। ਸੁਣਵਾਈ ਦੌਰਾਨ ਪੀੜਤਾ ਬਿਆਨਾਂ ਤੋਂ ਮੁੱਕਰ ਗਈ। ਪੀੜਤਾ ਨੇ ਕਿਹਾ ਕਿ ਸ਼ਿਕਾਇਤ ਇਸ ਲਈ ਦਿੱਤੀ ਸੀ, ਕਿਉਂਕਿ ਉਹ ਮੁਲਜ਼ਮ ਨਾਲ ਝਗੜਾ ਸੁਲਝਾਉਣਾ ਚਾਹੁੰਦੀ ਸੀ। ਮਾਮਲੇ ਵਿਚ ਸਾਹਮਣੇ ਆਏ ਤੱਥਾਂ ਅਤੇ ਦਲੀਲਾਂ ਨੂੰ ਸੁਣਨ ਤੋਂ ਬਾਅਦ ਅਦਾਲਤ ਨੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਪੀੜਤਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਮੁਲਜ਼ਮ ਕੋਲ ਟਿਊਸ਼ਨ ਪੜ੍ਹਦੀ ਸੀ। ਮੁਲਜ਼ਮ ਨੇ ਪ੍ਰਪੋਜ਼ ਕੀਤਾ, ਪਰ ਇਨਕਾਰ ਕਰਦੇ ਹੋਏ ਪਰਿਵਾਰ ਨਾਲ ਗੱਲ ਕਰਨ ਲਈ ਕਿਹਾ। ਇਸ ਤੋਂ ਬਾਅਦ 6 ਜੁਲਾਈ, 2017 ਨੂੰ ਮੰਗਣੀ ਹੋ ਗਈ, ਜਿਸ ਤੋਂ ਬਾਅਦ ਵੀ ਉਹ ਟਿਊਸ਼ਨ ਲਈ ਜਾਂਦੀ ਸੀ। ਇਸ ਦੌਰਾਨ ਮੁਲਜ਼ਮ ਸਰੀਰਕ ਸਬੰਧ ਬਣਾਉਣ ਲਈ ਜ਼ੋਰ ਪਾਉਣ ਲੱਗਾ। ਉਸ ਦੇ ਇਨਕਾਰ ਕਰਨ ਦੇ ਬਾਵਜੂਦ ਮੁਲਜ਼ਮ ਨੇ 11 ਫਰਵਰੀ 2018 ਨੂੰ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਉਸਨੇ ਇਹ ਗੱਲ ਆਪਣੀ ਮਾਂ ਨੂੰ ਦੱਸੀ ਤਾਂ ਮੁਲਜ਼ਮ ਨੇ ਉਸਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਪੀੜਤਾ ਦੇ ਪਰਿਵਾਰ ਦੀ ਸ਼ਿਕਾਇਤ ਅਤੇ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

## ਜਿਲ੍ਹਾ ਅਦਾਲਤ ਦੀ ਚੌਥੀ ਮੰਜਿਲ ਤੋਂ ਡਿੱਗ ਕੇ ਵਕੀਲ ਦੀ ਮੌਤ

ਫਰੀਦਾਬਾਦ 5 ਸਤੰਬਰ। ਹਰਿਆਣਾ ਦੇ ਫਰੀਦਾਬਾਦ ਦੀ ਜ਼ਿਲ੍ਹਾ ਅਦਾਲਤ ਦੀ ਚੌਥੀ ਮੰਜ਼ਿਲ ਤੋਂ ਡਿੱਗ ਕੇ ਮੰਗਲਵਾਰ ਨੂੰ ਇਕ ਵਕੀਲ ਦੀ ਮੌਤ ਹੋ ਗਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਘਟਨਾ ਮੰਗਲਵਾਰ ਸਵੇਰੇ ਕਰੀਬ 9.30 ਵੇ ਸੈਕਟਰ-12 ਸਥਿਤ ਜ਼ਿਲ੍ਹਾ ਅਦਾਲਤ ਕੰਪਲੈਕਸ ਦੀ ਹੈ ਅਤੇ ਮ੍ਰਿਤਕ ਦੀ ਪਛਾਣ ਅਜਰੌਂਦਾ ਪਿੰਡ ਦੇ ਵਾਸੀ ਮਹੇਸ਼ (50) ਵਜੋਂ ਹੋਈ ਹੈ। ਪੁਲਸ ਦੇ ਇਕ ਬੁਲਾਰੇ ਨੇ ਦੱਸਿਆ ਕਿ ਸਥਾਨਕ ਪੁਲਸ ਨੂੰ ਸਵੇਰੇ ਘਟਨਾ ਦੇ ਸੰਬੰਧ 'ਚ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਲਾਸ਼ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਹਸਪਤਾਲ ਭਿਜਵਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪੇਸ਼ੇ ਤੋਂ ਵਕੀਲ ਮਹੇਸ਼ ਅੱਜ ਸਾਦੇ ਕੱਪੜਿਆਂ 'ਚ ਅਦਾਲਤ ਪਹੁੰਚੇ ਸਨ। ਘਟਨਾ ਦੀ ਜਾਂਚ ਲਈ ਸੀ.ਸੀ.ਟੀ.ਵੀ. ਫੁਟੇਜ ਦੇਖੇ ਜਾ ਰਹੇ ਸਨ ਅਤੇ ਚਸ਼ਮਦੀਦਾਂ ਦੇ ਬਿਆਨ ਲਏ ਜਾ ਰਹੇ ਹਨ। ਬੁਲਾਰੇ ਨੇ ਕਿਹਾ,"ਇਸ ਦਾ ਖੁਲਾਸਾ ਨਹੀਂ ਹੋਇਆ ਹੈ ਕਿ ਮਹੇਸ਼ ਨੇ ਖੁਦ ਛਾਲ ਮਾਰੀ ਜਾਂ ਕਿਸੇ ਨੇ ਧੱਕਾ ਦਿੱਤਾ ਹੈ।" ਪੁਲਸ ਨੇ ਦੱਸਿਆ ਕਿ ਅਜੇ ਪਰਿਵਾਰ ਵਾਲਿਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ।

# ਕਿਸਾਨਾਂ ਲਈ ਸਰਕਾਰ ਦੇ ਵੱਡੇ ਐਲਾਨ, ਖਰਚ ਹੋਣਗੇ 13,966 ਕਰੋੜ ਰੁਪਏ

ਏਜੰਸੀਆਂ

ਨਵੀਂ ਦਿੱਲੀ 5 ਸਤੰਬਰ। ਕੇਂਦਰੀ ਕੈਬਨਿਟ ਨੇ ਕਿਸਾਨਾਂ ਦੀ ਆਮਦਨ 'ਚ ਵਾਧੇ ਦੇ ਨਾਲ-ਨਾਲ ਪਸੂ ਪਾਲਣ, ਬਾਗਬਾਨੀ ਅਤੇ ਖੇਤੀਬਾੜੀ ਖੇਤਰ 'ਚ ਤਕਨਾਲੋਜੀ ਦੀ ਵਰਤੋਂ ਨੂੰ ਵਧਾਉਣ ਲਈ 13, 966 ਕਰੋੜ ਰੁਪਏ ਦੇ ਵੱਖ-ਵੱਖ ਪ੍ਰੋਗਰਾਮਾਂ ਅਤੇ ਯੋਜਨਾਵਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਸੋਮਵਾਰ ਨੂੰ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ 'ਚ ਖੇਤੀਬਾੜੀ ਡਿਜੀਟਲ, ਖੇਤੀਬਾੜੀ ਸਿੱਖਿਆ, ਖੋਜ, ਕਿਸਾਨ ਫੰਡ ਅਤੇ ਖੇਤੀਬਾੜੀ ਵਿਕਾਸ ਕੇਂਦਰ ਨੂੰ ਮਜਬੂਤ ਕਰਨ ਨਾਲ ਸਬੰਧਤ ਸੱਤ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੇ ਪ੍ਰਸਤਾਵਾਂ ਨੂੰ ਮਨਜੂਰੀ ਦੇ ਦਿੱਤੀ ਹੈ। ਬੈਠਕ ਮਗਰੋਂ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਣਵ ਨੇ ਇੱਥੇ ਇਕ ਪੱਤਰਕਾਰ ਸੰਮੇਲਨ 'ਚ ਦੱਸਿਆ ਕਿ ਸਰਕਾਰ ਨੇ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਬਣਾਉਣ 'ਚ ਖੇਤੀ ਦੇ ਯੋਗਦਾਨ ਨੂੰ ਵਧਾਉਣ ਲਈ ਕਈ ਮਹੱਤਵਪੂਰਨ ਯੋਜਨਾਵਾਂ ਅਤੇ ਪ੍ਰੋਗਰਾਮ ਸ਼ੁਰੂ ਕੀਤੇ ਹਨ। ਇਸੇ ਲੜੀ ਤਹਿਤ ਖੇਤੀ ਦੇ ਵਿਕਾਸ ਅਤੇ ਕਿਸਾਨ ਕਲਿਆਣ ਲਈ 13,966 ਕਰੋੜ ਰੁਪਏ ਦੇ ਪ੍ਰਸਤਾਵਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਵੈਸ਼ਣਵ ਨੇ ਦੱਸਿਆ ਕਿ 2817 ਕਰੋੜ ਰੁਪਏ ਨਾਲ ਡਿਜੀਟਲ ਖੇਤੀ ਮਿਸ਼ਨ ਸ਼ੁਰੂ ਕੀਤਾ ਜਾਵੇਗਾ, ਜਿਸ



ਨਾਲ ਕਿਸਾਨਾਂ ਨੂੰ ਆਪਣੇ ਖੇਤੀ ਲਾਗਤਾਂ ਲਈ ਕਰਜੇ ਆਸਾਨੀ ਨਾਲ ਉਪਲਬਧ ਹੋਣਗੇ ਅਤੇ ਕਾਗਜੀ ਕਾਰਵਾਈ ਘੱਟ ਜਾਵੇਗੀ। ਇਸ ਪ੍ਰੋਗਰਾਮ ਵਿਚ ਕਿਸਾਨਾਂ ਅਤੇ ਖੇਤੀ ਬਾਰੇ ਜਾਣਕਾਰੀ ਨੂੰ ਡਿਜੀਟਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖੁਰਾਕ ਅਤੇ ਪੋਸ਼ਣ ਸੁਰੱਖਿਆ ਲਈ 3979 ਕਰੋੜ ਦੀ ਯੋਜਨਾ ਬਣਾਈ ਗਈ ਹੈ। ਇਸ ਅਧੀਨ ਖੇਤੀ ਖੋਜ 'ਤੇ ਜੋਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਖੇਤੀਬਾੜੀ ਸਿੱਖਿਆ, ਪ੍ਰਬੰਧਨ ਅਤੇ ਸਮਾਜਿਕ ਵਿਗਿਆਨ ਲਈ 2291 ਕਰੋੜ ਰੁਪਏ ਦਾ ਪ੍ਰੋਗਰਾਮ ਸੁਰੂ ਕੀਤਾ ਜਾਵੇਗਾ। ਇਸ 'ਚ ਜਲਵਾਯੂ ਪਰਿਵਰਤਨ ਤੋਂ ਪੈਦਾ ਹੋਣ ਵਾਲੀਆਂ ਖੇਤੀ ਚੁਣੌਤੀਆਂ ਨਾਲ ਨਜਿੱਠਣ 'ਤੇ ਜੋਰ ਦਿੱਤਾ ਜਾਵੇਗਾ। ਪਸੂਆਂ ਦੀ ਸਿਹਤ ਅਤੇ ਉਤਪਾਦਨ ਵਧਾਉਣ ਲਈ 1702 ਕਰੋੜ ਰੁਪਏ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ। ਇਸ ਵਿਚ ਪਸੂਆਂ ਦੀ ਸਿਹਤ, ਡੇਅਰੀ ਉਤਪਾਦਨ ਅਤੇ ਸਾਧਨਾਂ ਆਦਿ ਵੱਲ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜਲਵਾਯੂ ਪਰਿਵਰਤਨ ਦੇ ਅਨੁਕੂਲ ਬਾਗਬਾਨੀ ਦੇ ਵਿਕਾਸ ਲਈ 860 ਕਰੋੜ ਰੁਪਏ ਦੀ ਯੋਜਨਾ ਤਿਆਰ ਕੀਤੀ ਗਈ ਹੈ। ਇਸ ਵਿਚ ਫਲਾਂ, ਫੁੱਲਾਂ ਅਤੇ ਸਬਜੀਆਂ ਆਦਿ 'ਤੇ ਜੋਰ ਦਿੱਤਾ ਜਾਵੇਗਾ। ਵੈਸਨਵ ਨੇ ਕਿਹਾ ਕਿ ਕ੍ਰਿਸੀ ਵਿਗਿਆਨ ਕੇਂਦਰਾਂ ਨੂੰ ਮਜਬੂਤ ਕਰਨ ਲਈ 1202 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਕੁਦਰਤੀ ਸਰੋਤ ਪ੍ਰਬੰਧਨ ਲਈ 1115 ਕਰੋੜ ਰੁਪਏ ਦਾ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ।

# 1 ਨਵੰਬਰ ਤੱਕ ਚੋਣਾਂ ਦਾ ਐਲਾਨ ਨਾ ਹੋਇਆ ਤਾਂ 21 ਤੋਂ ਡੀਸੀ ਦਫਤਰ ਦਾ ਕਰਾਂਗੇ ਘਿਰਾਓ

ਏਜੰਸੀਆਂ

ਕਰਨਾਲ 5 ਸਤੰਬਰ। ਸ੍ਰੋਮਣੀ ਪੰਥਕ ਅਕਾਲੀ ਦਲ ਹਰਿਆਣਾ ਵੱਲੋਂ ਕਰਨਾਲ ਦੇ ਜੀ. ਟੀ. ਰੋਡ ਸਥਿਤ ਮਾਤਾ ਸਾਹਿਬ ਦੇਵ ਜੀ ਸਹੀਦ ਜੰਗ ਸਿੰਘ ਗੁਰਦੁਆਰੇ ਦੇ ਆਡੀਟੋਰੀਅਮ ਵਿਚ ਕੀਤੀ ਗਈ ਵਿਸਾਲ ਸਿੱਖ ਕਾਨਫਰੰਸ ਵਿਚ ਦੇਸ ਭਰ ਦੇ ਸਿੱਖ ਨੌਜਵਾਨਾਂ ਨੇ ਗੁਰੂਧਾਮਾਂ ਦੇ ਦਰਸਨ ਕੀਤੇ। ਹਰਿਆਣਾ ਨੂੰ ਸਰਕਾਰ ਦੇ ਕਬਜੇ ਤੋਂ ਮੁਕਤ ਕਰਵਾਉਣ ਦਾ ਸੱਦਾ ਦਿੱਤਾ ਗਿਆ। ਇਸ ਕਾਨਫਰੰਸ ਵਿਚ ਮੁੱਖ ਮਹਿਮਾਨ ਸਾਬਕਾ ਰਾਜਪਾਲ ਸਤਪਾਲ ਮਲਿਕ ਸਨ। ਸਰਕਾਰ ਨੂੰ ਐੱਚਐੱਸਜੀਪੀਸੀ ਚੋਣਾਂ ਦਾ ਐਲਾਨ ਕਰਨ ਲਈ 1 ਨਵੰਬਰ ਤੱਕ ਦਾ ਸਮਾਂ ਦਿੱਤਾ ਗਿਆ। ਹਜਾਰਾਂ ਲੋਕਾਂ ਦੀ ਸੰਗਤ ਵਿਚ ਕਈ ਸਿਆਸੀ ਅਤੇ ਸਮਾਜਿਕ ਮਤੇ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਰਾਹੀਂ ਕਿਹਾ ਗਿਆ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖਲਅੰਦਾਜੀ ਬਰਦਾਸਤ ਨਹੀਂ ਕੀਤੀ ਜਾਵੇਗੀ। ਪ੍ਰਸਤਾਵ ਵਿਚ ਕਿਹਾ ਗਿਆ ਕਿ ਸੰਗਤ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਉਣਾ ਚਾਹੁੰਦੀ ਹੈ। ਇਸ ਮੌਕੇ ਇਕ ਮਤੇ ਰਾਹੀਂ ਰਾਜਪਾਲ ਤੋਂ ਮੰਗ ਕੀਤੀ ਗਈ ਕਿ ਸਰਕਾਰੀ ਐੱਚ.ਐੱਸ.ਜੀ.ਪੀ.ਸੀ ਕਮੇਟੀ ਨੂੰ ਤੁਰੰਤ ਭੰਗ ਕਰਕੇ ਨਵੇਂ ਸਿਰੇ ਤੋਂ ਚੋਣਾਂ ਕਰਵਾਈਆਂ ਜਾਣ। ਇਸ ਮੌਕੇ ਕੰਗਨਾ ਰਣੌਤ ਦੀਆਂ ਫਿਲਮਾਂ ਦਾ ਬਾਈਕਾਟ ਕਰਨ ਦੀ ਵੀ ਅਪੀਲ ਕੀਤੀ ਗਈ। ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' 'ਤੇ ਪਾਬੰਦੀ ਲਗਾਉਣ ਲਈ ਸਰਕਾਰ ਤੋਂ ਮੰਗ ਕੀਤੀ ਗਈ ਸੀ। ਇਕ ਗੈਰ ਰਸਮੀ ਮਤੇ ਰਾਹੀਂ ਸਰਕਾਰ ਨੂੰ ਕਿਹਾ ਗਿਆ ਕਿ ਜੇਕਰ ਸਰਕਾਰ ਨੇ 1 ਨਵੰਬਰ ਤੱਕ ਐੱਚਐੱਸਜੀਪੀਸੀ ਦੀਆਂ ਚੋਣਾਂ ਦਾ ਐਲਾਨ ਨਾ ਕੀਤਾ ਤਾਂ 21 ਨਵੰਬਰ ਨੂੰ ਸੂਬੇ ਭਰ ਦੀਆਂ ਸਿੱਖ ਸੰਗਤਾਂ ਕੁਰੂਕਸੇਤਰ ਦੇ ਡੀਸੀ ਦਫਤਰ ਦਾ ਘਿਰਾਓ ਕਰੇਗੀ। ਇਸ ਤੋਂ ਬਾਅਦ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ ਜਾਵੇਗੀ। ਇਕ ਹੋਰ ਅਹਿਮ ਪ੍ਰਸਤਾਵ ਰਾਹੀਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿਚ ਸਖਤ ਸਜਾਵਾਂ ਦੇਣ ਵਾਲਾ ਕਾਨੂੰਨ ਸੰਸਦ ਵੱਲੋਂ ਲਾਗੂ ਕੀਤਾ ਜਾਵੇ। ਪ੍ਰੋਗਰਾਮ 'ਚ ਮੁੱਖ ਮਹਿਮਾਨ ਸਾਬਕਾ ਗਵਰਨਰ ਸਤਪਾਲ ਮਲਿਕ ਨੇ ਕਿਹਾ ਕਿ ਉਨ੍ਹਾਂ ਨੂੰ ਸਿੱਖ ਸੰਗਤ ਤੋਂ ਇਨਸਾਫ ਲਈ ਲੜਨ ਦੀ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜੀ ਕਰ ਰਹੀ ਹੈ।




ਉਸ ਸਰਕਾਰ ਨੂੰ ਉਖਾੜ ਕੇ ਸੁੱਟ ਦਿਓ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਿੱਖ ਕੌਮ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ। ਸਰਕਾਰ ਸਿੱਖ ਗੁਰਦੁਆਰਿਆਂ 'ਤੇ ਕਬਜਾ ਕਰਨ ਤੋਂ ਗੁਰੇਜ ਕਰੇ ਨਹੀਂ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ 'ਤੇ ਕਬਜਾ ਕਰਨ ਵਾਲਿਆਂ ਨੂੰ ਬਾਹਰ ਕੱਢਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫਿਲਮ ਅਦਾਕਾਰਾ ਕੰਗਨਾ ਨੂੰ ਭਾਜਪਾ ਤੋਂ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਸਿੱਖ ਕਾਨਫਰੰਸ ਵਿਚ ਹਰਿਆਣਾ ਦੇ ਵੱਖ-ਵੱਖ ਹਿੱਸਿਆਂ ਤੋਂ ਹਜਾਰਾਂ ਦੀ ਗਿਣਤੀ ਵਿਚ ਲੋਕ ਪੁੱਜੇ ਹੋਏ ਸਨ। ਇਸ ਮੌਕੇ ਯੂਥ ਪ੍ਰਧਾਨ ਭੁਪਿੰਦਰ ਲਾਡੀ ਨੇ ਨੌਜਵਾਨਾਂ ਨੂੰ ਸੰਪਰਦਾ ਦੀ ਰੱਖਿਆ ਲਈ ਅੱਗੇ ਆਉਣ ਦੀ ਅਪੀਲ ਕੀਤੀ। ਇਸ ਮੌਕੇ ਬਾਬਾ ਜੋਗਾ ਸਿੰਘ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ। ਇਸ ਮੌਕੇ ਹਰਿਆਣਾ ਦੇ ਗੁਰਦੁਆਰਿਆਂ ਨੂੰ ਸਰਕਾਰ ਵੱਲੋਂ ਲਗਾਈ ਗਈ ਕਮੇਟੀ ਤੋਂ ਆਜਾਦ ਕਰਵਾਉਣ ਦੀ ਵੀ ਅਪੀਲ ਕੀਤੀ ਗਈ। ਇਸ ਮੌਕੇ ਸ੍ਰੋਮਣੀ ਪੰਥਕ ਅਕਾਲੀ ਦਲ ਹਰਿਆਣਾ ਦੇ ਪ੍ਰਧਾਨ ਜਗਦੀਸ ਸਿੰਘ ਝੀਂਡਾ ਨੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਸਿੱਖ ਧਰਮ ਦੀ ਰਾਖੀ ਲਈ ਗੁਰਦੁਆਰਿਆਂ ਨੂੰ ਸਰਕਾਰੀ ਕਬਜੇ ਤੋਂ ਮੁਕਤ ਕਰਵਾਉਣ ਲਈ ਅੱਗੇ ਆਓ। ਉਨ੍ਹਾਂ ਕਿਹਾ ਕਿ ਉਹ ਪੰਥ ਦੀ ਰਾਖੀ ਲਈ ਅਤੇ ਗੁਰਦੁਆਰਿਆਂ ਨੂੰ ਸਰਕਾਰੀ ਕਬਜੇ ਤੋਂ ਮੁਕਤ ਕਰਵਾਉਣ ਲਈ ਹਰ ਕੁਰਬਾਨੀ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਵੱਡੇ ਜਥੇਦਾਰਾਂ ਨੇ ਆਪਣੇ ਡੇਰੇ ਬਚਾਉਣ ਲਈ ਸਰਕਾਰ ਅਤੇ ਭਾਜਪਾ ਅੱਗੇ ਆਤਮਸਮਰਪਣ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਹ ਸਰਕਾਰ ਵੱਲੋਂ ਬਣਾਈ ਗਈ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਨੂੰ ਸੁਪਰੀਮ ਕੋਰਟ ਅਤੇ ਹਾਈ ਕੋਰਟ ਵਿਚ ਚੁਣੌਤੀ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ 1 ਨਵੰਬਰ ਤੱਕ ਐੱਚਐੱਸਜੀਪੀਸੀ ਚੋਣਾਂ ਕਰਵਾਉਣ ਦੀ ਤਰੀਕ ਦਾ ਐਲਾਨ ਨਾ ਕੀਤਾ ਗਿਆ ਤਾਂ ਸਿੱਖ ਸੰਗਤ ਤਿੱਖਾ ਸੰਘਰਸ ਵਿੱਢੇਗੀ। ਇਸ ਮੌਕੇ ਸ੍ਰੋਮਣੀ ਪੰਥਕ ਅਕਾਲੀ ਦਲ ਹਰਿਆਣਾ ਦੇ ਯੂਥ ਪ੍ਰਧਾਨ ਭੁਪਿੰਦਰ ਸਿੰਘ ਲਾਡੀ, ਯੂਥ ਆਗੂ ਗੁਰਦੀਪ ਸਿੰਘ, ਅਪਾਰ ਸਿੰਘ, ਜੋਸਗਦਰ ਸਿੰਘ ਝੀਂਡਾ, ਜਰਨੈਲ ਸਿੰਘ, ਦਵਿੰਦਰ ਸਿੰਘ, ਹਰਪ੍ਰੀਤ ਸਿੰਘ ਜੰਗੀ, ਦਲਜੀਤ ਸਿੰਘ, ਸੁਖਵਿੰਦਰ ਸਿੰਘ, ਸਤਵਿੰਦਰ ਸਿੰਘ, ਬਲਵਿੰਦਰ ਸਿੰਘ ਤੇ ਨਰਿੰਦਰ ਸਿੰਘ ਕਤਿਆਲ ਆਦਿ ਹਾਜਰ ਸਨ।